ਤਾਂ ਸੰਤ ਸਮਾਜ ਨੂੰ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਘਿਨਾਉਣੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ ਦੀ ਪ੍ਰਧਾਨ ਭੈਣ ਸੰਤੋਸ਼ ਕੁਮਾਰੀ ਨੇ ਯੂ. ਪੀ. ਦੇ ਮੁੱਖ ਮੰਤਰੀ ਆਦਿਤਿਆ ਨਾਥ ਯੋਗੀ ਨੂੰ ਅਪੀਲ ਕੀਤੀ ਹੈ ਕਿ ਇਸ ਤੰਬਾਕੂ ਬਣਾਉਣ ਵਾਲੀ ਕੰਪਨੀ ਖਿਲਾਫ ਪਰਚਾ ਦਰਜ ਕਰਕੇ ਕੰਪਨੀ ਨੂੰ ਤੁਰੰਤ ਸੀਲ ਕੀਤਾ ਜਾਵੇ। ਉਹਨਾਂ ਕਿਹਾ ਕਿ ਇਸ ਤਰ੍ਹਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਪਮਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਸਤਿਗੁਰਾਂ ਦੀ ਤਸਵੀਰ ਵਾਲੀ ਤੰਬਾਕੂ ਦੀ ਵਿੱਕਰੀ 'ਤੇ ਰੋਕ ਲਗਾਈ ਜਾਵੇ ਅਤੇ ਇਸ ਕੰਪਨੀ ਨੂੰ ਮਹਾਂਪੁਰਬਾਂ ਦੀ ਤਸਵੀਰ ਲਗਾਉਣ ਦੀ ਮਨਜ਼ੂਰੀ ਦੇਣ ਵਾਲੇ ਮਹਿਕਮੇ ਖਿਲਾਫ ਵੀ ਕਾਰਵਾਈ ਕੀਤੀ ਜਾਵੇ। ਜੇਕਰ ਯੂ. ਪੀ. ਸਰਕਾਰ ਨੇ ਇਸ ਤਰ੍ਹਾਂ ਨਾ ਕੀਤਾ ਤਾਂ ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਆਪਣੀ ਹੋਵੇਗੀ।

-ਗੁਰਦੀਪ ਸਿੰਘ ਹੋਠੀ

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544

Prop: Jasbir Singh Takhar
510-755-2132
Harmandeep Singh

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables

ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।


Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

ਦੇਸ਼ ਦੁਆਬਾ

REMEMBERING KOMAGATA MARU

Prem Kumar Chumber
Editor-in-Chief (Ambedkar Times & Desh Doaba)

Komagata Maru reminds us of the great sacrifices made by Punjabis for the honour of our motherland and to seek freedom in order to live with self-respect and dignity. Komagata Maru incident also reminds us of the draconian exclusionary laws brought into practice to keep out immigrants from the colonies of the British Raj. The first of such laws was passed on January 8, 1908, which debarred all those persons from entering into Canada who did not "come from the country of their birth or citizenship by a continuous journey and or through tickets purchased before leaving their country of their birth or nationality." In fact, this or any such type of law was enacted to preclude immigration from India. Given the long distance between India and Canada, unbroken or continuous voyage from India was next to impossible then. Generally, such a long distance voyage required some halt in Japan or Hawaii that activated the exclusionary clauses of theabove-mentioned laws.

A total number of 376 passengers from Punjab boarded the Komagata Maru, a Japanese steamship hired by Baba Gurdit Singh Sandhu, who publicly espoused the Ghadarite cause during his sojourn in Hong Kong. Baba Gurdit Singh Sandhu was well aware of the exclusionary immigration laws of the Canadian government. But given his revolutionary spirit, he was determined to challenge such inhuman legislation leading to a prolonged battle with the Canadian white regime. In the due course of whole of the episode, tremendous political awareness was generated. Public meeting were organized by the Canadian conservative political leadership to build up pressure to keep the passengers out. On the other end a "shore committee" was organized under the leadership of Hassan Rahim and Sohan Lal Pathak. Indo Canadians also held protest meetings in Canada and the United States to build up pressure against the exclusionary immigration laws. After a prolonged confrontation which also witnessed some violent outburst from the stranded passengers who were demanding that justice be given to them, only 20 passengers were allowed to enter Canada and the rest of them were deported back on the same ship. The Komagata Maru, which sailed from Hong Kong, Shanghai, China to Yokohama and finally to its destination in Vancouver arrived in Calcutta on September 27, 1914. The political events that surrounded the episode met their thunderous flare up at the Budge Budge leading to the killing of 19 innocent passengers who were already harassed to the core. During the melee some of the passenger escaped and the remainder were arrested and imprisoned or put under house arrest in their respective villages until the end of the World War I.

The Komagata Maru incident provided impetus to the Ghadar movement and sharpened the ongoing freedom struggle in the country. This incident is metamorphosed into a vibrant memory of great sacrifices and candid concern for freedom, dignity and justice. The incident did not stop haunting the conscience of the perpetrators of such inhuman atrocities on the enthusiastic passengers who wanted to take a whiff of fresh air on the promised soil of Canada. On May 23, 2008, the Legislative Assembly of British Columbia did penance in unanimously passing a resolution that "this Legislature apologizes for the events of May 23, 1914, when 376 passengers of the Komagata Maru, stationed off Vancouver harbor, were denied entry by Canada. The House deeply regrets that the passengers, who sought refuge in our country and our province, were turned away without benefit of the fair and impartial treatment befitting a society where people of all cultures are welcomed and accepted

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਨਮੁਖ, ਮਨੂੰਵਾਦੀ ਅਤੇ ਮੁਗ਼ਲ ਹੁਕਮਰਾਨ

ਪ੍ਰੇਮ ਕੁਮਾਰ ਚੁੰਬਰ
ਮੁੱਖ ਸੰਪਾਦਕ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ)

ਗੁਰੂ ਅਰਜਨ ਦੇਵ ਜੀ ਪਹਿਲੇ ਸਿੱਖ ਗੁਰੂ ਹਨ, ਜਿਹਨਾਂ ਨੂੰ ਸ਼ਹੀਦੀ ਦਾ ਜਾਮ ਪੀਣਾ ਨਸੀਬ ਹੋਇਆ। ਬਿਲਡਿੰਗਾਂ ਦਾ ਨਿਰਮਾਣ ਇੱਟਾਂ, ਸੀਮਿੰਟ, ਸਰੀਏ ਅਤੇ ਪਾਣੀ ਵਰਗੀਆਂ ਵਸਤਾਂ ਨਾਲ ਹੁੰਦਾ ਹੈ ਪਰ ਇਨ੍ਹਾਂ ਵਸਤਾਂ ਨੂੰ ਬਿਲਡਿੰਗ ਦਾ ਰੂਪ ਦੇਣ ਲਈ ਜ਼ਮੀਨ, ਆਰਚੀਟੈਕਟ, ਮਿਸਤਰੀਆਂ ਅਤੇ ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਹਰ ਕੰਮ ਕਰਨ ਦਾ ਇਕ ਸਮਾਂ ਅਤੇ ਤਰੀਕਾ ਹੁੰਦਾ ਹੈ। ਕਣਕ ਬੀਜਣ ਦਾ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਕਣਕ ਵੱਢਣ ਦਾ ਵੀ ਇਕ ਤਰੀਕਾ ਅਤੇ ਸਮਾਂ ਹੁੰਦਾ ਹੈ। ਜੇ ਸਮੇਂ ਸਿਰ ਕਣਕ ਨਾ ਵੱਢੀ ਜਾਵੇ ਤਾਂ ਕਣਕ ਦੇ ਛਿੱਟੇ ਕਿਰ ਜਾਂਦੇ ਹਨ। ਮਿਹਨਤ ਵਿਅਰਥ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਤੋਂ ਪਹਿਲਾਂ ਦੇ ਚਾਰ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੂਰਵਗਾਮੀ ਅਤੇ ਸਮਕਾਲੀ ਮਹਾਪੁਰਖਾਂ ਦੀ ਬਾਣੀ ਨੂੰ 1604 ਈਸਵੀ ਵਿਚ ਸੋਧ ਕੇ ਸੰਪਾਦਿਤ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਜੋ ਉਸ ਸਮੇਂ ਦੀ ਹਿੰਦੂਆਂ ਦੀ ਵਰਣ ਵਿਵਸਥਾ ਵਿਚ ਚੌਥੇ ਦਰਜੇ ਸ਼ੂਦਰ ਵਰਣ ਦੀ ਜੱਟ ਜਾਤ 'ਚੋਂ ਪੈਦਾ ਹੋਏ, ਨੂੰ ਪਹਿਲਾ ਪਾਠੀ ਨਿਯੁਕਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਉਸ ਵਿਚ ਸ਼ੂਦਰ ਸਮਾਜ ਦੇ ਮਹਾਂਪੁਰਖਾਂ ਦੀ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੀ ਦਰਬਾਰ ਸਾਹਿਬ ਵਿਚ ਨਿਯੁਕਤੀ ਨਾਲ ਮਨੂੰਵਾਦੀਆਂ ਅਤੇ ਮੁਗਲ ਸ਼ਾਸਕਾਂ ਨੂੰ ਸਿਆਸਤ ਦੀ ਭਿਣਕ ਪਈ।

ਹਰ ਸਥਾਪਤ ਸਮਾਜ ਦੇ ਪੁਰੋਹਿਤ ਵਰਗ ਅਤੇ ਹੁਕਮਰਾਨਾਂ ਵਿਚ ਗੁਪਤ ਅਤੇ ਖੁੱਲ੍ਹਮ ਖੁੱਲ੍ਹਾ ਸਮਝੌਤਾ ਹੋਇਆ, ਜਿਸ ਤਹਿਤ ਪੁਰੋਹਿਤ ਬਾਦਸ਼ਾਹ/ਰਾਜੇ ਨੂੰ ਰੱਬ ਦਾ ਦੂਤ ਐਲਾਨਦਾ ਹੈ ਅਤੇ ਬਾਦਸ਼ਾਹ ਰਾਜਾ ਪੁਰੋਹਿਤ ਨੂੰ ਰੱਬ ਐਲਾਨਦਾ ਹੈ। ਖੁਆਜੇ ਦਾ ਗਵਾਹ ਡੱਡੂ। ਦੋਵੇਂ ਮਿਲ ਕੇ ਆਮ ਜਨਤਾ ਨੂੰ ਲੁੱਟਦੇ ਅਤੇ ਕੁੱਟਦੇ ਹਨ।

ਮੁਹੰਮਦ ਬਿਨ ਕਾਸਿਮ ਹੱਥੋਂ ਸਿੰਧ ਦੇ ਰਾਜਾ ਦਾਹਿਰ ਦੀ ਹਾਰ ਨਾਲ ਦਿਨੋਂ ਦਿਨ ਭਾਰਤੀ ਸਮਾਜ ਉਪਰ ਬ੍ਰਾਹਮਣ, ਪ੍ਰੋਹਿਤ ਅਤੇ ਕਸ਼ੱਤਰੀ ਰਾਜਾਂ ਦਾ ਦਬਦਬਾ ਟੁੱਟਦਾ ਗਿਆ। ਇਸ ਨਾਲ ਸਭ ਤੋਂ ਵੱਧ ਸੁਖ ਦਾ ਸਾਹ ਸ਼ੂਦਰ ਅਛੂਤ ਵਰਗ ਨੂੰ ਹੋਇਆ। ਉਸ ਨੇ ਬ੍ਰਾਹਮਣ ਅਤੇ ਕਸ਼ੱਤਰੀ ਵਰਣਾਂ ਖ਼ਿਲਾਫ਼ ਵਿਦਰੋਹ ਕੀਤਾ ਜੋ ਸਾਨੂੰ ਗੁਰੂ ਨਾਮਦੇਵ, ਗੁਰੂ ਤਿਲੋਚਨ ਦੇ ਰੂਪ ਵਿਚ ਮਹਾਰਾਸ਼ਟਰ, ਗੁਰੂ ਰਵਿਦਾਸ, ਗੁਰੂ ਕਬੀਰ ਦੇ ਰੂਪ ਵਿਚ ਉਤਰ ਪ੍ਰਦੇਸ਼ ਦੇ ਧੁਰ ਪੂਰਬ ਵੱਲ, ਗੁਰੂ ਦਾਦੂ ਦਿਆਲ ਦੇ ਰੂਪ ਵਿਚ ਰਾਜਸਥਾਨ ਤੋਂ ਉਪਰ ਸਿੰਧ ਇਲਾਕੇ 'ਚ ਗੁਰੂ ਸਧਨਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਦਰਅਸਲ ਇਹ ਵਿਦਰੋਹ ਨਹੀਂ ਕ੍ਰਾਂਤੀ ਸੀ, ਜਿਸ ਨੂੰ ਭਾਰਤ ਦੇ ਇਤਿਹਾਸਕਾਰਾਂ ਨੇ ਕਿਤਾਬਾਂ ਵਿਚ ਕਲਮਬੰਦ ਨਹੀਂ ਕੀਤਾ। ਜਿਸ ਕ੍ਰਾਂਤੀ ਨੇ ਨਾ ਸਿਰਫ਼ ਬ੍ਰਾਹਮਣ (ਪ੍ਰੋਹਿਤ), ਕਸ਼ੱਤਰੀ (ਰਾਜਾ) ਖ਼ਿਲਾਫ਼ ਵਿਦਰੋਹ ਕੀਤਾ, ਸਗੋਂ ਇਨ੍ਹਾਂ ਦੇ ਪ੍ਰੇਰਨਾ ਸਰੋਤ ਮਹਾਂਪੁਰਖਾਂ ਤੋਂ ਵੀ ਜ਼ਬਰਦਸਤ ਹਮਲਾਵਰੀ ਰੁਖ ਅਪਣਾਇਆ ਗਿਆ।

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ
ਹਮ ਕਹੀਅਤ ਕਲਿਜੁਗ ਕੇ ਕਾਮੀ
ਗੌਤਮ ਨਰਿ ਉਪਾਦਿ ਸਵਾਮੀ
ਸੀਸ ਧਰਨ ਸਤਸ ਭਗ ਗਾਮੀ।। (ਗੁਰੂ ਰਵਿਦਾਸ ਸਫਾ 710)

ਇਨ੍ਹਾਂ ਮਹਾਂਪੁਰਖਾਂ ਨੇ ਹਿੰਦੂ ਧਰਮ ਦੇ ਮਨੂੰਵਾਦੀ ਦ੍ਰਿਸ਼ਟੀਕੋਣ ਦੀ ਆਲੋਚਨਾ ਕੀਤੀ ਅਤੇ ਉਸ ਦਾ ਬਦਲ ਵੀ ਦਿੱਤਾ। ਉਨ੍ਹਾਂ ਨੇ ਇਸਲਾਮ ਤੇ ਪੁਰੋਹਿਤ ਵਰਗ ਅਤੇ ਸ਼ਾਸਕਾਂ ਖ਼ਿਲਾਫ਼ ਵੀ ਵਿਦਰੋਹ ਕੀਤਾ, ਜਿਸ ਕਾਰਨ ਗੁਰੂ ਰਵਿਦਾਸ ਅਤੇ ਗੁਰੂ ਕਬੀਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ ਅਤੇ ਸਜ਼ਾਵਾਂ ਸਹਿਣੀਆਂ ਪਈਆਂ। ਗੁਰੂ ਰਵਿਦਾਸ ਵੱਲੋਂ ਰਾਜਪੂਤਣੀ ਸੰਤਣੀ ਮੀਰਾਂ ਬਾਈ ਔਰਤ ਨੂੰ ਨਾਮਦਾਨ ਦੇਣ ਤੇ ਤਾਂ ਮਨੂੰਵਾਦੀ ਵਿਵਸਥਾ ਅੱਗ ਬਬੂਲਾ ਹੋ ਗਈ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਨੂੰ ਚਿਤੌੜਗੜ੍ਹ ਵਿਖੇ ਕਤਲ ਕਰ ਦਿੱਤਾ। ਗੁਰੂ ਰਵਿਦਾਸ ਜੀ ਦੀ ਸਮਾਧ ਅਜੇ ਵੀ ਚਿਤੌੜਗੜ੍ਹ ਵਿਖੇ ਹੈ। ਗੁਰੂ ਰਵਿਦਾਸ ਛੱਤਰੀ ਧਰਮ ਸਥਾਨ ਵੀ ਹੈ।

ਇਹ ਭੂਮਿਕਾ ਬਣਾਉਣ ਦਾ ਭਾਵ ਹੈ ਕਿ ਜਿਨ੍ਹਾਂ ਸ਼ੂਦਰ ਮਹਾਂਪੁਰਖਾਂ ਨੇ ਹਿੰਦੂ ਅਤੇ ਮੁਸਲਿਮ ਧਰਮਾਂ ਸਮਾਜਾਂ ਦੇ ਪੁਰੋਹਿਤ ਵਰਗਾਂ ਅਤੇ ਧਾਰਮਿਕ ਅਕੀਦਿਆਂ ਤੇ ਤਾਬੜਤੋੜ ਹਮਲੇ ਕੀਤੇ, ਉਹਨਾਂ ਦੀ ਹੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਮਹਾਰਾਜ ਨੇ ਸੁਸ਼ੋਭਿਤ ਕਰਕੇ ਮਨੂੰਵਾਦੀਆਂ ਮੁਗਲ ਸ਼ਾਸਕਾਂ ਨੂੰ ਤਰਲੋ ਮੱਛੀ ਕਰ ਦਿੱਤਾ। ਗੁਰਗੱਦੀ ਦੇ ਦਾਅਵੇਦਾਰ ਘਰੋਗੀ ਮਨਮੁਖਾਂ ਨੇ ਬਲਦੀ 'ਤੇ ਤੇਲ ਪਾਇਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਖ਼ਿਲਾਫ਼ ਲਿਖਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਪ੍ਰਕਾਸ਼ ਤੋਂ ਪਹਿਲਾਂ ਤੱਕ ਸਿੱਖ ਗੁਰੂਆਂ ਅਤੇ ਮੁਗਲ ਬਾਦਸ਼ਾਹਾਂ ਦੇ ਸਬੰਧ ਨਾ ਸਿਰਫ਼ ਸੁਖਾਵੇਂ ਸਨ ਸਗੋਂ ਅੰਮ੍ਰਿਤਸਰ ਵਸਾਉਣ ਲਈ ਜਮੀਨ ਮੁਗਲ ਬਾਦਸ਼ਾਹਾਂ ਨੇ ਹੀ ਦਾਨ ਵਿਚ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਦੇ ਕਹਿਣ 'ਤੇ ਹੀ ਬਾਦਸ਼ਾਹ ਅਕਬਰ ਨੇ ਪੰਜਾਬ ਦੇ ਅਕਾਲ ਪੀੜਤ ਕਿਸਾਨਾਂ ਦਾ ਮਾਲੀਆ ਮੁਆਫ਼ ਕਰ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਦੇ ਦੋ ਸਾਲ ਦੇ ਅੰਦਰ ਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਹੋਣਾ ਸਿੱਧ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀਕਾਰਾਂ ਦੀ ਵਿਚਾਰਧਾਰਾ ਅਤੇ ਹਿੰਦੂ ਸਮਾਜ ਦੇ ਤੀਜੇ ਦਰਜੇ ਦੇ ਵਰਣ ਖੱਤਰੀ ਵਿਚ ਪੈਦਾ ਹੋਏ ਸਿੱਖ ਗੁਰੂਆਂ ਦੇ ਧਾਰਮਿਕ ਗੁਰੂ ਬਣਨਾ ਬ੍ਰਾਹਮਣ ਪੁਰੋਹਿਤ ਵਰਗ ਨੂੰ ਪਸੰਦ ਨਹੀਂ ਸੀ। ਉਨ੍ਹਾਂ ਦੇ ਸਮਾਜ ਵਿਚਲੇ ਧਾਰਮਿਕ ਏਕਾਧਿਕਾਰ ਨੂੰ ਸਿੱਧਾ ਚੈਲੰਜ ਸੀ। ਉਹਨਾਂ ਦੇ ਰੁਜ਼ਗਾਰ ਦਾ ਵੀ ਸਵਾਲ ਸੀ, ਲੰਗਰ ਪ੍ਰਥਾ ਨਾਲ ਵੀ ਉਨ੍ਹਾਂ ਨੂੰ ਸਮਾਜ ਵਿਚ ਆ ਰਹੀ ਨੇੜਤਾ ਦਾ ਖਤਰਾ ਸੀ। ਤਰਨਤਾਰਨ, ਅੰਮ੍ਰਿਤਸਰ, ਕਰਤਾਰਪੁਰ, ਗੋਇੰਦਵਾਲ, ਖਡੂਰ ਸਾਹਿਬ ਦੇ ਸਿੱਖ ਕੇਂਦਰ ਵਜੋਂ ਦਿੱਸਣ ਨਾਲ ਉਨ੍ਹਾਂ ਦੇ ਧਾਰਮਿਕ ਕੇਂਦਰ ਹੀ ਉਹਨਾਂ ਦੇ ਰਾਜਸੀ ਕੇਂਦਰ ਸਨ। ਸਮੇਂ-ਸਮੇਂ ਤੇ ਆਏ ਹੁਕਮਰਾਨਾਂ ਨਾਲ ਮਨੂੰਵਾਦੀਆਂ ਨੇ ਰਾਜਸੀ ਸਮਝੌਤੇ ਕਰਕੇ ਅਹਿਲਕਾਰ ਬਣ ਗਏ। ਕਦੇ ਉਨ੍ਹਾਂ ਨੇ ਧੀਆਂ ਦੇ ਡੋਲੇ ਦੇ ਕੇ ਸੱਤਾ ਦੇ ਕੇਂਦਰਾਂ 'ਚ ਗ੍ਰਹਿ ਪ੍ਰਵੇਸ਼ ਕਰਕੇ ਨਵੇਂ ਜੰਮੇ ਹੁਕਮਰਾਨਾਂ ਦੇ ਮਾਮੇ ਅਤੇ ਨਾਨੇ ਬਣ ਬੈਠੇ।

10 ਜੂਨ 2006 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਗੁਰੂ ਨਾਨਕ ਭਵਨ ਅੰਮ੍ਰਿਤਸਰ ਵਿਖੇ ਸੈਮੀਨਾਰ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਤਾਬਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਕੀਤਾ। ਜਿਸ ਵਿਚ ਸ਼ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਪੰਜਾਬ ਦੇ ਉਸ ਵਕਤ ਦੇ ਰਾਜਪਾਲ ਜਨਰਲ ਐਸ਼ ਐਫ਼ ਰੌਡਰਿਗਜ਼, ਸ਼ ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ, ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਮੌਜੂਦਗੀ ਵਿਚ ਆਰੀਆ ਸਮਾਜ ਦੇ ਮੁਖੀ ਸਵਾਮੀ ਅਗਨੀਵੇਸ਼ ਨੇ ਕਿਹਾ "ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਸਤੇ ਜਹਾਂਗੀਰ ਦੇ ਹਾਕਮਾਂ ਦੇ ਨਾਲ ਨਾਲ ਗੁਰੂ ਸਾਹਿਬ ਦੇ ਘਰੇਲੂ ਵਿਰੋਧੀ ਵੀ ਜ਼ਿੰਮੇਵਾਰ ਸਨ।" ਸਵਾਮੀ ਅਗਨੀਵੇਸ਼ ਨੇ ਬੜੀ ਹੁਸ਼ਿਆਰੀ ਨਾਲ ਚੰਦੂ ਮਨੂੰਵਾਦੀ ਨੂੰ ਬਚਾ ਲਿਆ।

ਡਾ. ਕਰਤਾਰ ਸਿੰਘ ਸੂਰੀ ਪੀ. ਐਚ. ਡੀ. ਆਪਣੀ ਪੁਸਤਕ 'ਗੁਰੂ ਅਰਜਨ ਦੇਵ ਕਲਾ ਤੇ ਚਿੰਤਨ' (ਸਫਾ 36-37) ਵਿਚ ਚੰਦੂ ਬਾਰੇ ਲਿਖਦੇ ਹਨ, ਹੁਣ ਚੰਦੂ ਨੂੰ ਬਦਲਾ ਲੈਣ ਦਾ ਅਵਸਰ ਮਿਲ ਗਿਆ। ਮੁਗਲ ਹਕੂਮਤ ਦਾ ਦੀਵਾਨ ਤਾਂ ਉਹ ਹੀ ਹੈ ਜੋ ਹਾਕਮ ਨੂੰ ਕਹਿ ਕੇ ਗੁਰੂ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦਾ ਨੀਚ ਕੰਮ ਉਸ ਨੇ ਆਪਣੇ ਜ਼ਿੰਮੇ ਲੈ ਲਿਆ। ਚੰਦੂ ਨੇ ਗੁਰੂ ਜੀ ਨੂੰ ਜੇਠ ਦੇ ਮਹੀਨੇ ਦੀ ਸੜਦੀ ਧੁੱਪ ਵਿਚ ਗਰਮ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਪਰ ਗੁਰੂ ਜੀ ਨੇ ਉਫ਼ ਤੱਕ ਨਾ ਕੀਤੀ ਅਤੇ ਆਪ ਬੜੀ ਸ਼ਾਂਤੀ ਨਾਲ ਇਹ ਸ਼ਬਦ ਉਚਾਰਦੇ ਰਹੇ-

ਤੇਰਾ ਭਾਣਾ ਮੀਠਾ ਲਾਗੈ।। ਹਰਿਨਾਮ ਪਦਾਰਥ ਨਾਨਕ ਮਾਂਗੈ।।

ਜਦੋਂ ਚੰਦੂ ਨੇ ਵੇਖਿਆ ਕਿ ਇਤਨਾ ਸਖ਼ਤ ਕਸ਼ਟ ਵੀ ਆਪ ਨੇ ਸਹਾਰ ਲਿਆ ਹੈ ਤਾਂ ਆਪ ਨੂੰ ਗਰਮ ਲੋਹ 'ਤੇ ਬਿਠਾਇਆ ਗਿਆ ਅਤੇ ਸਿਰ ਉੱਤੇ ਗਰਮ ਰੇਤ ਪਾਈ ਗਈ। ਪੰਜ ਦਿਨ ਗੁਰੂ ਜੀ ਉਪਰ ਚੰਦੂ ਨੇ ਇਹ ਅੱਤਿਆਚਾਰ ਕੀਤਾ ਜਿਸ ਨਾਲ ਮੌਕੇ 'ਤੇ ਮੌਜੂਦ ਪੰਜ ਸਿੱਖ ਭਾਈ ਪਿਰਾਣਾ, ਭਾਈ ਲੰਗਾਹ, ਭਾਈ ਜੇਠਾ, ਭਾਈ ਬਿਧੀਆ ਅਤੇ ਭਾਈ ਪੈੜਾ ਸਣੇ ਸਾਈਂ ਮੀਆਂ ਮੀਰ ਦੀਆਂ ਅੱਖਾਂ ਵਿਚੋਂ ਰਾਵੀ ਦਰਿਆ ਵਹਿ ਤੁਰੇ ਤਾਂ ਗੁਰੂ ਅਰਜਨ ਦੇਵ ਜੀ ਨੇ ਆਖਿਆ:-

ਨਾ ਕੋਈ ਮੇਰਾ ਦੁਸਮਨ ਰਹਿਆ ਨਾ ਹਮ ਕਿਸੇ ਕੇ ਬੈਰਾਈ। (ਰਾਗ ਧਨਾਸਰੀ)

ਉਪਰੋਕਤ ਸੈਮੀਨਰ ਵਿਚ ਖੋਜੀ ਲੇਖਕਾਂ ਪ੍ਰੋ ਨੇ ਆਪਣੇ ਖੋਜ ਪੱਤਰਾਂ ਵਿਚ ਹਿੰਦੂ ਕੱਟੜਵਾਦ ਦੀ ਖੂਬ ਨੁਕਤਾਚੀਨੀ ਕੀਤੀ ਤਾਂ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਨੂੰ ਕਹਿਣਾ ਪਿਆ ਕਿ 'ਆਰੀਆ ਸਮਾਜ ਦਾ ਮੁਖੀ ਹੋਣ ਦੇ ਨਾਤੇ ਉਹ ਵਾਅਦਾ ਕਰਦੇ ਹਨ ਕਿ ਛੇਤੀ ਹੀ ਸਤਿਆਰਥ ਪ੍ਰਕਾਸ਼ ਗ੍ਰੰਥ ਦੁਬਾਰਾ ਛਾਪਿਆ ਜਾਵੇਗਾ।'। ਯਾਦ ਰਹੇ ਕਿ ਸਵਾਮੀ ਦਇਆ ਨੰਦ ਲਿਖਤ ਸਤਿਆਰਥ ਪ੍ਰਕਾਸ਼ ਵਿਚ ਗੁਰੂ ਨਾਨਕ, ਗੁਰੂ ਕਬੀਰ, ਗੁਰੂ ਦਾਦੂ ਦਿਆਲ, ਇਸਾਈਆਂ, ਮੁਸਲਮਾਨਾਂ, ਸਿੱਖਾਂ, ਬੋਧੀਆਂ, ਜੈਨੀਆਂ ਖ਼ਿਲਾਫ਼ ਖੂਬ ਜ਼ਹਿਰ ਉਗਲਿਆ ਹੈ। ਯਾਦ ਰਹੇ ਕਿ ਪ੍ਰੋ ਦਿੱਤ ਰਾਮ ਉਰਫ ਗਿਆਨੀ ਦਿੱਤ ਸਿੰਘ (1850-1901) ਨੇ ਸਵਾਮੀ ਦਇਆ ਨੰਦ ਨੂੰ ਤਿੰਨ ਬਹਿਸਾਂ ਵਿਚ ਲਾਹੌਰ ਵਿਖੇ ਹਰਾਇਆ ਸੀ ਅਤੇ 'ਸਤਿਆਰਥ ਪ੍ਰਕਾਸ਼' ਦੰਭ ਵਿਕਾਰਣ ਪੁਸਤਕ ਵਿਚ ਸਤਿਆਰਥ ਪ੍ਰਕਾਸ਼ ਦਾ ਜਵਾਬ ਦਿੱਤਾ ਜਿਸ ਨੂੰ ਅਜੇ ਤੱਕ ਸ਼੍ਰੋਮਣੀ ਕਮੇਟੀ ਜਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਹੀਂ ਛਾਪਿਆ।

ਸਤਿਆਰਥ ਪ੍ਰਕਾਸ਼ ਵਿਚ 150 ਵੇਰਾਂ ਮਨੂੰ ਸਮ੍ਰਿਤੀ ਦੇ ਹਵਾਲੇ ਹਨ। ਸਵਾਮੀ ਦਇਆ ਨੰਦ ਨੇ 'ਵੇਦਾਂ ਵੱਲ ਮੁੜੋ' ਦਾ ਨਾਅਰਾ ਦਿੱਤਾ। ਜਿਹੜੇ ਵੇਦ ਪੜ੍ਹਨ ਸੁਣਨ ਤੇ ਸ਼ੂਦਰ ਨੂੰ ਮੌਤ ਦੀ ਸਜ਼ਾ ਸੀ।

ਆਰੀਆ ਸਮਾਜੀ ਸਨਾਤਨ ਧਰਮੀ ਅਤੇ ਆਰ. ਐਸ ਐਸ ਇਕੋ ਮਾਨਸਿਕਤਾ ਦੇ ਵੱਖੋ-ਵੱਖਰੇ ਨਾਮ ਹਨ। ਕੁਝ ਸਾਲ ਪਹਿਲਾਂ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਆਰ. ਐਸ਼ ਐਸ਼ ਨੇ ਇਕ ਸੈਮੀਨਾਰ ਵਿਚ ਆਪਣੇ ਪੰਜ ਦੁਸ਼ਮਣ ਐਲਾਨੇ ਸਨ। ਔਰਤਵਾਦੀ, ਕਮਿਊਨਿਸਟ, ਧਾਰਮਿਕ ਘੱਟ ਗਿਣਤੀਆਂ (ਸਿੱਖ, ਮੁਸਲਮਾਨ, ਬੋਧੀ, ਇਸਾਈ, ਜੈਨੀ, ਪਾਰਸੀ), ਸ਼ੂਦਰ (ਅਨੁਸੂਚਿਤ ਜਾਤੀਆਂ/ ਜਨ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਜੱਟ), ਧਰਮ ਨਿਰਪੱਖ ਰਾਜਸੀ ਪਾਰਟੀਆਂ। ਇਹਨਾਂ ਵਰਗਾਂ ਨੂੰ ਆਪਣਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਆਜ਼ਾਦੀ, ਬਰਾਬਰੀ, ਭਾਈਚਾਰੇ ਅਤੇ ਨਿਆਂ 'ਤੇ ਆਧਾਰਿਤ ਗੁਰੂ ਅਰਜਨ ਦੇਵ ਜੀ ਦਾ ਹਲੀਮੀ ਰਾਜ ਅਤੇ ਗੁਰੂ ਰਵਿਦਾਸ ਜੀ ਦਾ ਬੇਗ

ਕਨੇਡਾ ਦੇ ਪ੍ਰਧਾਨ ਮੰਤਰੀ ਦਾ ਐਲਾਨ, ਸਿੱਖਾਂ ਦੀ ਪੱਗ ਲਾਹਣ ਵਾਲੇ ਨੂੰ ਹੋਵੇਗੀ 10 ਸਾਲ ਦੀ ਜੇਲ੍ਹ

ਨਿਹੰਗ ਸਿੰਘਾਂ ਵੱਲੋਂ ਅੰਮ੍ਰਿਤ ਸੰਚਾਰ ਮੌਕੇ ਵਿਤਕਰੇ ਦੀ ਸ਼ਿਕਾਇਤ ਜਥੇਦਾਰ ਹਵਾਰਾ ਕੋਲ ਪਹੁੰਚੀ

ਫ਼ਤਹਿਗੜ੍ਹ ਸਾਹਿਬ– ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਨਾਮ ਇੱਕ ਸ਼ਿਕਾਇਤ ਨਿਹੰਗ ਸਿੰਘ ਜਥੇਬੰਦੀ ਇੰਟਰਨੈਸ਼ਨਲ ਮਿਸਲ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਦੇ ਮੁੱਖ ਚੀਫ ਬਾਬਾ ਚੜ੍ਹਤ ਸਿੰਘ ਅਤੇ ਮੀਤ ਜਥੇਦਾਰ ਰਾਜਾ ਰਾਜ ਸਿੰਘ ਵੱਲੋਂ ਦਿੱਤੀ ਗਈ। ਇਹ ਸ਼ਿਕਾਇਤ ਪੱਤਰ ਅੱਜ ਪ੍ਰੈਸ ਕਾਨਫਰੰਸ ਦੌਰਾਨ ਜਥੇਦਾਰ ਹਵਾਰਾ ਕਮੇਟੀ ਦੇ ਮੈਂਬਰਾਂ ਨੇ ਪ੍ਰਾਪਤ ਕੀਤਾ। ਸ਼ਿਕਾਇਤ ਪੱਤਰ ਵਿੱਚ ਨਿਹੰਗ ਸਿੰਘ ਜਥੇਬੰਦੀ ਵੱਲੋਂ ਕਿਹਾ ਗਿਆ ਕਿ ਕੁਝ ਸੰਪਰਦਾਵਾਂ ਵੱਲੋਂ ਅੰਮ੍ਰਿਤ ਸੰਚਾਰ ਵੇਲੇ ਮਜ਼ੂਬੀ ਅਤੇ ਰਾਮ ਦੱਸੀਏ ਸਿੰਘਾਂ ਨੂੰ ਜੱਟ ਸਿੱਖਾਂ ਤੋਂ ਅਲਾਇਦਾ ਕਰਕੇ ਅੰਮ੍ਰਿਤ ਛਕਾਇਆ ਜਾਂਦਾ ਹੈ ਅਤੇ ਲੰਗਰ ਵਿੱਚ ਵੀ ਜਾਤ ਪਾਤ ਦਾ ਵਿਤਕਰਾ ਹੈ। ਗੁਰੂ ਸਾਹਿਬ ਵੱਲੋਂ ਬਖਸ਼ੀ ਹੋਈ ਮਰਿਆਦਾ ਅਨੁਸਾਰ ਜਾਤ ਪਾਤ ਦਾ ਭੇਦ ਮਿਟਾ ਕੇ ਇੱਕੋ ਹੀ ਬਾਟੇ ਵਿੱਚੋਂ ਅੰਮ੍ਰਿਤ ਛਕਾਉਣ ਦਾ ਹੁਕਮ ਹੈ।

ਜਥੇਦਾਰ ਹਵਾਰਾ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਪੰਥ ਪ੍ਰਵਾਨਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਅੰਮ੍ਰਿਤ ਛਕਾਉਣ ਵੇਲੇ ਜਾਤੀ ਦੇ ਆਧਾਰ ਤੇ

ਕਿਸੇ ਵੀ ਪ੍ਰਕਾਰ ਦਾ ਵਿਤਕਰਾ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਨਾ ਹੀ ਲੰਗਰ ਛਕਾਉਣ ਅਤੇ ਵਰਤਾਉਣ ਵਿੱਚ ਜਾਤੀ ਦਾ ਭੇਦ ਭਾਵ ਹੈ। ਇਸ ਸ਼ਿਕਾਇਤ ਦਾ ਨਿਵਾਰਨ ਕਰਨ ਲਈ ਕਮੇਟੀ ਗਠਿਤ ਕਰਕੇ ਸਬੰਧਿਤ ਸੰਪਰਦਾਵਾਂ ਨਾਲ ਸੰਪਰਕ ਕੀਤਾ ਜਾਵੇਗਾ ਤਾਂ ਜੋ ਅੰਮ੍ਰਿਤ ਛਕਾਉਣ ਦੀ ਮਰਿਆਦਾ ਵਿੱਚ ਇੱਕਸਾਰਤਾ ਲਿਆਈ ਜਾ ਸਕੇ। ਉਨ੍ਹਾ ਕਿਹਾ ਕਿ ਵਿਸ਼ਵ ਦੇ ਸਿੱਖਾਂ ਲਈ ਵਰਲਡ ਸਿੱਖ ਪਾਰਲੀਮੈਂਟ ਸਾਂਝਾ ਮੰਚ ਹੈ। ਇਸਦੇ ਰਾਹੀਂ ਕੌਮੀ ਮਸਲੇ ਸੰਜੀਦਗੀ ਨਾਲ ਹੱਲ ਕੀਤੇ ਜਾ ਸਕਦੇ ਹਨ ਇਸ ਲਈ ਸਾਨੂੰ ਇਸਨੂੰ ਹੋਰ ਮਜ਼ਬੂਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਨਿਹੰਗ ਸਿੰਘਾਂ ਨੇ ਇਹ ਮਸਲਾ ਵਰਲਡ ਸਿੱਖ ਪਾਰਲੀਮੈਂਟ ਕੋਲ ਵੀ ਰਖਿਆ ਹੈ।

ਪ੍ਰੈਸ ਕਾਨਫਰੰਸ ਵਿੱਚ ਹੋਰਨਾਂ ਤੋਂ ਇਲਾਵਾ ਗੁਰਜੰਟ ਸਿੰਘ ਪਟਿਆਲਾ, ਪ੍ਰਦੀਪ ਸਿੰਘ ਸੰਗਤਪੁਰ ਸੋਢੀਆਂ, ਜਥੇਦਾਰ ਬਾਬਾ ਕੁਲਵੰਤ ਸਿੰਘ ਸੋਢੀ, ਮੁਖੀ ਦਸ਼ਮੇਸ਼ ਤਰਨਾ ਦਲ, ਜਥੇਦਾਰ ਬਾਬਾ ਨਰੈਣ ਸਿੰਘ ਮੁੱਖੀ ਤਰਨਾ ਦੱਲ, ਜਥੇਦਾਰ ਸ਼ੇਰ ਸਿੰਘ ਸੋਢੀ ਮੁੱਖੀ ਤਰਨਾ ਦਲ ਲੁਧਿਆਣਾ, ਜਥੇਦਾਰ ਕੁਲਦੀਪ ਸਿੰਘ ਕੋਟਦੁਨਾ ੪ ਤਰਨਾ ਦਲ, ਕੁਲਦੀਪ ਸਿੰਘ ਦੁਬਾਲੀ, ਬਲਜੀਤ ਸਿੰਘ ਭਾਊ, ਜਸਵੰਤ ਸਿੰਘ ਸਿੱਧੂਪੁਰ, ਗੁਰਪ੍ਰੀਤ ਸਿੰਘ ਬੱਬਰ, ਮਹਾਂਬੀਰ ਸਿੰਘ ਸੁਲਤਾਨਵਿੰਡ, ਮਾਸਟਰ ਕਾਬਲ ਸਿੰਘ, ਇੰਦਰਜੀਤ ਸਿੰਘ, ਹਰਦੀਪ ਸਿੰਘ ਸਿੱਧੂਪੁਰ, ਹਰਪ੍ਰੀਤ ਸਿੰਘ, ਪਰਵਿੰਦਰ ਸਿੰਘ ਲਾਡੀ, ਗੁਰਜੰਟ ਸਿੰਘ, ਪਰਵਿੰਦਰ ਸਿੰਘ ਕਵੀਸ਼ਰ ਆਦਿ ਹਾਜ਼ਰ ਸਨ।

ਜਨਮ ਦਿਨ ਮੁਬਾਰਕ

ਹਫਤਾਵਾਰੀ ਦੇਸ਼ ਦੁਆਬਾ ਦੇ ਦੁਆਬਾ ਪ੍ਰਤੀਨਿਧ ਰੇਸ਼ਮ ਕਰਨਾਣਵੀ ਦੇ ਭਤੀਜੇ ਸਰਬਅਮਨ ਲਾਖਾ 19 ਮਈ 2020 ਅਤੇ ਭਤੀਜੀ ਸੁਖਸੀਰਤ ਲਾਖਾ 28 ਮਈ 2020 (ਪੁੱਤਰ ਤੇ ਪੁੱਤਰੀ ਗੁਰਦੀਪ ਲਾਖਾ ਅਤੇ ਆਈਸ਼ਾ ਲਾਖਾ ਫਰਾਂਸ) ਦੇ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪ ਦੀ ਬੇਅਦਬੀ ਵਿਰੁੱਧ ਰੋਸ

ਗੁਰੂ ਰਵਿਦਾਸ ਟਾਈਗਰ ਫੋਰਸ ਵੱਲੋਂ ਜਿਸ ਕੰਪਨੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪ ਦੀ ਬੇਅਦਬੀ ਕੀਤੀ ਗਈ ਉਸ ਉੱਪਰ ਆਦਮਪੁਰ ਤਹਿਸੀਲਦਾਰ ਨੂੰ ਕੰਪਨੀ ਉੱਤੇ ਕੰਨੂਨੀ ਕਾਰਵਾਈ ਲਈ ਅੱਜ ਜੱਸੀ ਤੱਲ੍ਹਣ ਪੰਜਾਬ ਪ੍ਰਧਾਨ, ਰਵੀ ਚੁੰਬਰ ਸ਼ਹਿਰੀ ਪ੍ਰਧਾਨ ਆਦਮਪੁਰ, ਵਾਈਸ ਪ੍ਰਧਾਨ ਬਬੀ ਬੰਗਾ, ਜਰਨਲ ਸਕੱਤਰ ਪੰਜਾਬ ਅਵਤਾਰ ਬਸਰਾ, ਪ੍ਰੈਸ ਪ੍ਰਧਾਨ ਪੰਜਾਬ ਰਣਦੀਪ ਸਿੱਧੂ, ਦਿਹਾਤੀ ਆਦਮਪੁਰ ਪ੍ਰਧਾਨ ਮੰਨਪ੍ਰੀਤ ਮੰਤਰੀ,ਜਨਰਲ ਸਕੱਤਰ ਰਵੀ ਵਾਲੀਆ ਤੇ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਬਲਾਕ ਆਦਮਪੁਰ ਦੇ ਪ੍ਰਧਾਨ ਸੁਰਿੰਦਰ ਕੁਮਾਰ, ਸੁਰੇਸ਼ ਕੁਮਾਰ, ਲਛਮਣ ਗਾਜੀਪੁਰ, ਫੌਜੀ ਗਾਜੀਪੁਰ ਹੋਰ ਕਈ ਮਿਸ਼ਨਰੀ ਸਾਥੀਆਂ ਨੇ ਮਿਲਕੇ ਕੰਪਨੀ ਉੱਤੇ ਕਾਨੂੰਨੀ ਕਾਰਵਾਈ ਕਰਨ ਲਈ ਮੰਗ ਪੱਤਰ ਦਿੱਤਾ ਤੇ ਬਾਬਤ ਤੰਬਾਕੂ ਦੀ ਕੰਪਨੀ ਵਲੋਂ ਤੰਬਾਕੂ ਦੀ ਡੱਬੀ

(ਬਾਬਾ 120 ਮਾਰਕਾ) ਉਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਲਗਾਉਣ ਤੇ ਕੰਪਨੀ ਮਾਲਕ ਤੇ ਪਰਚਾ ਦਰਜ ਕਰਨ ਬਾਰੇ ਅਤੇ ਤੰਬਾਕੂ ਦੀ ਵਿਕਰੀ ਨੂੰ ਬੰਦ ਕਰਨ ਬਾਰੇ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਰਜਿ ਪੰਜਾਬ ਤੇ ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਸੋਸ਼ਲ ਮੀਡੀਆ ਤੇ ਇਕ ਨਿਊਜ ਚਲ ਰਹੀ ਹੈ, ਜਿਸ ਤੰਬਾਕੂ ਕੰਪਨੀ ਵਲੋਂ ਤੰਬਾਕੂ ਦੀ ਡੱਬੀ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ (ਬਾਬਾ 120 ਮਾਰਕਾ) ਲਗਾਈ ਹੈ ਜਿਸਦੇ ਨਾਲ ਸਾਨੂੰ ਤੇ ਸਾਡੀ ਕੌਮ ਦੇ ਲੋਕਾਂ ਦੇ ਮਨਾਂ ਨੂੰ ਕਾਫੀ ਦੁੱਖ ਹੋਇਆ ਹੈ, ਸਾਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਸੋ ਬੇਨਤੀ ਹੈ ਕਿ ਉਕਤ ਕੰਪਨੀ ਦੇ ਮਾਲਕ ਖਿਲਾਫ ਤੁਰੰਤ ਕਾਨੂੰਨੀ ਕਾਰਵਾਈ ਕਰਕੇ ਪਰਚਾ ਦਰਜ ਕੀਤਾ ਜਾਵੇ ਤੇ ਬਜਾਰ ਵਿਚ ਤਸਵੀਰ ਵਾਲਾ ਤੰਬਾਕੂ ਵਿਕਣ ਤੇ ਰੋਕ ਲਗਾਈ ਜਾਵੇ, ਅਗਰ ਭਵਿੱਖ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਹੁੰਦੀ ਹੈ ਤਾਂ ਇਸ ਸੰਬੰਧੀ ਸੰਬੰਧਤ ਪੁਲਿਸ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।

Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq 916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ, ਬੁੜੈਲ (ਸੈਕਟਰ-45) ਵਲੋਂ ਪੁਲਿਸ ਦਾ ਸਨਮਾਨ

ਚੰਡੀਗੜ੍ਹ (ਬਿਊਰੋ) ਸਥਾਨਕ ਸੈਕਟਰ-34 ਪੁਲਿਸ ਸਟੇਸ਼ਨ ਦੇ ਐਸ. ਐਚ. ਓ. ਸ੍ਰੀ ਬਲਦੇਵ ਕੁਮਾਰ ਅਤੇ ਚੌਕੀ-ਇੰਚਾਰਜ ਸੈਕਟਰ-45 ਦੇ ਸ੍ਰੀ ਓਮ ਪ੍ਰਕਾਸ਼ ਜੀ ਦੇ ਨਾਲ ਉਨ੍ਹਾਂ ਦੇ ਸਮੂਹ ਪੁਲਿਸ-ਸਟਾਫ਼ ਨੂੰ ਗੁਰੂਦੁਆਰਾ ਸ੍ਰੀ ਗੁਰੂ ਰਵਿਦਾਸ, ਪ੍ਰਬੰਧਕ-ਕਮੇਟੀ ਬੁੜੈਲ ਅਤੇ ਸ੍ਰੀ ਵਿਜੇ ਸਿੰਘ ਰਾਣਾ, ਸਾਬਕਾ ਡਿਪਟੀ ਮੇਅਰ, ਚੰਡੀਗੜ੍ਹ ਵਲੋਂ ਬੜੇ ਹੀ ਆਦਰ-ਸਤਿਕਾਰ ਨਾਲ ਯਾਦਗਾਰੀ ਚਿੰਨ ਅਤੇ ਸਿਰੋਪਾਏ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਕਰਫਿਊ ਅਤੇ ਲੌਕ-ਡਾਊਨ ਸਮੇਂ ਦੌਰਾਨ ਪਿੰਡ ਬੁੜੈਲ (ਸੈਕਟਰ-45) ਅਤੇ ਆਸ-ਪਾਸ ਦੇ ਵਸਨੀਕਾਂ ਨੂੰ ਕਰੋਨਾ ਦੀ ਭਿਆਨਕ ਮਹਾਂਮਾਰੀ ਤੋਂ ਬਚਾਉਣ ਲਈ ਉਨ੍ਹਾਂ ਵਲੋਂ ਦਿਨ-ਰਾਤ ਤਨ-ਦੇਹੀ ਨਾਲ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਬਦਲੇ ਦਿੱਤਾ ਗਿਆ। ਇਸ ਮੌਕੇ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਸਰਕਾਰ ਨੂੰ ਸਹਿਯੋਗ ਦੇਣ ਲਈ ਵੀ ਸ੍ਰੀ ਵਿਜੇ ਰਾਣਾ ਅਤੇ ਪੁਲਿਸ ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਦੇ ਕੈਸ਼ੀਅਰ ਸ. ਸ਼ਮਸ਼ੇਰ ਸਿੰਘ ਪਾਲ ਅਤੇ ਸੰਗੀਤ-ਡਾਇਰੈਕਟਰ ਸ੍ਰੀ ਕ੍ਰਿਸ਼ਨ ਰਾਹੀ ਨੇ ਦੱਸਿਆ ਕਿ ਇਸ ਮੌਕੇ ਗੁਰੂਦੁਆਰਾ ਭਗਤ ਰਵਿਦਾਸ, ਪ੍ਰਬੰਧਕ-ਕਮੇਟੀ ਦੇ ਸਮੂਹ ਅਹੁੱਦੇਦਾਰ ਅਤੇ ਮੈਂਬਰ ਹਾਜ਼ਰ ਸਨ, ਜਿਹੜੇ ਕਿ ਇਹ ਸਨਮਾਨ ਦੇ ਕੇ ਖ਼ੁਸ਼ੀ ਮਹਿਸੂਸ ਕਰ ਰਹੇ ਸਨ।

ਸਫਾਈ ਮਜ਼ਦੂਰਾਂ ਨੂੰ ਰਾਸ਼ਨ ਵੰਡਿਆ ਗਿਆ

ਲੋਹੀਆਂ ਖਾਸ- ਵਿਸ਼ਵ ਪੱਧਰ 'ਤੇ ਚੱਲ ਰਹੀ ਕਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਚੱਲ ਰਹੇ ਲਾਕਡਾਊਨ ਕਰਕੇ ਸਭ ਕੁਝ ਬੰਦ ਹੈ। ਰੋਜ਼ਾਨਾ ਮਿਹਨਤ ਕਰਕੇ ਖਾਣ ਵਾਲੇ ਲੋਕਾਂ ਲਈ ਬੜੀ ਵੱਡੀ ਮੁਸੀਬਤ ਬਣੀ ਹੋਈ ਹੈ। ਇਸ ਮੁਸੀਬਤ ਦੇ ਚਲਦਿਆਂ ਲੋਰੀਆਂ ਸ਼ਹਿਰ ਦੇ ਸਫਾਈ ਸੇਵਕ (ਜੋ ਕਿ 20 ਕੁ ਦ ਕਰੀਬ ਪਰਿਵਾਰ ਹਨ) ਨੂੰ ਸ੍ਰੀਮਤੀ ਜਸਵਿੰਦਰ ਕੌਰ ਗਿੱਲ (ਸਾਬਕਾ ਵਾਈਸ ਪ੍ਰਧਾਨ ਨਗਰ ਪੰਚਾਇਤ ਲੋਹੀਆਂ) ਪਤਨੀ ਮਾਸਟਰ ਸੰਤੋਖ ਸਿੰਘ ਗਿੱਲ ਵੱਲੋਂ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਰਾਸ਼ਨ ਦੀ ਵੰਡ ਸ੍ਰੀ ਰਾਜ ਕੁਮਾਰ ਸਾਬਕਾ ਪ੍ਰਧਾਨ, ਪੰ. ਲੋਹੀਆਂ, ਮਨਜੀਤ ਸਿੰਘ ਪੱਤਰਕਾਰ ਅਤੇ ਹੀਰਾ ਲਾਲ ਕੌਂਸਲਰ ਵੱਲੋਂ ਕੀਤੀ ਗਈ। ਵਰਣਨਯੋਗ ਹੈ ਕਿ ਕੁਝ ਦਿਨ ਪਹਿਲਾਂ ਵਾਰਡ ਨੰ: 12 ਵਿਚ ਤਕਰੀਬਨ 50 ਲੋੜਵੰਦ ਪਰਿਵਾਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਗਿਆ। ਪਹਿਲਾਂ ਵੀ ਹਮੇਸ਼ਾ ਹੀ ਲੋੜਵੰਦ ਲੋਕਾਂ ਦੀ ਦੁੱਖ ਸੁੱਖ 'ਚ ਮਦਦ ਕਰਦੇ ਰਹਿੰਦੇ ਹਨ। ਸਰਕਾਰੀ ਸਕੂਲਾਂ ਤੇ ਧਾਰਮਿਕ ਸਥਾਨਾਂ 'ਤੇ ਵੀ ਅਕਸਰ ਹੀ ਸੇਵਾ ਕਰਦ ਰਹਿੰਦੇ ਹਨ, ਜਿਵੇਂ ਬੱਚਿਆਂ ਦੀਆਂ ਫੀਸਾਂ, ਕਿਤਾਬਾਂ ਤੇ ਵਰਦੀਆਂ ਜਾਂ ਸਕੂਲ, ਹੋਰ ਲੋੜ ਇਮਾਰਤ ਆਦਿ ਲਈ। ਪ੍ਰੈਸ ਨੂੰ ਇਹ ਜਾਣਕਾਰੀ ਸ੍ਰੀ ਰਾਜ ਕੁਮਾਰ ਸਾਬਕਾ ਪ੍ਰਧਾਨ, ਨਗਰ ਪੰਚਾਇਤ ਲੋਹੀਆਂ ਖਾਸ ਵੱਲੋਂ ਦਿੱਤੀ ਗਈ।

ਕੋਰੋਨਾ ਮਹਾਂਮਾਰੀ ਦੌਰਾਨ ਲੋਕਾਂ ਨੂੰ ਰਾਹਤ ਦੇਣ ਵਿੱਚ ਸਰਕਾਰ ਫੇਲ੍ਹ ਹੋਣ ਨਾਲ ਆਮ ਲੋਕਾਂ ਦਾ ਮੰਦਾ ਹਾਲ-ਭੌਂਸਲੇ

ਫਗਵਾੜਾ (ਰੱਤੂ)- ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਅੱਜ ਪੂਰੇ ਪੰਜਾਬ ਅੰਦਰ ਕੋਰੋਨਾ ਮਹਾਂਮਾਰੀ ਕਾਰਨ ਬੰਦ ਦੌਰਾਨ ਪ੍ਰਸ਼ਾਸ਼ਨਿਕ, ਸਮਾਜਿਕ ਅਤੇ ਆਰਥਿਕ ਤੌਰ ਸਰਕਾਰ ਦੇ ਫੇਲ੍ਹ ਹੋਣ ਦੇ ਮੁੱਦੇ ਨੂੰ ਲੈਕੇ ਸਾਰੇ ਪੰਜਾਬ ਵਿੱਚ ਸਬ-ਡਵੀਜਨ ਪੱਧਰ ਤੇ ਮਾਣਯੋਗ ਰਾਜਪਾਲ ਪੰਜਾਬ ਦੇ ਨਾਂ ਤੇ ਮੰਗਪੱਤਰ ਭੇਜੇ ਗਏ ਇਸੇ ਲੜੀ ਤਹਿਤ ਸਥਾਨਕ ਐਸ.ਡੀ.ਐਮ. ਫਿਲੌਰ ਨੂੰ ਬਸਪਾ ਆਗੂਆਂ ਦਾ ਵਫ਼ਦ ਸ੍ਰੀ ਸੁਖਵਿੰਦਰ ਬਿੱਟੂ ਹਲਕਾ ਪ੍ਰਧਾਨ ਦੀ ਅਗਵਾਈ ਵਿੱਚ ਮੰਗ ਪੱਤਰ ਦੇਣ ਪੁੱਜਾ ਇਸ ਮੌਕੇ ਐਸ.ਡੀ.ਐਮ. ਫਿਲੌਰ ਦੀ ਗੈਰ ਹਾਜ਼ਰੀ ਵਿੱਚ ਮੰਗ ਪੱਤਰ ਸ੍ਰੀ ਜਸਵਿੰਦਰ ਸਿੰਘ ਨਾਇਬ ਤਹਿਸੀਲਦਾਰ ਫਿਲੌਰ ਨੇ ਲਿਆ। ਇਸ ਵਫ਼ਦ ਵਿੱਚ ਬਸਪਾ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਭੌਂਸਲੇ ਅਤੇ ਬਾਬੂ ਸੁੰਦਰ ਪਾਲ ਸਾਬਕਾ ਖਜ਼ਾਨਚੀ ਬਸਪਾ ਪੰਜਾਬ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੰਗ ਪੱਤਰ ਸੰਬੰਧੀ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ੍ਰੀ ਅੰਮ੍ਰਿਤਪਾਲ ਭੌਂਸਲੇ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਦੇ ਲਾਕ ਡਾਊਨ ਦੌਰਾਨ ਜੋ ਫਰਜ਼ ਆਮ ਲੋਕਾਂ ਪ੍ਰਤੀ ਕੇਂਦਰ ਅਤੇ ਪੰਜਾਬ ਦਾ ਬਣਦਾ ਸੀ ਉਸ ਵਿੱਚ ਉਹ ਫੇਲ੍ਹ ਰਹੀ ਅਤੇ 60 ਦਿਨ ਬੀਤ ਜਾਣ ਦੇ ਬਾਵਜੂਦ ਵੀ ਕੋਈ ਰਾਹਤ ਪੰਜਾਬ ਦੇ ਲੋਕਾਂ ਨੂੰ ਅਜੇ ਤੱਕ ਨਹੀਂ ਮਿਲੀ ਜਿਸ ਕਰਕੇ ਆਮ ਲੋਕਾਂ ਦਾ ਮੰਦਾ ਹਾਲ ਹੈ। ਉਨ੍ਹਾਂ ਅੱਗੇ ਕਿਹਾ ਸਰਕਾਰਾਂ ਦੀ ਜਿੰਮੇਵਾਰੀ ਹੁੰਦੀ ਹੈ ਕਿ ਕੁਦਰਤੀ ਆਫ਼ਤ ਸਮੇਂ ਆਮ ਲੋਕਾਂ ਰੋਟੀ, ਕੱਪੜਾ, ਸਿਹਤ ਸੇਵਾਵਾਂ ਦਾ ਪ੍ਰਬੰਧ ਕਰੇ ਪਰ ਪੰਜਾਬ ਦੀ ਕਾਂਗਰਸ ਸਰਕਾਰ ਹਰ ਫਰੰਟ ਤੇ ਫੇਲ੍ਹ ਰਹੀ। ਇਸ ਨਾਲ ਗਰੀਬ ਤੇ ਮਿਡਲ ਕਲਾਸ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਪਰ ਉਨ੍ਹਾਂ ਲਈ ਸਰਕਾਰ ਨੇ ਕਿਸੇ ਤਰ੍ਹਾਂ ਦਾ ਕੋਈ ਵੀ ਪੈਕੇਜ ਦਾ ਐਲਾਨ ਨਹੀਂ ਕੀਤਾ ਅਤੇ ਉਲਟਾ ਇਸ ਆਫ਼ਤ ਸਮੇਂ ਕੰਮ ਕਰਨ ਵਾਲੇ ਆਸ਼ਾ ਵਰਕਰ ਅਤੇ ਮੈਡੀਕਲ ਸਟਾਫ਼ ਦੀਆਂ ਨਾ ਤਨਖਾਹਾਂ 'ਚ ਵਾਧਾ ਕੀਤਾ ਗਿਆ ਅਤੇ ਨਾ ਹੀ ਕੱਚੇ ਕਾਮਿਆਂ ਨੂੰ ਪੱਕੇ ਕਰਨ ਦੇ ਵੱਲ ਧਿਆਨ ਦਿੱਤਾ ਗਿਆ। ਉਨ੍ਹਾਂ ਕਿਹਾ ਸਭ ਤੋਂ ਵੱਡੀ ਸਮੱਸਿਆ ਅੱਜ ਦੇ ਸਮੇਂ ਸਰਕਾਰ ਵਲੋਂ ਕੀਤੀ ਕਾਣੀ ਵੰਡ ਤੇ ਸਕੀਮਾਂ ਦਾ ਕਾਂਗਰਸੀਕਰਨ ਦੀ ਰਹੀ ਜਿਸ ਕਾਰਨ ਆਮ ਲੋਕਾਂ ਦੇ ਨੀਲੇ ਕਾਰਡਾਂ ਨੂੰ ਕੱਟ ਦਿੱਤਾ ਗਿਆ ਬਸਪਾ ਆਗੂ ਨੇ ਕਿਹਾ ਜੇਕਰ ਇਹੋ ਜਿਹਾ ਹਲਾਤ ਰਹੇ ਅਤੇ ਨੀਲੇ ਕਾਰਡ ਨਾ ਬਹਾਲ ਕੀਤੇ ਗਏ ਤਾਂ ਮਜ਼ਬੂਰਨ ਬਸਪਾ ਨੂੰ ਸੜਕਾਂ ਤੇ ਆਉਣਾ ਪਵੇਗਾ ਅਤੇ ਇਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਕਿਹਾ ਰੇਹੜੀ ਫੜੀ, ਰਿਕਸ਼ੇ, ਆਟੋ ਵਾਲਿਆਂ ਅਤੇ ਟੈਕਸੀ ਵਾਲਿਆਂ, ਛੋਟੇ ਦੁਕਾਨਦਾਰਾਂ, ਗਰੀਬਾਂ, ਮਜ਼ਦੂਰਾਂ ਅਤੇ ਲੋੜਵੰਦਾਂ ਦੀ ਰਜਿਸਟ੍ਰੇਸ਼ਨ ਕਰਕੇ ਉਨ੍ਹਾਂ ਦੇ ਖਾਤਿਆਂ ਵਿੱਚ 5000 ਰੁਪਏ ਪ੍ਰਤੀ ਮਹੀਨਾ ਪਾਏ ਜਾਣ ਅਤੇ ਲੋਕਾਂ ਦੇ ਬਿਜਲੀ ਦੇ ਬਿਲ ਤੇ ਸਕੂਲਾਂ ਦੀਆਂ ਫੀਸਾਂ ਮਾਫ਼ ਕੀਤੀਆਂ ਜਾਣ।

ਉਨ੍ਹਾਂ ਅੱਗੇ ਕਿਹਾ ਸਰਕਾਰ ਨੌਜਵਾਨਾਂ, ਵਿਦਿਆਰਥੀਆਂ, ਕੱਚੇ ਮੁਲਾਜ਼ਮਾਂ, ਮਜਦੂਰਾਂ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਮਸਲਿਆਂ ਅਤੇ ਪੰਜਾਬ ਦੇ ਵਿਗੜਦੇ ਲਾਅ ਐਂਡ ਆਰਡਰ ਤੇ ਤੁਰੰਤ ਧਿਆਨ ਦੇਵੇ। ਉਨ੍ਹਾਂ ਕਿਹਾ ਕਿ ਬਸਪਾ ਪੁਲਸੀਆਂ ਧੱਕੇ ਦੀ ਵੀ ਸਖ਼ਤ ਸ਼ਬਦਾਂ ਦੀ ਨਿੰਦਾ ਕਰਦੀ ਹੈ ਸਰਕਾਰ ਨੂੰ ਚੇਤਾਵਨੀ ਦਿੰਦੀ ਹੈ ਕਿ ਲੋਕਾਂ ਦੀ ਦੁੱਖ ਤਕਲੀਫ ਨੂੰ ਸਮਝ ਕੇ ਤੁਰੰਤ ਰਾਹਤ ਦੇਣ ਦਾ ਕੰਮ ਕਰੇ ਨਹੀਂ ਤਾਂ ਬਸਪਾ ਸੰਘਰਸ਼ ਕਰੇਗੀ।

ਇਸ ਮੌਕੇ ਬਸਪਾ ਸੀਨੀਅਰ ਆਗੂ ਰਾਮ ਸਰੂਪ ਸਰੋਏ, ਖੁਸ਼ੀ ਰਾਮ ਸਾਬਕਾ ਸਰਪੰਚ, ਸ਼ੁਸ਼ੀਲ ਬਿਰਦੀ, ਸ੍ਰੀਮਤੀ ਪਰਮਜੀਤ ਰੁੜਕਾ, ਹੈਪੀ ਰੁੜਕਾ, ਕਮਲ ਮਹਿਮੀ ਕਨਵੀਨਰ ਬੀਵੀਐਫ, ਤਿਲਕ ਰਾਜ ਅੱਪਰਾ, ਨਿਰਮਲ ਰੁੜਕਾ, ਸਰਬਜੀਤ ਸਾਬੀ ਸਰਪੰਚ, ਡਾ. ਲਖਵੀਰ, ਰਣਜੀਤ ਸੋਨੂੰ, ਵਿਨੈ ਅੱਪਰਾ, ਸੰਤੋਖ ਰੁੜਕਾ ਆਦਿ ਹਾਜ਼ਰ ਸਨ।

ਪੰਜਾਬ ਯੰਗ ਪੀਸ ਕੌਂਸਲ (ਪੀ) ਵੱਲੋਂ ਪੁਲਿਸ ਅਧਿਕਾਰੀਆਂ ਦਾ ਸਨਮਾਨ

ਫਗਵਾੜਾ (ਰੱਤੂ)- ਪੰਜਾਬ ਦੇ ਏਡੀਜੀਪੀ ਸੰਜੀਵ ਕਾਲੜਾ ਦੀ ਸਰਪ੍ਰਸਤੀ ਵਿਚ ਚਲਣ ਵਾਲੀ ਪੰਜਾਬ ਯੰਗ ਪੀਸ ਕੌਂਸਲ (ਪੀ) ਵੱਲੋਂ ਕੋਰੋਨਾ ਮਹਾਮਾਰੀ ਦੌਰਾਨ ਬੇਹਤਰੀਨ ਅਤੇ ਇਮਾਨਦਾਰੀ ਨਾਲ ਡਿਊਟੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਦਾ ਸਨਮਾਨ ਕਰਨ ਲਈ ਇਕ ਸਾਦੇ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸਦੇ ਮੁੱਖ ਮਹਿਮਾਨ ਐਸ.ਪੀ. ਮਨਵਿੰਦਰ ਸਿੰਘ ਸਨ ਅਤੇ ਪ੍ਰਧਾਨਗੀ ਸਰਪ੍ਰਸਤ ਅਸ਼ਵਨੀ ਕੌਹਲੀ ਨੇ ਕੀਤੀ। ਸਮਾਗਮ ਵਿਚ ਸਭ ਤੋਂ ਪਹਿਲਾਂ ਕੋਰੋਨਾ ਕਰਫਿਊ ਦੌਰਾਨ ਇਕ ਮਹਿਲਾ ਜਿਸਦੀ ਲੜਕੀ ਦਾ ਸ਼ਾਦੀ ਸੀ,ਦਾ ਪਰਸ ਜਿਸ ਵਿਚ ਇਕ ਲੱਖ ਰੁਪਏ ਸੀ,ਫਗਵਾੜਾ ਨਾਕੇ ਤੇ ਡਿਗ ਪਿਆ ਸੀ। ਜੋਕਿ ਫਗਵਾੜਾ ਟਰੈਫਿਕ ਵਿਭਾਗ ਦੇ ਅਧਿਕਾਰੀ ਏ.ਐਸ.ਆਈ. ਸੁਰਿੰਦਰ ਸਿੰਘ,ਏ.ਐਸ.ਆਈ. ਅਮਰਜੀਤ ਸਿੰਘ ਨੂੰ ਸੜਕ ਤੇ ਡਿਗਿਆ ਮਿਲਿਆ। ਜਿਸਦੀ ਸੂਚਨਾ ਟਰੈਫਿਕ ਵਿਭਾਗ ਦੇ ਇੰਚਾਰਜ ਇੰਸਪੈਕਟਰ ਰਣਜੀਤ ਵਿਰਦੀ ਨੂੰ ਦਿੱਤੀ। ਜਿਨ੍ਹਾਂ ਦੇ ਇਸ ਦੀ ਸੂਚਨਾ ਪੁਲਿਸ ਦੇ ਉਚਾਧਿਕਾਰੀਆਂ ਨੂੰ ਦਿੰਦੇ ਹੋਏ ਮਿਲਿਆ ਪਰਸ ਉਕਤ ਮਹਿਲਾ ਜਦੋ ਬੇਹਦ ਹਤਾਸ਼ ਹਾਲਾਤ ਵਿਚ ਪੁਛਗਿਛ ਕਰਦੇ ਹੋਏ ਨਾਕੇ ਤੇ ਪੁੱਜੀ ਤਾਂ ਤਿੰਨਾ ਅਧਿਕਾਰੀਆਂ ਨੇ ਪਰਸ ਵਾਪਸ ਕਰ ਇਮਾਨਦਾਰੀ ਦਾ ਸਬੂਤ ਦਿੱਤਾ। ਕੌਂਸਲ ਨੇ ਇਨ੍ਹਾਂ ਦੀ ਇਮਾਨਦਾਰੀ ਦਾ ਸਨਮਾਨ ਦਿੰਦੇ ਹੋਏ ਇੰਸਪੈਕਟਰ ਰਣਜੀਤ ਵਿਰਦੀ, ਏ.ਐਸ.ਆਈ. ਸੁਰਿੰਦਰਸਿੰਘ, ਏ. ਐਸ. ਆਈ. ਅਮਰਜੀਤ ਸਿੰਘ ਨੂੰ ਸਨਮਾਨਿਤ ਕੀਤਾ। ਇਸਦੇ ਨਾਲ ਹੀ ਕੌਂਸਲ ਮੈਂਬਰਾ ਨੇ ਕੋਰੋਨਾ ਮਹਾਂਮਾਰੀ ਦੌਰਾਨ ਜਨਸੇਵਾ ਦੀ ਭਾਵਨਾ ਅਤੇ ਤਨਦੇਹੀ ਦਾ ਸਬੂਤ ਦਿੰਦੇ ਹੋਏ ਫਗਵਾੜਾ ਦੇ ਐਸਪੀ ਮਨਵਿੰਦਰ ਸਿੰਘ, ਡੀਐਸਪੀ ਸੁਰਿੰਦਰ ਚਾਂਦ ਅਤੇ ਥਾਨਾ ਸਿਟੀ ਇੰਚਾਰਜ ਉਂਕਾਰ ਸਿੰਘ ਬਰਾੜ ਨੂੰ ਬਤੌਰ 'ਕੋਰੋਨਾ ਯੋਧਾ' ਸਨਮਾਨਿਤ ਕੀਤਾ। ਇਸ ਮੌਕੇ ਐਸ.ਪੀ. ਮਨਵਿੰਦਰ ਸਿੰਘ ਨੇ ਪੁਲਿਸ ਵਿਭਾਗ ਤਰਫੋਂ ਕੌਂਸਲ ਮੈਂਬਰਾ ਦਾ ਧੰਨਵਾਦ ਕਰਦੇ ਕਿਹਾ ਕਿ ਇਸ ਸਨਮਾਨ ਲਈ ਕੌਂਸਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੁਲਿਸ ਦੀ ਪੂਰੀ ਟੀਮ ਸ਼ਹਿਰ ਵਾਸੀਆਂ ਦੀ ਸੁਰਖਿਆ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਅਗ੍ਹਾਂ ਤੋਂ ਵੀ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸ਼ਹਿਰ ਵਾਸਿਆਂ ਦਾ ਪੂਰਾ ਪਿਆਰ ਅਤੇ ਸਤਿਕਾਰ ਮਿਲਿਆ ਹੈ ਅਤੇ ਇਸਨੂੰ ਹਮੇਸ਼ਾ ਯਾਦ ਰਖਣਗੇ। ਕੌਂਸਲ ਸਰਪ੍ਰਸਤ ਅਸ਼ਵਨੀ ਕੌਹਲੀ ਅਤੇ ਸੰ-ਸਥਾਪਕ ਅਸ਼ਵਨੀ ਦਸੌੜ ਨੇ ਕਿਹਾ ਕਿ ਸ਼ਹਿਰ ਅਤੇ ਸ਼ਹਿਰ ਵਾਸਿਆਂ ਦੀ ਸੁਰਖਿਆ ਲਈ ਤੈਨਾਤ ਅਤੇ ਸੇਵਾ ਵਿਚ ਦਿਨ ਰਾਤ ਇਕ ਕਰਨ ਲਈ ਇਨ੍ਹਾਂ ਦਾ ਸਨਮਾਨ ਕਰਦੇ ਹੋਏ ਖੁੱਦ ਨੂੰ ਸਨਮਾਨਿਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਦੇ ਇਮਾਨਦਾਰ ਯਤਨਾਂ ਸਦਕਾ ਫਗਵਾੜਾ ਸ਼ਹਿਰ ਬਚਿਆ ਹੋਇਆ ਹੈ। ਫਗਵਾੜਾ ਦੀ ਜਨਤਾ ਨੂੰ ਵੀ ਇਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ।

ਇਸ ਮੌਕੇ ਕੌਂਸਲ ਡਾਇਰੈਕਟਰ ਰਸ਼ਪਾਲ ਸਿੰਘ ਭੱਟੀ, ਜੋਗਿੰਦਰ ਪਾਲ ਭੋਲੀ, ਰਾਮ ਚੰਦਰ ਸਿੰਘ, ਗਗਨ ਰਾਜਪੁਰੋਹਿਤ, ਚੰਦਰਮੋਹਨ ਗੁਲਾਟੀ, ਸੰਜੈ ਸਿੰਘ, ਜਸਪਾਲ ਸਿੰਘ, ਕੌਂਸਲ ਪ੍ਰਧਾਨ ਨਵਰੀਤ ਸਿੰਘ ਸਚਦੇਵਾ, ਰਮੇਸ਼ ਖੰਨਾਂ, ਰਾਜੇਸ਼ ਹੈਪੀ, ਮਧੁ ਸੁਦਨ ਦਸੌੜ, ਅਨਿਰੁਧ ਦਸੌੜ, ਰਾਕੇਸ਼ ਕੁਮਾਰ,ਗੁਮਾਨ ਸਿੰਘ ਰਾਜਪੁਰੋਹਿਤ, ਡਾ.ਜੀਤ ਲਾਲ ਸਰੋਚ, ਏਐਸਆਈ ਪ੍ਰਵੇਸ਼ ਰਾਣੀ ਆਦਿ ਮੌਜੂਦ ਸਨ।

BERKSHIRE HATHAWAY
BH HS
Home Services
Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਸਦੀਵੀ ਵਿਛੋੜਾ ਦੇ ਗਏ

ਜਲੰਧਰ (ਬਿਊਰੋ)– ਜ਼ਿੰਦਗੀ ਦੇ ਆਖ਼ਰੀ ਦਮ ਤੱਕ ਮਾਰਕਸਵਾਦੀ ਵਿਚਾਰਧਾਰਾ ਦਾ ਪਰਚਮ ਬੁਲੰਦ ਰੱਖਣ ਵਾਲੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵਿੱਚ ਲਗਭਗ ਅੱਧੀ ਸਦੀ ਤੋਂ ਮੋਹਰਲੀ ਕਤਾਰ 'ਚ ਸੇਵਾਵਾਂ ਅਦਾ ਕਰਨ ਵਾਲੇ ਕਾਮਰੇਡ ਨੌਨਿਹਾਲ ਸਿੰਘ ਅੱਜ ਸੰਗਰਾਮੀ ਕਾਫ਼ਲੇ ਨੂੰ ਅਲਵਿਦਾ ਕਹਿ ਗਏ। ਉਹਨਾਂ ਨੇ ਅੱਜ ਸਵੇਰੇ ਕਰੀਬ 9 ਵਜੇ ਆਪਣੀ ਧੀ ਕੀਰਤ ਅਤੇ ਜੁਆਈ ਮੇਜਰ ਜਨਰਲ ਕੁਲਵੰਤ ਸਿੰਘ ਨਿੱਝਰ ਦੇ ਘਰ ਯੋਲ ਛਾਉਣੀ (ਧਰਮਸ਼ਾਲਾ) ਵਿਖੇ ਆਖਰੀ ਸਾਹ ਲਏ। ਉਹ ਆਪਣੇ ਪਿੱਛੇ ਆਪਣੀ ਜੀਵਨ ਸਾਥਣ ਅਤੇ ਉਹਨਾਂ ਦੇ ਵਿਚਾਰਾਂ ਦੀ ਹਮਸਫ਼ਰ ਤਰਲੋਚਨ ਕੌਰ ਤੋਂ ਇਲਾਵਾ ਧੀ ਕੀਰਤ, ਜੁਆਈ ਮੇਜਰ ਜਨਰਲ ਕੁਲਵੰਤ ਸਿੰਘ ਨਿੱਝਰ, ਪੁੱਤਰ ਕਰਨ, ਨੂੰਹ ਰੂਪ, ਪੋਤਰਾ, ਪੋਤਰੀ ਰਿਆਨ ਅਤੇ ਰਿਆਜ਼, ਦੋਹਤਾ ਕਮਰਾਨ ਅਤੇ ਦੋਹਤੀ ਕਰੀਨਾ ਛੱਡ ਗਏ ਹਨ।

ਉਹਨਾਂ ਨੇ ਜਿਉਂਦੇ ਜੀਅ ਹੀ ਆਪਣੀ ਦੇਹ ਵਿਗਿਆਨਕ ਖੋਜਾਂ ਲਈ ਪਿਮਸ ਜਲੰਧਰ ਦੇ ਨਾਂਅ ਕੀਤੀ ਹੋਈ ਸੀ। ਕਰੋਨਾ ਮਹਾਂਮਾਰੀ ਕਾਰਨ ਅੱਜ ਜਦੋਂ ਉਹਨਾਂ ਦੀ ਮ੍ਰਿਤਕ ਦੇਹ ਹਿਮਾਚਲ ਤੋਂ ਪੰਜਾਬ-ਜਲੰਧਰ ਲਿਆ ਸਕਣੀ ਅਸੰਭਵ ਹੋਈ, ਜਦੋਂ ਹਿਮਾਚਲ ਵਿਚ ਵੀ ਕਰੋਨਾ ਦੇ ਮੱਦੇ ਨਜ਼ਰ ਮ੍ਰਿਤਕ ਦੇਹ ਕਿਸੇ ਹਸਪਤਾਲ ਨੇ ਵਿਗਿਆਨਕ ਖੋਜਾਂ ਲਈ ਨਾ ਲਈ ਤਾਂ ਸ਼ਾਮ ਸਾਢੇ 4 ਵਜੇ ਚਮਿੰਡਾ ਦੇਵੀ ਸ਼ਮਸ਼ਾਨ ਘਾਟ (ਹਿਮਾਚਲ) ਵਿੱਚ ਹੀ ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਕਾਮਰੇਡ ਨੌਨਿਹਾਲ ਸਿੰਘ ਦੇ ਪੁਰਖਿਆਂ ਦਾ ਜੱਦੀ ਪਿੰਡ ਨਕੋਦਰ ਲਾਗੇ ਨੂਰਪੁਰ ਚੱਠਾ ਸੀ।ਉਹਨਾਂ ਦੇ ਦਾਦਾ ਲਾਇਲਪੁਰ ਜਿਲ੍ਹੇ 'ਚ ਜਾ ਵਸੇ ਸਨ। ਜਦੋਂ 1947 'ਚ ਮੁਲਕ ਦੀ ਵੰਡ ਹੋਈ ਤਾਂ ਨੌਨਿਹਾਲ ਸਿੰਘ 10 ਵਰ੍ਹਿਆਂ ਦੇ ਸਨ, ਉਹ ਆਪਣੇ ਮਾਪਿਆਂ ਨਾਲ ਆ ਕੇ ਗੜ੍ਹਾ (ਜਲੰਧਰ ਸ਼ਹਿਰ) ਰਹਿਣ ਲੱਗ ਪਏ। ਉਹ ਪਹਿਲਾ ਦੋਆਬਾ ਖਾਲਸਾ ਸਕੂਲ 'ਚ ਪੜ੍ਹੇ। ਉਹਨਾਂ ਨੇ ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਐਮ.ਏ. (ਇਤਿਹਾਸ) ਪਾਸ ਕੀਤੀ।

ਉਹ ਵਿਦਿਆਰਥੀ ਜੀਵਨ ਤੋਂ ਹੀ ਵਿਦਿਆਰਥੀ ਲਹਿਰ 'ਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ। ਉਹ ਅਤੇ ਉਹਨਾਂ ਦੇ ਚਚੇਰੇ ਭਰਾ ਹਰਦਿਆਲ ਸਿੰਘ ਚੱਠਾ ਦੋਨਾਂ ਨੇ ਸੀ.ਪੀ.ਆਈ. ਵਿੱਚ ਅਹਿਮ ਭੂਮਿਕਾ ਅਦਾ ਕੀਤੀ। 1964 ਦੇ ਦੌਰ 'ਚ ਜਦੋਂ ਸੀ.ਪੀ.ਆਈ. ਦੋ ਹਿੱਸਿਆਂ 'ਚ ਵੰਡੀ ਗਈ ਤਾਂ ਭਰਾ ਹਰਦਿਆਲ ਭਾਵੇਂ ਸੀ.ਪੀ.ਐਮ. 'ਚ ਚਲੇ ਗਏ ਪਰ ਦੋਵੇਂ ਭਰਾਵਾਂ ਨੇ ਲੋਕ-ਮੁਕਤੀ ਲਈ ਚੱਲ ਰਹੇ ਸੰਘਰਸ਼ਾਂ ਵਿੱਚ ਆਪਣਾ ਤਨ, ਮਨ, ਧਨ, ਸਭ ਕੁੱਝ ਨਿਛਾਵਰ ਕਰ ਦਿੱਤਾ।

ਖਾਂਦੀ ਪੀਂਦੀ ਕਿਸਾਨੀ ਘਰ ਜਨਮ ਲੈਣ ਦੇ ਬਾਵਜੂਦ ਉਹ ਲੰਮਾ ਸਮਾਂ ਸਨਅਤੀ ਕਾਮਿਆਂ 'ਚ ਕੁੱਲ ਵਕਤੀ ਕੰਮ ਕਰਦੇ ਰਹੇ। ਜ਼ਿਕਰਯੋਗ ਹੈ ਕਿ ਉਹਨਾਂ ਦੀ ਅਗਵਾਈ 'ਚ ਜੇ.ਸੀ.ਟੀ. ਮਿੱਲ ਫਗਵਾੜਾ ਵਿੱਚ ਇਤਿਹਾਸਕ ਘੋਲ ਚੱਲਿਆ। ਮਾਲਕਾਂ ਨੇ ਧਰਨੇ ਅਤੇ ਭੁੱਖ-ਹੜਤਾਲ 'ਤੇ ਬੈਠੇ ਮਜ਼ਦੂਰਾਂ ਨੂੰ ਮਾਰਨ ਅਤੇ ਹੜਤਾਲ ਦਾ ਲੱਕ ਤੋੜਨ ਲਈ ਛਡਯੰਤਰ ਤਹਿਤ ਪਾਰਸਲ ਪੈਕੇਟ ਭੇਜਿਆ। ਜਿਸਨੂੰ ਖੋਲ੍ਹਦੇ ਸਾਰ ਜਾਨਲੇਵਾ ਬੰਬ ਧਮਾਕੇ 'ਚ ਨੌਨਿਹਾਲ ਸਿੰਘ, ਰਾਮ ਸਹਾਏ ਅਤੇ ਮੁਨੀ ਲਾਲ ਜ਼ਖ਼ਮੀ ਹੋ ਗਏ ਅਤੇ ਮਜ਼ਦੂਰ ਸ਼ਾਦੀ ਲਾਲ ਸ਼ਹੀਦ ਹੋ ਗਏ।

ਨੌਨਿਹਾਲ ਸਿੰਘ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬਰੇਰੀ, ਮਿਊਜ਼ੀਅਮ, ਰੰਗ ਮੰਚ, ਵਿਚਾਰ-ਚਰਚਾ, ਸਿਖਿਆਰਥੀ ਚੇਤਨਾ ਕੈਂਪ, ਗ਼ਦਰੀ ਬਾਬਿਆਂ ਦੇ 28 ਮੇਲਿਆਂ, ਇਤਿਹਾਸ ਕਮੇਟੀ ਵਿੱਚ ਆਗੂ ਭੂਮਿਕਾ ਨਿਭਾਈ। ਕਾਮਾਗਾਟਾ ਮਾਰੂ, ਜਲ੍ਹਿਆਂ ਵਾਲਾ ਬਾਗ਼, ਕੂਕਾ ਲਹਿਰ ਦੇ ਸ਼ਹੀਦਾਂ ਅਤੇ ਇਤਿਹਾਸਕ ਯਾਦਗਾਰਾਂ ਨੂੰ ਕੌਮੀ ਵਿਰਾਸਤ ਵਜੋਂ ਸੰਭਾਲਣ ਲਈ ਉਹਨਾਂ ਨੇ ਸਮੇਂ-ਸਮੇਂ 'ਤੇ ਲਗੇ ਮੋਰਚਿਆਂ ਅਤੇ ਹੋਏ ਸਮਾਗਮਾਂ ਵਿੱਚ ਆਗੂ ਭੂਮਿਕਾ ਨਿਭਾਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਦੇਸ਼ ਭਗਤ ਪ੍ਰਕਾਸ਼ਨ, ਖਾਸ ਕਰਕੇ ਇਤਿਹਾਸ ਨਾਲ ਸੰਬਧਿਤ ਪੁਸਤਕਾਂ 'ਚ ਉਨਾਂ ਨੇ ਬਹੁਤੀ ਵਾਰ ਆਪਣੇ ਨਾਂਅ ਦੇ ਜ਼ਿਕਰ ਤੋਂ ਵੀ ਗੁਰੇਜ਼ ਕਰਦਿਆਂ ਪ੍ਰਮੁੱਖ ਫਰਜ਼ ਅਦਾ ਕੀਤੇ। ਉਹ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪਹਿਲਾਂ ਖਜ਼ਾਨਚੀ, ਫਿਰ ਜਨਰਲ ਸਕੱਤਰ ਅਤੇ ਉਪ-ਪ੍ਰਧਾਨ ਦੇ ਅਹੁਦੇ 'ਤੇ ਰਹੇ। ਮੁਲਕ ਅੰਦਰ ਸਮੇਂ ਸਮੇਂ ਲੋਕਾਂ ਖਿਲਾਫ਼ ਉੱਠੀਆਂ ਫ਼ਿਰਕੂ ਫਾਸ਼ੀ ਹਨੇਰੀਆਂ ਖਿਲਾਫ਼ ਉਹ ਡਟਕੇ ਆਪਣੀ ਭੂਮਿਕਾ ਅਦਾ ਕਰਦੇ ਰਹੇ, ਵਿਸ਼ੇਸ਼ ਕਰਕੇ ਭਾਜਪਾ ਦੇ ਫ਼ਿਰਕੂ ਫਾਸ਼ੀ ਏਜੰਡੇ ਦੇ ਖਿਲਾਫ਼ ਮੁਲਕ ਭਰ ਦੀਆਂ ਲੋਕ-ਪੱਖੀ ਸ਼ਕਤੀਆਂ ਨੂੰ ਇੱਕਜੁਟ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਦੇ ਰਹੇ। ਦੇਸ਼ ਭਗਤ ਯਾਦਗਾਰ ਹਾਲ ਨੂੰ ਇੱਕ ਚੇਤਨਾ ਦੇ ਚਾਨਣ ਮੁਨਾਰੇ ਵਜੋਂ ਵਿਕਸਿਤ ਕਰਨ ਲਾਈ ਆਗੂ ਸਫ਼ਾ 'ਚ ਹੋ ਕੇ ਪ੍ਰਮੁੱਖ ਭੂਮਿਕਾ ਨਿਭਾਉਂਦੇ ਰਹੇ।

ਯੂਨੀਕ ਹੋਮ ਜਲੰਧਰ ਵਿੱਚ ਯਤੀਮ ਬੱਚਿਆਂ ਨੂੰ ਸੰਭਾਲਣ ਲਈ ਉਹਨਾਂ ਦੀ ਆਗੂ ਭੂਮਿਕਾ ਸਦਾ ਰੌਸ਼ਨੀ ਵੰਡਦੀ ਰਹੇਗੀ। ਉਹਨਾਂ ਨੇ ਅਖ਼ਬਾਰ 'ਨਵਾਂ ਜ਼ਮਾਨਾ ਟ੍ਰਸੱਟ' ਵਿਚ ਦਹਾਕਿਆਂ ਬੱਧੀ ਕੰਮ ਕੀਤਾ ਅਤੇ ਇਸ ਸਮੇਂ ਉਹ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ (ਨਵਾਂ ਜ਼ਮਾਨਾ) ਦੇ ਪ੍ਰਧਾਨ ਦੀਆਂ ਸੇਵਾਵਾਂ ਅਦਾ ਕਰ ਰਹੇ ਸਨ। ਉਹਨਾਂ ਦੀ ਯਾਦ 'ਚ ਹੋਣ ਵਾਲੇ ਸ਼ਰਧਾਂਜ਼ਲੀ ਸਮਾਗਮ ਦੀ ਤਾਰੀਖ਼ ਅਤੇ ਸਥਾਨ ਬਾਰੇ ਬਾਅਦ ਵਿਚ ਸੂਚਿਤ ਕੀਤਾ ਜਾਏਗਾ। ਉਹਨਾਂ ਦੇ ਵਿਛੋੜੇ ਦੀ ਖ਼ਬਰ ਸੁਣਦੇ ਹੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਹਰਵਿੰਦਰ ਭੰਡਾਲ, ਲਾਇਬਰੇਰੀ ਕਮੇਟੀ ਦੇ ਸੁਰਿੰਦਰ ਕੁਮਾਰੀ ਨੇ ਤੋਂ ਇਲਾਵਾ ਕਮੇਟੀ ਮੈਂਬਰ ਕਾਮਰੇਡ ਮੰਗਤ ਰਾਮ ਪਾਸਲਾ, ਪ੍ਰੋ. ਵਰਿਆਮ ਸਿੰਘ ਸੰਧੂ, ਕੁਲਵੰਤ ਸਿੰਘ ਸੰਧੂ, ਦੇਵ ਰਾਜ ਨਯੀਅਰ, ਗੋਪਾਲ ਸਿੰਘ ਬੁੱਟਰ, ਹਰਮੇਸ਼ ਮਾਲੜੀ ਨੇ ਸ਼ੋਕ ਸਭਾ ਕਰਕੇ ਵਿਛੜੇ ਸਾਥੀ ਨੌਨਿਹਾਲ ਸਿੰਘ ਨੂੰ ਸ਼ਰਧਾਂਜ਼ਲੀਆਂ ਭੇਂਟ ਕੀਤੀਆਂ ਅਤੇ ਕਮੇਟੀ ਮੈਂਬਰ ਸੁਰਿੰਦਰ ਜਲਾਲਦੀਵਾਲ, ਅਮਰਜੀਤ ਸਿੰਘ ਢੁੱਡੀਕੇ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਜਗਰੂਪ, ਦਰਸ਼ਨ ਖਟਕੜ, ਰਮਿੰਦਰ ਪਟਿਆਲਾ, ਵਿਜੈ ਬੰਬੇਲੀ, ਸਵਰਨ ਸਿੰਘ ਵਿਰਕ, ਹਰਦੇਵ ਅਰਸ਼ੀ, ਪ੍ਰਗਟ ਸਿੰਘ ਜਾਮਾਰਾਏ, ਭਗਤ ਸਿੰਘ, ਕੁਲਬੀਰ ਸਿੰਘ ਸੰਘੇੜਾ, ਸੀਤਲ ਸਿੰਘ ਸੰਘਾ, ਕਰਮਜੀਤ ਸਿੰਘ, ਬਲਬੀਰ ਕੌਰ ਬੁੰਡਾਲਾ, ਹਰਬੀਰ ਕੌਰ ਅਤੇ ਕ੍ਰਿਸ਼ਨਾ ਨੇ ਆਪਣੇ ਸ਼ੋਕ ਸੁਨੇਹੇ ਭੇਜੇ।

ਮਦੀਨਾ ਮਸਜਿਦ ਪਲਾਹੀ ਵਿਖੇ ਵਿਧਾਇਕ ਧਾਲੀਵਾਲ ਨੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਈਦ ਦੀ ਵਧਾਈ

ਫਗਵਾੜਾ (ਬੀ. ਕੇ. ਰੱਤੂ)– ਅੱਜ ਈਦ ਉਲ ਫਿਤਰ ਦਾ ਤਿਉਹਾਰ ਮੁਸਲਿਮ ਭਾਈਚਾਰੇ ਵਲੋਂ ਮਦੀਨਾ ਮਸਜਿਦ ਪਲਾਹੀ ਵਿਖੇ ਕੋਵਿਡ-19 ਕੋਰੋਨਾ ਵਾਇਰਸ ਆਫਤ ਪ੍ਰਸ਼ਾਸਨ ਵਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਮੁਸਲਿਮ ਭਾਈਚਾਰੇ ਨੂੰ ਈਦ ਮੁਬਾਰਕ ਕਹਿਣ ਲਈ ਵਿਸ਼ੇਸ਼ ਤੌਰ ਤੇ ਮਦੀਨਾ ਮਸਜਿਦ ਪੁੱਜੇ। ਉਹਨਾਂ ਈਦ ਦੀ ਨਮਾਜ ਤੋਂ ਬਾਅਦ ਵਿਧਾਇਕ ਧਾਲੀਵਾਲ ਨੇ ਸਮੂਹ ਮੁਸਲਿਮ ਭਾਈਚਾਰੇ ਨੂੰ ਈਦ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਆਪਸੀ ਭਾਈਚਾਰੇ ਦੀ ਮਜਬੂਤੀ ਲਈ ਪਰਮਾਤਮਾ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਮਦੀਨਾ ਮਸਜਿਦ ਕਮੇਟੀ ਦੇ ਪ੍ਰਧਾਨ ਸਰਬਰ ਗੁਲਾਮ ਸੱਬਾ ਨੇ ਦੱਸਿਆ ਕਿ ਈਦ ਉਲ ਫਿਤਰ ਰਮਜ਼ਾਨ ਦੇ ਪਵਿੱਤਰ ਮਹੀਨੇ ਦੀ ਸਮਾਪਤੀ ਤੇ ਮਨਾਇਆ ਜਾਂਦਾ ਹੈ। ਉਹਨਾਂ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਭਾਰਤ ਸਮੇਤ ਪੂਰੀ ਦੁਨੀਆ ਨੂੰ ਕੋਰੋਨਾ ਵਾਇਰਸ

ਦੇ ਪ੍ਰਕੋਪ ਤੋਂ ਮੁਕਤੀ ਲਈ ਅਰਦਾਸ ਵੀ ਕੀਤੀ ਗਈ। ਪ੍ਰਬੰਧਕਾਂ ਵਲੋਂ ਵਿਧਾਇਕ ਧਾਲੀਵਾਲ ਅਤੇ ਉਹਨਾਂ ਦੇ ਨਾਲ ਪਹੁੰਚੇ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਨਰੇਸ਼ ਭਾਰਦਵਾਜ, ਸੀਨੀਅਰ ਆਗੂ ਵਿਨੋਦ ਵਰਮਾਨੀ ਸਮੇਤ ਹੋਰਨਾਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਸ.ਪੀ. ਮਨਵਿੰਦਰ ਸਿੰਘ, ਡੀ.ਐਸ.ਪੀ. ਸੁਰਿੰਦਰ ਚਾਂਦ, ਐਸ.ਐਚ.ਓ. ਸਿਟੀ ਉਂਕਾਰ ਸਿੰਘ ਬਰਾੜ, ਐਸ.ਐਚ.ਓ. ਸਤਨਾਮਪੁਰਾ ਊਸ਼ਾ ਰਾਣੀ, ਐਸ.ਐਚ.ਓ. ਸਦਰ ਅਮਰਜੀਤ ਸਿੰਘ ਮੱਲੀ, ਐਸ.ਐਚ.ਓ. ਰਾਵਲਪਿੰਡੀ ਪਰਮਜੀਤ ਸਿੰਘ, ਬਲਾਕ ਸੰਮਤੀ ਫਗਵਾੜਾ ਦੇ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਮਾਰਕਿਟ ਕਮੇਟੀ ਫਗਵਾੜਾ ਦੇ ਉਪ ਚੇਅਰਮੈਨ ਜਗਜੀਵਨ ਖਲਵਾੜਾ, ਅਵਤਾਰ ਸਿੰਘ ਸਰਪੰਚ ਪੰਡਵਾ, ਵਿੱਕੀ ਵਾਲੀਆ ਰਾਣੀਪੁਰ, ਮੈਂਬਰ ਪੰਚਾਇਤ ਰਵੀ, ਸੁਰਜਨ ਸਿੰਘ, ਪੁਰਸ਼ੋਤਮ ਲਾਲ, ਮੁਹੰਮਦ ਰਫੀਕ, ਮੁਹੰਮਦ ਅਲਾਉਦੀਨ, ਕਾਰੀ ਗਯੂਰ ਅਹਿਮਦ, ਸਮੀਰ ਮੁਹੰਮਦ, ਮੁਹੰਮਦ ਕਮਰੂਲ, ਮੁਹੰਮਦ ਮੋਸੀਦ, ਸ਼ਫੀ ਆਲਮ, ਮੁਹੰਮਦ ਮੁੰਨਾ, ਕਾਬਲ ਹਸਨ, ਮੁਹੰਮਦ ਅਸਲਮ, ਅਬਦੁਰ ਰਜਾਕ, ਬਦਰੂਦੀਨ, ਸੋਢੀ ਸੁੰਨੜਾ, ਮਨੋਹਰ ਸਿੰਘ ਪੰਚ, ਮਦਨ ਲਾਲ ਪੰਚ ਆਦਿ ਹਾਜਰ ਸਨ।

ਅਮਰ ਸ਼ਹੀਦ 108 ਸੰਤ ਰਾਮਾਨੰਦ ਜੀ ਮਹਾਰਾਜ ਜੀ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ- ਮਲਕੀਤ ਚੁੰਬਰ

ਫਗਵਾੜਾ (ਬੀ.ਕੇ.ਰੱਤੂ)– ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ 108 ਸੰਤ ਨਿਰੰਜਣ ਦਾਸ ਮਾਹਾਰਾਜ ਜੀ ਅਤੇ ਉਹਨਾਂ ਦੇ ਨਾਲ 108 ਸੰਤ ਰਾਮਾਨੰਦ ਮਾਹਾਰਾਜ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਲਈ ਅਸਟੈਲੀਆ ਦੀ ਧਰਤੀ ਵਿਆਨਾ ਵਿਖੇ ਪਹੁੰਚੇ ਸਨ ਜਿੱਥੇ ਸੰਤਾ ਉਤੇ ਜਾਨਲੇਵਾ ਹਮਲਾ ਹੋਇਆ ਸੰਤ ਨਿਰੰਜਣ ਦਾਸ ਮਾਹਾਰਾਜ ਜੀ ਜਖਮੀ ਹੋ ਗਏ ਅਤੇ ਸੰਤ ਰਾਮਾਨੰਦ ਮਾਹਾਰਾਜ ਜੀ ਨੇ ਜ਼ਖਮੀ ਹਾਲਤ ਵਿੱਚ ਹਰਿ ਹਰਿ ਦੇ ਸਿਮਰਨ ਕਰਦੇ ਹੋਏ ਸ਼ਹੀਦੀ ਜਾਮ ਪੀ ਗਏ ਸਨ ਤਾਂ ਅੱਜ ਰਵੀਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੇ 25 ਮਈ ਨੂੰ ਉਹਨਾਂ ਦੀ 11 ਵੀ ਬਰਸੀ ਮੌਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਨਵਾਂ ਪਿੰਡ ਸੌਕੀਆ ਦੀ ਸਮੂਹ ਸੰਗਤ ਨੇ ਕਿਹਾ ਸੰਤ ਰਾਮਾਨੰਦ ਮਾਹਾਰਾਜ ਜੀ ਵੱਲੋਂ ਦੱਸੇ ਹੋਏ ਮਾਰਗ ਤੇ ਚੱਲਕੇ ਆਪਣੇ ਰਹਿਬਰਾ ਦੇ ਮਿਸ਼ਨ ਨੂੰ ਮੱਜਲ ਤੱਕ ਪਹੁੰਚਣ ਲਈ ਕੰਮ ਕਰਦੇ ਰਹਾਗੇ

ਸੰਤ ਰਾਮਾਨੰਦ ਮਾਹਾਰਾਜ ਜੀ ਨੇ ਆਪਣੇ ਰਹਿਬਰਾ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਣ ਲਈ ਕੰਮ ਕਰਦੇ ਹੋਏ ਹੀ ਕੁਰਬਾਨੀ ਦਿੱਤੀ ਸੀ ਸੰਤਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਮੌਕੇ ਉਹਨਾਂ ਨਾਲ ਦਰਸ਼ਨ ਮੈਹਿਮੀ ਪਾਲ ਕੈਲੇ ਸਾਬਕਾ ਪੰਚ ਸੰਤੋਖ ਰਾਮ ਪੰਚ ਸਨਦੀਪ ਕਰੜਾ ਮਹਿੰਦਰ ਚੁੰਬਰ ਪਰਮਜੀਤ ਕਰੜਾ ਤਰਸੇਮ ਚੁੰਬਰ ਸਾਬਕਾ ਪੰਚ ਗੁਰਨਾਮ ਸਾਬਕਾ ਪੰਚ ਗਿਆਨ ਚੁੰਬਰ ਜਰਨੈਲ ਚੰਦ ਸਾਬਕਾ ਸਰਪੰਚ ਮਹਿੰਦਰ ਪਾਲ ਸਾਬਕਾ ਸਰਪੰਚ ਕੁਲਵਿੰਦਰ ਸੁੰਮਨ ਗਿਆਨ ਦਾਦਰਾ ਤਜਿੰਦਰ ਦਾਦਰਾ ਕਮਲ ਦਾਦਰਾ ਗੁਰਪ੍ਰੀਤ ਚੁੰਬਰ ਹਰਮੇਸ਼ ਚੁੰਬਰ ਰਮਨ ਸੁੰਮਨ ਮਨਪ੍ਰੀਤ ਸੁੰਮਨ ਅਜੈ ਸੁੰਮਨ ਸੋਮ ਨਾਥ ਚੁੰਬਰ ਰਾਜ ਕੁਮਾਰ ਚੁੰਬਰ ਪਿੰਦੂ ਚੁੰਬਰ ਪਾਲ ਮੈਹਿਮੀ ਰਾਜਾ ਸੁੰਮਨ ਸੁੱਖਾ ਨਾਹਰ ਸਰਬਜੀਤ ਨਾਹਰ ਸਾਰੇ ਸਾਥੀਆਂ ਨੇ ਸੰਤਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਵਿਧਾਇਕ ਧਾਲੀਵਾਲ ਨੇ ਮਾਤਾ ਰਾਣੀ ਮੰਦਰ ਜਮਾਲਪੁਰ ਨੂੰ ਭੇਂਟ ਕੀਤੇ ਬਰਤਨ

ਫਗਵਾੜਾ (ਰੱਤੂ) ਫਗਵਾੜਾ ਦੇ ਨਜਦੀਕੀ ਪਿੰਡ ਜਮਾਲਪੁਰ ਵਿਖੇ ਸਥਿਤ ਮਾਤਾ ਰਾਣੀ ਮੰਦਰ ਨੂੰ ਅੱਜ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਲੋਂ ਨਵੇਂ ਬਰਤਨ ਭੇਂਟ ਕੀਤੇ ਗਏ। ਇਹ ਬਰਤਨ ਪੰਜਾਬ ਦੇ ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਵਲੋਂ ਭੇਜੀ ਇਕ ਲੱਖ ਰੁਪਏ ਦੀ ਗ੍ਰਾਂਟ ਨਾਲ ਖਰੀਦੇ ਗਏ ਹਨ। ਇਸ ਦੌਰਾਨ ਪਿੰਡ ਵਾਸੀਆਂ ਨੇ ਕੈਬਿਨੇਟ ਮੰਤਰੀ ਧਰਮਸੋਤ ਦਾ ਧੰਨਵਾਦ ਕੀਤਾ ਅਤੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਤੇ ਉਨ੍ਹਾਂ ਦੇ ਨਾਲ ਪੁੱਜੇ ਪਤਵੰਤਿਆਂ ਦਾ ਸਿਰੋਪੇ ਪਾ ਕੇ ਸਨਮਾਨ ਕੀਤਾ ਗਿਆ। ਬਿੱਟੂ ਜਮਾਲਪੁਰ ਨੇ ਸਮੂਹ ਪਤਵੰਤਿਆਂ ਦਾ ਪਿੰਡ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਸੇਵਾ ਨਾਲ ਮੰਦਰ ਵਿਖੇ ਲੰਗਰ ਆਦਿ ਤਿਆਰ ਕਰਨ ਅਤੇ ਵਰਤਾਉਣ ਵਿਚ ਕਾਫੀ

ਸੁਵਿਧਾ ਮਿਲੇਗੀ। ਵਿਧਾਇਕ ਧਾਲੀਵਾਲ ਨੇ ਪਿੰਡ ਦੇ ਸਮੁੱਚੇ ਵਿਕਾਸ ਦਾ ਭਰੋਸਾ ਦਿੱਤਾ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਰੋਨਾ ਲਾਕਡਾਊਨ ਨਿਯਮਾਂ ਦੀ ਪੂਰੀ ਪਾਲਣਾ ਕਰਨ। ਇਸ ਬਿਮਾਰੀ ਤੋਂ ਘਬਰ

ਜੈ ਗੁਰੂਦੇਵ ਜੀ। ਦੇਸ਼-ਵਿਦੇਸ਼ ਦੀ ਸਮੂਹ ਸਤਿ-ਸੰਗਤ ਜੀਓ। ਆਪ ਸਭ ਨੂੰ ਸਤਿਗੁਰੂ ਸੁਆਮੀ ਈਸ਼ਰ ਦਾਸ ਮਾਹਾਰਾਜ ਜੀ ਦੇ 120ਵੇ ਜਨਮ ਦਿਹਾੜੇ ਦੀਆ ਲੱਖ-ਲੱਖ ਵਧਾਈਆਂ। ਜਿਵੇਂ ਕੇ ਆਪ ਜੀ ਨੂੰ ਪਤਾ ਹੈ ਕਿ ਸੁਆਮੀ ਜੀ ਮਹਾਰਾਜ ਜੀ ਦਾ 120ਵਾ ਪ੍ਰਕਾਸ਼ ਪਰਵ 28 ਮਈ 2020 ਦਿਨ ਵੀਰਵਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਣਾ ਸੀ।ਪਰ ਵਿਸ਼ਵ ਵਿਆਪੀ ਕਰੋਨਾ ਮਾਹਾਮਾਰੀ ਕਾਰਨ ਸਰਕਾਰ ਨੇ ਅਗਲੇ ਹੁਕਮਾਂ ਤੱਕ ਹਰ ਤਰਾਂ ਦੇ ਧਾਰਮਿਕ ਸਮਾਗਮਾਂ ਤੇ ਪਬੰਦੀ ਲਗਾਈ ਹੋਈ ਹੈ। ਸਰਕਾਰ ਦੀਆਂ ਹਦਾਇਤਾਂ ਨੂੰ ਮੰਨਿਆ ਜਾਵੇ।

ਸਤਿਗੁਰੂ ਰਵਿਦਾਸ ਮਹਾਰਾਜ ਦੀ ਬੇਅਦਬੀ ਕਰਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ- ਬੇਗਮਪੁਰਾ ਟਾਈਗਰ ਫੋਰਸ

ਕਰੋਨਾ ਵਾਇਰਸ ਦੀ ਅੱਗ ਪੂਰੇ ਵਿਸ਼ਵ ਨੂੰ ਨਿਗਲਣ ਵਾਸਤੇ ਮੂੰਹ ਖੋਲ ਕੇ ਭਸਮ ਕਰਨ ਲਈ ਪੂਰਾ ਜ਼ੋਰ ਲਗਾ ਰਹੀ ਹੈ ਸਾਰਾ ਸੰਸਾਰ ਇਸ ਬੀਮਾਰੀ ਨੂੰ ਹਰਾਉਣ ਲਈ ਇੱਕ ਮੁੱਠ ਹੋ ਕੇ ਮੁਕਾਬਲਾ ਕਰ ਰਿਹਾ ਹੈ ਸੰਸਾਰ ਭਰ ਦੇ ਦੇਸ਼ਾਂ ਦੀ ਅਰਥ ਵਿਵਸਥਾ ਚਰਮਰਾ ਗਈ ਹੈ ਅਤੇ ਦੁਨੀਆਂ ਭਰ ਦੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਜੁਗਾੜ ਦਾ ਫਿਕਰ ਲੱਗਾ ਹੋਇਆ ਹੈ ਸਰਕਾਰਾਂ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਬਚਾਉਣ ਵਿੱਚ ਲੱਗੀਆਂ ਹੋਈਆਂ ਹਨ ਪ੍ਰੰਤੂ ਦੂਜੇ ਪਾਸੇ ਇਸ ਨਾਜ਼ੁਕ ਦੌਰ ਵਿੱਚ ਕੁਝ ਸ਼ਰਾਰਤੀ ਅਨਸਰ ਦੇਸ਼ ਵਿੱਚ ਅਗਜਨੀ ਦਾ ਮਾਹੌਲ ਪੈਦਾ ਕਰਨ ਲਈ ਘਿਣਾਉਣੀਆਂ ਹਰਕਤਾਂ ਦੀ ਸੀਮਾ ਟੱਪ ਕੇ ਗੁਰੂਆਂ ਰਹਿਬਰਾਂ ਦੀ ਬੇਅਦਬੀ ਕਰਨ ਤੇ ਲੱਗੇ ਹੋਏ ਹਨ ਹਾਲਾਂਕਿ ਗੁਰੂ ਰਹਿਬਰ ਮਾਣ ਸਨਮਾਨ ਦੀਆਂ ਹੱਦਾਂ ਤੋਂ ਪਰੇ ਹਨ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਐਸ ਐਸ ਪੀ ਹੁਸ਼ਿਆਰਪੁਰ ਰਾਹੀਂ ਰਾਜਪਾਲ ਪੰਜਾਬ ਦੇ ਨਾਮ ਤੇ ਇੱਕ ਮੰਗ ਪੱਤਰ ਭੇਜਿਆ ਜਿਸ ਵਿੱਚ ਰਾਜਪਾਲ ਤੋਂ ਮੰਗ ਕੀਤੀ ਕਿ ਪਿਛਲੇ ਦਿਨੀਂ ਇੱਕ ਤਬਾਕੂ ਦੀ ਡੱਬੀ ਉੱਪਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਸਰੂਪ ਲਗਾ ਕੇ

ਬਾਜ਼ਾਰ ਵਿੱਚ ਵੇਚਿਆ ਜਾ ਰਿਹਾ ਹੈ ਇਸ ਦੀ ਪੜਤਾਲ ਕਰਕੇ ਜਿਨ੍ਹਾਂ ਲੋਕਾਂ ਨੇ ਇਹ ਘਿਨੌਣੀ ਹਰਕਤ ਕੀਤੀ ਹੈ ਉਨ੍ਹਾਂ ਉੱਪਰ ਪਰਚਾ ਦਰਜ ਕਰਕੇ ਉਹਨਾ ਨੂੰ ਗ੍ਰਿਫਤਾਰ ਕੀਤਾ ਜਾਵੇ ਬੇਗਮਪੁਰਾ ਟਾਈਗਰ ਫੋਰਸ ਫਿਰ ਵੀ ਜਾਂਚ ਦੀ ਮੰਗ ਕਰਕੇ ਇਸ ਪਿੱਛੇ ਅਗਜਕਤਾ ਫੈਲਾਉਣ ਵਾਲੇ ਅਸਲੀ ਦੋਸ਼ੀਆਂ ਦੀ ਗ੍ਰਿਫ਼ਤਾਰੀ ਯਕੀਨੀ ਚਾਹੁੰਦੀ ਹੈ ਅਗਰ ਫ਼ੈਕਟਰੀ ਵਾਲੇ ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਉੱਪਰ ਸਖ਼ਤ ਕਾਰਵਾਈ ਦੇ ਨਾਲ ਨਾਲ ਫੈਕਟਰੀ ਨੂੰ ਵੀ ਸੀਲ ਕੀਤਾ ਜਾਵੇ ਆਗੂਆਂ ਨੇ ਕਿਹਾ ਕਿ ਰਵਿਦਾਸੀਆ ਕੌਮ ਵਲੋ ਇਸ ਬੇਅਦਬੀ ਨੂੰ ਸਹਿਨ ਨਹੀਂ ਕੀਤਾ ਜਾਵੇਗਾ ਦੁਨੀਆਂ ਕਰੋਨਾ ਵਾਇਰਸ ਦੀ ਮਾਰ ਝੱਲ ਰਹੀ ਹੈ ਪ੍ਰੰਤੂ ਸੋਸ਼ਲ ਮੀਡੀਆ ਉੱਪਰ ਇਹ ਮਸਲਾ ਭਖਿਆ ਹੋਇਆ ਹੈ ਉਨ੍ਹਾਂ ਸਰਕਾਰ ਕੋਲੋ ਮੰਗ ਕੀਤੀ ਕੇ ਖੁਦ ਇਸ ਘਟਨਾ ਦੀ ਨਿੰਦਾ ਕਰੇ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰੇ ਇਸ ਮੌਕੇ ਚੇਅਰਮੈਨ ਤਰਸੇਮ ਦੀਵਾਨਾ ਕੌਮੀ ਪ੍ਰਧਾਨ ਅਸ਼ੋਕ ਸੱਲਣ, ਕੌਮੀ ਜਨਰਲ ਸਕੱਤਰ ਅਵਤਾਰ ਬਸੀ ਖਵਾਜੂ, ਪੰਜਾਬ ਪ੍ਰਧਾਨ ਤਾਰਾ ਚੰਦ, ਬੱਬੂ ਸਿੰਗੜੀਵਾਲ, ਜਿਲ੍ਹਾ ਪ੍ਰਧਾਨ ਅਮਰਜੀਤ ਸੰਧੀ, ਸੁੱਖਦੇਵ ਅਸਲਾਮਾਬਾਦ, ਜਿਲ੍ਹਾ ਉੱਪ ਪ੍ਰਧਾਨ ਬੀਰਪਾਲ ਠਰੋਲੀ, ਜੱਸਾ ਠਰੋਲੀ ਆਦਿ ਹਾਜਰ ਸ਼ਨ ।

ਐਲ.ਆਰ. ਬਾਲੀ 'ਡਾ.ਅੰਬੇਡਕਰ ਇੰਟਰਨੈਸ਼ਨਲ ਲਾਈਫਟਾਈਮ ਅਚੀਵਮੈਂਟ' ਐਵਾਰਡ ਨਾਲ ਸਨਮਾਨਿਤ

ਜਲੰਧਰ– ਅੰਬੇਡਕਰ ਐਸੋਸੀਏਸ਼ਨ ਔਫ ਨੋਰਥ ਅਮਰੀਕਾ (ਆਨਾ) ਬਾਬਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਡਾ ਪ੍ਰਚਾਰ ਪ੍ਰਸਾਰ ਕਰ ਰਹੀ ਹੈ. ਗਰੀਬ ਵਿਦਿਆਰਥੀਆਂ ਦੀ ਸਹਾਇਤਾ ਕਰਨ ਦੇ ਨਾਲ ਨਾਲ ਉਹ ਸਮਾਜ ਭਲਾਈ ਦੇ ਕੰਮਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾ ਰਹੀ ਹੈ. ਭਾਰਤ ਵਿਚ ਕਰੋਨਾ ਵਾਇਰਸ ਦੀ ਮਹਾਮਾਰੀ ਦੇ ਚਲਦਿਆਂ ਆਨਾ ਨੇ ਸੁੱਕਾ ਰਾਸ਼ਨ ਸਮੱਗਰੀ ਵੰਡ ਕੇ ਹਜਾਰਾਂ ਹੀ ਜਰੂਰਤਮੰਦ ਪਰਿਵਾਰਾਂ ਦੀ ਸਹਾਇਤਾ ਕੀਤੀ ਹੈ. ਅੰਬੇਡਕਰ ਐਸੋਸੀਏਸ਼ਨ ਔਫ ਨੋਰਥ ਅਮਰੀਕਾ ਨੇ 23-24 ਮਈ ਨੂੰ ਆਪਣੇ ਦੋ ਦਿਨ ਦਾ ਔਨਲਾਈਨ ਸਾਲਾਨਾ ਸਮਾਗਮ ਦਾ ਆਯੋਜਨ ਯੂ ਐਸ ਏ ਤੋਂ ਕੀਤਾ ਜਿਸ ਵਿਚ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ. ਸਮਾਗਮ ਦਾ ਆਰੰਭ ਸਤਿਕਾਰਤ ਭੰਤੇ ਵਿਮਲਕੀਰਤੀ ਗੁਨਾਸੀਰੀ ਜੀ ਦੇ ਪ੍ਰਵਚਨਾਂ ਨਾਲ ਹੋਇਆ. ਚਲਦੇ ਸਮਾਗਮ ਵਿਚ ਆਨਾ ਤੇ ਪ੍ਰੈਜ਼ੀਡੈਂਟ ਪੰਕਜ ਮੇਸ਼ਰਾਮ ਨੇ ਉੱਘੇ ਅੰਬੇਡਕਰ ਵਾਦੀ, ਲੇਖਕ, ਚਿੰਤਕ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ੍ਰੀ ਲਾਹੌਰੀ ਰਾਮ ਬਾਲੀ ਨੂੰ ਡਾ.ਅੰਬੇਡਕਰ ਇੰਟਰਨੈਸ਼ਨਲ ਲਾਈਫਟਾਈਮ ਅਚੀਵਮੈਂਟ ਐਵਾਰਡ ਦੇਣ ਦੀ ਘੋਸ਼ਣਾ ਕੀਤੀ. ਇਸ ਦੇ ਨਾਲ ਹੀ ਹੋਰ ਤਿੰਨ ਐਵਾਰਡ, ਡਾ. ਆਰ ਐਸ ਪ੍ਰਵੀਨ ਆਈਪੀਐਸ ਨੂੰ ਡਾ. ਅੰਬੇਡਕਰ ਇੰਟਰਨੈਸ਼ਨਲ ਐਵਾਰਡ, ਮੈਡਮ ਮੰਜੁਲਾ ਪ੍ਰਦੀਪ ਨੂੰ ਸਾਵਿਤਰੀਬਾਈ ਫੂਲੇ ਇੰਟਰਨੈਸ਼ਨਲ ਐਵਾਰਡ ਅਤੇ ਦਲਿਤ ਦਸਤਕ ਨੂੰ

ਮੂਕ ਨਾਇਕ ਏਕ੍ਸਲੇਂਸੀ ਇਨ ਜੌਰਨਲਿਜ਼ਮ ਐਵਾਰਡ ਦੇਣ ਦੀ ਵੀ ਘੋਸ਼ਣਾ ਕੀਤੀ. ਇਹ ਜਾਣਕਾਰੀ ਅੰ-ਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਦਿੱਤੀ. ਵਰਿੰਦਰ ਕੁਮਾਰ ਨੇ ਕਿਹਾ ਕਿ ਸ੍ਰੀ ਬਾਲੀ ਜੀ ਨੇ ਐਵਾਰਡ ਦੀ ਪ੍ਰਵਾਨਗੀ ਕਰਦਿਆਂ ਕਿਹਾ ਕਿ ਆਨਾ ਇੱਕ ਅਜਿਹੀ ਸੰਸਥਾ ਹੈ ਜੋ ਸਮਾਜ ਸੇਵਾ ਲਈ ਸਮਰਪਿਤ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਦਾ ਸਨਮਾਨ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਆਨਾ ਜੋ ਵੀ ਡਿਊਟੀ ਲਗਾਏਗੀ ਉਸਨੂੰ ਤਨਦੇਹੀ ਨਾਲ ਨਿਭਾਵਾਂਗੇ. ਵਰਿੰਦਰ ਕੁਮਾਰ ਨੇ ਅੱਗੇ ਕਿਹਾ ਕਿ ਸ੍ਰੀ ਬਾਲੀ ਜੀ ਨੂੰ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨਾਲ 6 ਸਾਲ ਸੰਪਰਕ ਵਿੱਚ ਰਹਿਣ ਦਾ ਮਾਣ ਪ੍ਰਾਪਤ ਹੈ. ਉਹ 1958 ਤੋਂ ਨਿਰੋਲ ਮਿਸ਼ਨਰੀ ਅਖਬਾਰ 'ਭੀਮ ਪਤ੍ਰਿਕਾ' ਦੇ ਸੰਪਾਦਕ ਹਨ. ਆਲ ਇੰਡੀਆ ਸਮਤਾ ਸੈਨਿਕ ਦਲ ਦੇ ਮਾਧਿਅਮ ਤੋਂ ਬਾਲੀ ਜੀ ਦੇ ਸੰਘਰਸ਼ ਨਾਲ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਅਣਛਪੀਆਂ ਪੰਡੁਲਿਪੀਆਂ 'ਡਾ. ਬਾਬਾਸਾਹਿਬ ਅੰਬੇਡਕਰ ਰਾਇਟਿੰਗਜ਼ ਐਂਡ ਸਪੀਚੇਸ' ਦੇ ਰੂਪ ਵਿਚ ਛਪੀਆਂ ਹਨ. ਅੰਬੇਡਕਰ ਭਵਨ ਟਰੱਸਟ ਜਲੰਧਰ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ. ਔਨਲਾਈਨ ਸਮਾਗਮ ਨੂੰ ਸਫਲ ਬਣਾਉਣ ਵਾਸਤੇ ਆਨਾ ਦੇ ਪ੍ਰਮੁੱਖ ਕਾਰਕੁਨ ਸੰਜੇ ਭਗਤ, ਰਾਜਿੰਦਰ ਬੱਧਣ ਅਤੇ ਹੋਰ ਮੈਂਬਰਾਂ ਨੇ ਪ੍ਰਬੰਧ ਕੀਤਾ।

ਕਦੋਂ-ਕਿੱਧਰ ਨੂੰ: ਏਅਰ ਇੰਡੀਆ ਦੀ 17 ਜੂਨ ਤੱਕ ਲਿਸਟ ਅੱਪਡੇਟ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)– ਏਅਰ ਇੰਡੀਆ ਦੇ ਨਿਊਜ਼ੀਲੈਂਡ ਨੂੰ 6 ਜਹਾਜ਼ਾਂ ਦੇ ਆਉਣ ਦੀ ਚਰਚਾ ਕਈ ਦਿਨ ਚਲਦੀ ਰਹੀ ਹੈ। ਪਰ ਅਜੇ ਤੱਕ ਇਕ ਹੀ ਜਹਾਜ਼ ਵੇਰਵਾ ਏਅਰ ਇੰਡੀਆ ਦੀ ਲਿਸਟ ਦੇ ਵਿਚ ਨਜ਼ਰ ਆ ਰਿਹਾ ਹੈ। ਅੱਜ ਏਅਰ ਇੰਡੀਆ ਨੇ ਫੇਜ-2 ਦੀ ਲਿਸਟ ਨੂੰ ਦੁਬਾਰਾ ਅੱਪਡੇਟ ਕੀਤਾ ਜੋ ਕਿ 17 ਜੂਨ ਤੱਕ ਦੀਆਂ ਅੰਤਰਰਾਸ਼ਟਰੀ ਫਲਾਈਟਾਂ ਵਿਖਾ ਰਹੀ ਹੈ ਜਿਸ ਦੇ ਵਿਚ ਇੰਡੀਆ ਤੋਂ ਬਾਹਰ ਜਾਣ ਅਤੇ ਵਾਪਿਸ ਆਉਣ ਦਾ ਵੇਰਵਾ ਹੈ। ਇਸਦੇ ਵਿਚ ਦਿੱਲੀ ਤੋਂ ਔਕਲੈਂਡ ਦੇ ਲਈ ਇਕ ਹੀ ਫਲਾਈਟ 4 ਜੂਨ ਵਾਲੀ ਨਜ਼ਰ ਆ ਰਹੀ ਹੈ ਜੋ ਕਿ 5 ਜੂਨ ਨੂੰ ਇਥੇ ਪਹੁੰਚੇਗੀ ਅਤੇ 7 ਜੂਨ ਨੂੰ ਦੁਬਾਰਾ 1.30 ਵਜੇ ਵਾਪਿਸ ਦਿੱਲੀ ਪਰਤੇਗੀ। ਬਾਕੀ ਫਲਾਈਟਾਂ ਦਾ ਕੀ ਬਣਿਆ? ਇਸ ਬਾਰੇ ਕੋਈ ਪੱਕੀ ਉਘ-ਸੁਘ ਨਹੀਂ ਹੈ। ਨਿਊਜ਼ੀਲੈਂਡ ਸਰਕਾਰ ਨੇ ਜੋ ਸਪਲੀਮੈਂਟਰੀ ਜਾਣਕਾਰੀ ਵਾਸਤੇ ਸਰਵੇਅ ਕੀਤਾ ਸੀ ਉਸਦੇ ਵਿਚ ਪਤਾ ਲੱਗਾ ਹੈ ਕਿ 2000 ਤੱਕ ਲੋਕਾਂ ਨੇ ਆਪਣੇ ਨਾਂਅ ਸ਼ਾਮਿਲ ਕੀਤੇ ਹਨ। ਇਸ ਜਾਣਕ-ਾਰੀ ਨੂੰ ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਚੈਕ ਕਰਕੇ ਹੀ ਦੱਸਣਾ ਸੀ ਕਿ ਕੌਣ-ਕੌਣ ਿਨ ਉ ੂ ਜ਼ ੀ ਲੈ ` ` ਡ ਕੋਵਿਡ-19 ਦੇ ਨਿਯਮਾਂ ਤਹਿਤ ਆ ਸਕਦਾ ਹੈ। ਕਈ ਲੋਕਾਂ ਨੂੰ ਇਹ ਵੀ ਭਰਮ ਹੈ ਕਿ ਜਿਸਨੇ ਭਰ ਦਿੱਤਾ ਸ਼ਾਇਦ ਸਾਰੇ ਆ



ਜਾਣਗੇ। ਜੇਕਰ ਸਰਵੇਅ ਦੇ ਹਿਸਾਬ ਨਾਲ ਵੇਖਿਆ ਜਾਏ ਤਾਂ 6-7 ਜਹਾਜ਼ਾਂ ਜੋਗੀਆਂ ਸਵਾਰੀਆਂ ਤਿਆਰ ਬਰ ਤਿਆਰ ਹਨ ਆਉਣ ਲਈ ਪਰ ਜਹਾਜ਼ਾਂ ਦਾ ਵੇਰਵਾ ਅਜੇ ਕੋਈ ਨਜ਼ਰ ਨਹੀਂ ਆ ਰਿਹਾ। 14 ਦਿਨ ਦੇ ਮੈਨੇਜਡ ਆਈਸੋਲੇਸ਼ਨ ਪ੍ਰੋਗਰਾਮ ਤਹਿਤ ਜੇਕਰ ਕੋਈ ਇਥੇ ਵਾਪਿਸ ਆਉਂਦਾ ਹੈ ਤਾਂ ਸਰਕਾਰੀ ਖਰਚੇ ਉਤੇ ਉਸਨੂੰ ਰੱਖਣਾ ਪੈਣਾ ਹੈ ਹੋ ਸਕਦਾ ਹੈ ਸਰਕਾਰ ਅਗਲੇਰੇ ਪ੍ਰਬੰਧ ਵੀ ਵੇਖਦੀ ਹੋਵੇ। ਔਕਲੈਂਡ ਦੇ ਕੁੱਲ 13 ਹੋਟਲ ਇਸ ਕਾਰਜ ਲਈ ਲਏ ਗਏ ਸਨ।

ਏਅਰ ਇੰਡੀਆ ਦੀ ਐਪ ਉਤੇ ਸਵੇਰੇ ਦਿੱਲੀ ਤੋਂ ਔਕਲੈਂਡ ਦੀ ਟਿਕਟ 1 ਲੱਖ 14 ਹਜ਼ਾਰ 881 ਦੀ (2502 ਡਾਲਰ) ਦੀ ਨਜ਼ਰ ਆਉਂਦੀ ਸੀ ਅਤੇ ਹੁਣ ਸੋਲਡ ਆਊਟ ਨਜ਼ਰ ਆ ਰਹੀ ਹੈ। ਟਿਕਟਾਂ ਸੇਫ ਟ੍ਰੈਵਲ ਦੇ ਭੇਜੇ ਲਿੰਕ ਰਾਹੀਂ ਮਿਲਣੀਆਂ ਹਨ ਪਰ ਟਿਕਟਾਂ ਪਤਾ ਨੀ ਕੌਣ ਖਰੀਦ ਗਿਆ।

ਨਿਊਜ਼ੀਲੈਂਡ ਮਨਿਸਟਰੀ ਆਫ ਫੌਰਨ ਅਫੇਅਰਜ਼ ਉਤੇ ਵੀ ਤਸੱਲੀਬਖਸ਼ੀ ਜਾਣਕਾਰੀ ਨਹੀਂ ਹੈ ਇਕ ਪ੍ਰਸ਼ਨ ਦੇ ਉਤਰ ਵਿਚ ਉਹ ਕਹਿ ਰਹੇ ਹਨ ਕਿ ਉਨ੍ਹਾਂ ਕੋਲ ਪੱਕੀ ਸੂਚਨਾ ਨਹੀਂ ਹੈ ਕਿਹੜਾ ਜਹਾਜ਼ ਨਿਊਜ਼ੀਲੈਂਡ ਨੂੰ ਜਾਣਾ ਹੈ ਪਰ ਉਹ ਭਾਰਤ ਸਰਕਾਰ ਦੇ ਨਾਲ ਸੰਪਰਕ ਵਿਚ ਹਨ।

ਵਿਦਿਆਰਥੀਆਂ ਦੇ ਆਨਲਾਈਨ ਲੇਖ ਮੁਕਾਬਲੇ ਕਰਵਾ ਕੇ ਮਨਾਇਆ ਵਿਸ਼ਵ ਜੀਵ-ਵਿਭਿੰਨਤਾ ਦਿਵਸ

ਫਗਵਾੜਾ (ਰੱਤੂ) ਕੋਵਿਡ-19 ਕੋਰੋਨਾ ਵਾਇਰਸ ਆਫਤ ਕਾਰਨ ਜਾਰੀ ਲੋਕਡਾਉਨ ਵਿਚ ਫਗਵਾੜਾ ਇੰਨਵਾਇਰੰਮੈਂਟ ਐਸੋਸੀਏਸ਼ਨ ਵਲੋਂ ਸ੍ਰੀ ਕੇ.ਕੇ. ਸਰਦਾਨਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਕੂਲੀ ਵਿਦਿਆਰਥੀਆਂ ਦੇ ਆਨਲਾਈਨ ਲੇਖ ਮੁਕਾਬਲੇ ਕਰਵਾ ਕੇ ਵਿਸ਼ਵ ਜੀਵ ਵਿਭਿੰਨਤਾ ਦਿਵਸ ਮਨਾਇਆ ਗਿਆ। ਜਿਸ ਵਿਚ ਵੱਖ ਵੱਖ ਸਕੂਲਾਂ ਦੇ ਕਰੀਬ 47 ਵਿਦਿਆਰਥੀਆਂ ਨੇ ਭਾਗ ਲਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਲੇਖ ਮੁਕਾਬਲਿਆਂ ਦਾ ਵਿਸ਼ਾ ਕੋਰੋਨਾ ਵਾਇਰਸ ਕਾਰਨ ਨਾਲ ਜੀਵ ਵਿਭਿੰਨਤਾ ਕਰਕੇ ਮਨੁੰਖੀ ਜੀਵਨ ਵਿਚ ਆਇਆ ਬਦਲਾਅ ਸੀ। ਉਹਨਾਂ ਦੱਸਿਆ ਕਿ ਲੇਖ ਮੁਕਾਬਲੇ ਵਿਚ ਮਾਧਵੀ ਗੁਪਤਾ ਨੇ ਪਹਿਲਾ, ਮਹਿਕ ਪ੍ਰਭਾਕਰ ਨੇ ਦੂਸਰਾ ਅਤੇ ਜਸਲੀਨ ਕੌਰ ਨੇ ਤੀਸਰਾ

ਸਥਾਨ ਪ੍ਰਾਪਤ ਕੀਤਾ। ਜੱਜਾਂ ਦੀ ਭੂਮਿਕਾ ਕੈਰਿਅਰ ਪ੍ਰੇਰਕ ਨਰਿੰਦਰ ਕੌਰ, ਵਾਤਾਵਰਣ ਪ੍ਰੇਮੀ ਅਮਰਜੀਤ ਸਿੰਘ ਅਤੇ ਸਾਹਿਤਕਾਰ ਗੁਰਮੀਤ ਪਲਾਹੀ ਨੇ ਨਿਭਾਈ। ਜੇਤੂ ਵਿਦਿਆਰਥਣਾ ਨੂੰ ਬਲੱਡ ਬੈਂਕ ਵਿਖੇ ਆਯੋਜਿਤ ਸੰਖੇਪ ਸਮਾਗਮ ਦੌਰਾਨ ਪੀ.ਐਸ.ਪੀ.ਸੀ.ਐਲ. ਦੇ ਸੇਵਾਮੁਕਤ ਚੀਫ ਇੰਜੀਨੀਅਰ ਸ੍ਰੀ ਸੰਜੀਵ ਕੁਮਾਰ ਨੇ ਇਨਾਮਾ ਦੀ ਵੰਡ ਕਰਕੇ ਹੌਸਲਾ ਅਫਜਾਈ ਕੀਤੀ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੀ ਰਾਏ ਵਿਚ ਲਾਕਡਾਉਨ ਨਾਲ ਵਾਤਾਵਰਣ ਵਿਚ ਕਾਫੀ ਸਾਰਥਕ ਬਦਲਾਅ ਆਏ ਹਨ ਜਿਵੇਂ ਦਰਿਆਵਾਂ ਦਾ ਪਾਣੀ ਸਾਫ ਹੋਨਾ, ਹਵਾ ਦਾ ਸ਼ੁੱਧ ਹੋਣਾ, ਪੰਜਾਬ ਤੋਂ ਹਿਮਾਚਲ ਦੇ ਪਹਾੜਾਂ ਦਾ ਨਜ਼ਾਰਾ ਦਿਖਾਈ ਦੇਣਾ। ਇਸ ਤੋਂ ਇਲਾਵਾ ਪੰਛੀਆਂ ਦਾ ਬੇਖੌਫ ਉਡਾਰੀਆਂ ਮਾਰਨਾ, ਮੋਰਾਂ ਦਾ ਪੈਲਾਂ ਪਾਉਣਾ ਜਿਸ ਤੋਂ ਸਾਨੂੰ ਸੇਧ ਲੈਂਦੇ ਹੋਏ ਹਫਤੇ ਜਾਂ ਮਹੀਨੇ ਵਿਚ ਘੱਟ ਤੋਂ ਘੱਟ ਇਕ ਦਿਨ ਲਾਕਡਾਉਨ ਜਰੂਰ ਰੱਖਣਾ ਚਾਹੀਦਾ ਹੈ। ਅਖੀਰ ਵਿਚ ਉਹਨਾਂ ਇਸ ਆਨਲਾਈਨ ਪ੍ਰਤੀਯੋਗਿਤਾ ਨੂੰ ਸਫਲ ਬਨਾਉਣ ਵਿਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

ਬਾਜ਼ ਰਨਰਜ਼ ਕਲੱਬ ਨੇ ਆਨ ਲਾਈਨ ਮੁਕਾਬਲੇ ਕਰਵਾਏ

ਪਟਿਆਲਾ (ਬਿਊਰੋ)– ਬੀਤੇ ਦਿਨੀਂ ਬਾਜ਼ ਰਨਰਜ਼ ਕਲੱਬ, ਪਟਿਆਲਾ ਵੱਲੋਂ ਲੋਕਾਂ ਦੀ ਸ਼ਰੀਰਕ ਫਿੱਟਨੈੱਸ ਦੇ ਮੱਦੇਨਜ਼ਰ ਆਨ ਲਾਈਨ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸੂਬੇ ਦੇ ਵੱਖ-ਵੱਖ ਕੋਨਿਆਂ ਤੋਂ ਨੌਜ਼ਵਾਨ ਮੁੰਡੇ ਕੁੜੀਆਂ ਨੇ ਭਾਗ ਲਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਮੈਨੇਜਰ ਭੁਪਿੰਦਰ ਬਿਸ਼ਟ ਨੇ ਦੱਸਿਆ ਕਿ ਦਸ ਦਿਨ ਚੱਲੇ "ਵਾਲ ਸਿੱਟ ਹੋਲਡ" ਐਕਸਰ ਸਾਈਜ ਦੇ ਮੁਕਾਬਲੇ ਬੇਹੱਦ ਰੋਮਾਂਚਕ ਰਹੇ।

ਨੌਜਵਾਨਾਂ ਨੇ ਰੋਜ਼ਾਨਾ ਘਰ ਵਿੱਚ ਐਕਟੀਵਿਟੀ ਦੀ ਵੀਡਿਓ ਬਣਾ ਕੇ ਜੱਜਮੈਂਟ ਕਮੇਟੀ ਨੂੰ ਭੇਜੀਆਂ। ਉਹਨਾਂ ਦੱਸਿਆ ਕਿ ਮੇਲ ਕੈਟਾਗਿਰੀ ਵਿੱਚੋਂ ਮੋਹਿਤ ਸਿੰਘ ਲੁਧਿਆਣਾ ਨੇ ਪਹਿਲੇ ਸਥਾਨ, ਮੋਹਕ ਸ਼ਰਮਾ ਨੇ ਦੂਸਰੇ ਅਤੇ ਚਮਨਦੀਪ ਸ਼ਰਮਾ ਨੇ ਤੀਸਰੇ ਸਥਾਨ ਤੇ ਕਬਜ਼ਾ ਕੀਤਾ। ਫੀਮੇਲ ਕੈਟਾਗਿਰੀ ਵਿੱਚ ਯਾਦਵੀ ਬਿਸ਼ਟ ਨੇ ਪਹਿਲੀ, ਕਮਲਜੀਤ ਕੌਰ (ਸੁਲਤਾਨਪੁਰ) ਨੇ ਦੂਜੀ ਅਤੇ ਕਿਰਨਜੀਤ ਕੌਰ ਨੇ ਤੀਜੀ ਪੁਜ਼ੀਸਨ ਪ੍ਰਾਪਤ ਕੀਤੀ। ਇਸ

ਵਿਪਸਾ ਕੈਲੀਫੋਰਨੀਆ ਦੀ ਮਈ ਮਹੀਨੇ ਦੀ ਜ਼ੂਮ-ਮੀਟਿੰਗ

ਬੀਤੇ ਐਤਵਾਰ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵਲੋਂ ਮਈ ਮਹੀਨੇ ਦੀ ਮਾਸਿਕ ਸਾਹਿਤਕ ਬੈਠਕ, ਜ਼ੂਮ-ਸਾਧਨ ਰਾਹੀਂ ਮੁੜ ਇਕ ਰੋਚਕ ਗਲੋਬਲ ਪਰਵੇਸ਼ਕਾਰੀ ਵਿਚ ਸੰਪੰਨ ਹੋਈ ਜਿਸ ਵਿਚ ਭਾਰਤ ਤੋਂ ਚਰਨਜੀਤ ਸਿੰਘ ਪੰਨੂ ਅਤੇ ਕੈਨੇਡਾ ਤੋਂ ਪਿਆਰਾ ਸਿੰਘ ਕੁੱਦੋਵਾਲ ਤੇ ਸੁਰਜੀਤ ਕੌਰ ਨੇ ਸ਼ਮੂਲੀਅਤ ਕੀਤੀ। ਇਸ ਜ਼ੂਮ-ਬੈਠਕ ਦੀ ਮੇਜ਼ਬਾਨੀ ਕੁਲਵਿੰਦਰ ਵਲੋਂ ਬੜੇ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ। ਆਪੋ ਆਪਣੇ ਗ੍ਰਹਿ-ਨਿਵਾਸਾਂ ਤੋਂ ਜੁੜ ਬੈਠੇ ਲੇਖਕਾਂ ਦਾ ਸੁਆਗਤ ਕਰਨ ਉਪਰੰਤ COVID-19 PARADEMIC ਵਜੋਂ ਦੁਨੀਆਂ ਭਰ ਵਿਚ ਤਕਰੀਬਨ 50 ਲੱਖ ਕੋਰੋਨਾ ਦੀ ਲਪੇਟ ਵਿਚ ਆਏ ਵਿਅਕਤੀਆਂ ਚੋਂ ਤਕਰੀਬਨ ਤਿੰਨ ਲੱਖ ਅਕਾਲ ਚਲਾਣਾ ਕਰ ਜਾਣ ਦੇ ਦੁੱਖ ਨੂੰ ਪ੍ਰਗਟਾਉਂਦਿਆਂ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਦੇ ਨਾਲ ਨਾਲ ਪੰਜਾਬੀ ਬਾਲ ਸਾਹਿਤ ਅਤੇ ਲੋਕ ਧਾਰਾ ਦੇ ਸ਼ਿਰੋਮਣੀ ਲੇਖਕ ਸ. ਸੁਖਦੇਵ ਸਿੰਘ ਮਾਦਪੁਰੀ ਅਤੇ ਗੁਲਸ਼ਨ ਦਿਆਲ ਦੇ ਮਾਮਾ ਜੀ ਸ. ਬਲਬੀਰ ਸਿੰਘ ਹੰਸਰਾ ਜੀ ਦੇ ਸਦੀਵੀ ਵਿਛੋੜੇ ਕਾਰਨ ਉਹਨਾਂ ਦੀਆਂ ਆਤਮਾਵਾਂ ਦੀ ਸ਼ਾਂਤੀ ਲਈ ਇਕ ਮਿੰਟ ਦਾ ਮੋਨ ਧਾਰਨ ਕਰਨ ਦੀ ਬੇਨਤੀ ਕੀਤੀ। ਸੀਰਤ ਨੇ ਇਕ ਰਵਾਇਤ ਨੂੰ ਤੋਰਨ ਲਈ ਪਿਛਲੀ ਸਾਹਿਤਕ ਬੈਠਕ ਦੀ ਰਿਪੋਰਟ ਨੂੰ ਪੜ੍ਹਨ ਉਪਰੰਤ ਬੈਠਕ ਦੀ ਸੰਚਾਲਨਾ ਲਈ ਲਾਜ ਨੀਲਮ ਸੈਣੀ ਨੂੰ ਕਾਰਜ ਸੌਂਪਿਆ। ਇਕ ਨਵੇਂ ਵਿਚਾਰ ਅਧੀਨ ਕਿ ਸੰਚਾਲਕ ਕਿਸੇ ਸ਼ਾਇਰ ਦੀ ਰਚਿਤ ਪੁਸਤਕ ਨੂੰ ਆਧਾਰ ਬਣਾ ਕੇ ਉਸ ਚੋਂ ਕੁਝ ਸ਼ਿਅਰ ਜਾਂ ਟੂਕਾਂ ਜਾਂ ਖ਼ਿਆਲ ਸੰਚਾਲਨ ਵਿਚ ਸ਼ਾਮਿਲ ਕਰੇਗਾ, ਜਿਸ ਅਨੁਸਾਰ ਲਾਜ ਨੀਲਮ ਸੈਣੀ ਨੇ ਕੁਲਵਿੰਦਰ ਦੀ ਸ਼ਾਇਰੀ ਨੂੰ ਆਧਾਰ ਬਣਾਇਆ ਅਤੇ ਉਸ ਦਿਆਂ ਸ਼ਿਅਰਾਂ ਨੂੰ ਹਰ ਵਾਰੀ ਪੜ੍ਹਦਿਆਂ ਮਹੌਲ ਬੰਨਿਆ। ਕੁਲਵਿੰਦਰ ਦਾ ਇਸ ਅਨੁਸਾਰ ਜੋ ਸ਼ਿਅਰ ਮਹੌਲ ਲਈ ਢੁੱਕਵਾਂ ਰਿਹਾ ਆਪ ਨਾਲ ਸਾਂਝਾ ਕੀਤਾ ਜਾ ਰਿਹਾ ਹੈ:

"ਉੱਠ ਬੱਤੀ ਬਾਲ, ਕਰ ਅਰਦਾਸ, ਸਭ ਦੀ ਖ਼ੈਰ ਮੰਗ / ਸ਼ਾਮ ਖ਼ਾਮੋਸ਼ੀ'ਨਚ ਹੀ ਡੁੱਬੀ ਨ ਰਹਿ ਜਾਏ ਕਿਤੇ"।



ਤਿੰਨ ਘੰਟਿਆਂ ਦੇ ਸਮੇਂ ਵਿਚ ਜਿਸ ਤਰ੍ਹਾਂ ਸਾਹਿਤਕ ਗਤੀਵਿਧੀਆਂ ਦਾ ਦੌਰ ਚੱਲਦਾ ਰਿਹਾ ਉਸ ਦਾ ਆਰੰਭ ਪੰਜਾਬ'ਚ ਬੈਠੇ ਚਰਨਜੀਤ ਸਿੰਘ ਪੰਨੂ ਦੁਆਰਾ ਹੋਇਆ। ਉਹਨਾਂ ਦੀ ਕਵਿਤਾ, 'ਦੂਰੋਂ ਸਲਾਮ' ਕੋਰੋਨਾ ਨਾਲ ਸ਼ਿਕਵੇ ਸ਼ਿਕਾਇਤ ਸੀ ਜਦ ਕਿ ਰੇਸ਼ਮ ਸਿੱਧੂ ਨੇ ਤਿੰਨ ਕਵਿਤਾਵਾਂ, 'ਰੁਦਨ, ਸੀਰੀ ਅਤੇ ਮਿੱਟੀ ਦਾ ਮੋਹ' ਨਾਲ ਸਮਾਂ ਬੰਨ੍ਹਿਆਂ। ਰੇਸ਼ਮ ਨੇ ਇਹ ਇਕਰਾਰ ਵੀ ਕੀਤਾ ਕਿ ਉਸਦਾ ਕਾਵਿ ਸੰਗ੍ਰਹਿ ਇਸ ਵ੍ਹਰੇ ਵਿਚ ਪ੍ਰਕਾਸ਼ਿਤ ਹੋ ਜਾਵੇਗਾ। ਅਗਲੇ ਚਰਣ ਵਿਚ ਜੋਤੀ ਸਿੰਘ ਨੇ ਆਪਣੇ ਮਧੁਰ ਸੁਰਤਾਲ ਵਿਚ ਹਾਰਮੋਨੀਅਮ ਤੇ ਇਕ ਸੱਜਰਾ ਗੀਤ ਗਾਇਆ ਜਿਸਦਾ ਮੁਖੜਾ ਸੀ, "ਜੋਤ ਨੂੰ ਆਖੋ ਨਸੀਬਾਂ ਨੂੰ ਠੇਲੇ/ ਦਰਸ ਪਿਆਸ ਨੂੰ ਬੂੰਦ ਬੂੰਦ ਸਮੇਲੇ"। ਲਾਜ ਨੀਲਮ ਸੈਣੀ ਹਰ ਨਵੇਂ ਬੁਲਾਰੇ ਨੂੰ ਪੇਸ਼ ਕਰਦੇ ਸਮੇਂ ਕੁਲਵਿੰਦਰ ਦਾ ਇਕ ਸ਼ਿਅਰ ਪੜ੍ਹਦੀ ਰਹੀ, ਕਾਫਲਾ ਅੱਗੇ ਤੁਰਦਾ ਰਿਹਾ ਤੇ ਅਮਰਜੀਤ ਪੰਨੂ ਨੇ ਮੋਹਨ ਸਿੰਘ ਦੀ ਕਾਵਿ ਪੁਸਤਕ 'ਸਾਵੇ ਪੱਤਰ' 'ਚੋਂ ਕਵਿਤਾ, 'ਜੀਵਨ' ਦਾ ਪਾਠ ਕੀਤਾ। ਤਾਰਾ ਸਾਗਰ ਨੇ ਕਵਿਤਾ, 'ਮੈਂ ਦੋਸ਼ੀ ਹਾਂ' ਰਾਹੀਂ ਵਚਨ ਕਹੇ ਕਿ, "ਦੋਸ਼ ਆਉਂਦਾ ਏ ਮੇਰੇ ਤੇ ਜੰਗ ਛੇੜਨ ਦਾ"। ਬੀਬੀ ਸੁਰਜੀਤ ਕੌਰ ਨੇ ਇਕ ਗ਼ਜ਼ਲ ਸੁਣਾਈ, ਉਸਿਖਰ ਦੁਪਿਹਰੇ ਰਾਤ ਹੈ ਛਾਈ ਕਰੋਨਾ ਦੀ/ ਹਰ ਪਾਸੇ ਹੈ ਪਈ ਦੁਹਾਈ ਕਰੋਨਾ ਦੀ/" ਸੁਖਵਿੰਦਰ ਕੰਬੋਜ ਦੀ ਕਵਿਤਾ ਵਿਚ ਜਿਵੇਂ ਇਕ ਸੰਬੋਧਨ ਸੀ, ਉਇੰਝ ਹੀ ਹੁੰਦਾ ਆਇਆ ਏ ਹਮੇਸ਼ ਮਿੱਤਰਾ"।ਵਾਰੀ ਅਨੁਸਾਰ ਪਹਿਲੇ ਤਾਂ ਸੀਰਤ ਨੇ ਦੁਨੀਆਂ ਭਰ ਦੀਆਂ ਮਾਵਾਂ ਨੂੰ ਸਮਰਪਿਤ ਇਕ ਮਿੰਨੀ ਕਹਾਣੀ, 'ਮਾਵਾਂ' ਦਾ ਪਾਠ ਕੀਤਾ ਅਤੇ ਮਗਰੋਂ ਇਕ ਗ਼ਜ਼ਲ ਕਹੀ ਜਿਸ ਦਾ ਮਤਲਾ ਸੀ, "ਰਾਤ ਲੰਮੀ ਏ ਤੇ ਪਰਭਾਤ ਨੇ ਹੋਣਾ ਏ ਅਜੇ/ ਸੌਂ ਨਹੀਂ ਜਾਣਾ ਅਸੀਂ ਜਾਗਦੇ ਰਹਿਣਾ ਏ ਅਜੇ"। ਇਸ ਮਗਰੋਂ ਕੁਲਵਿੰਦਰ ਨੇ ਇਕ ਸੱਜਰੀ ਗ਼ਜ਼ਲ, ਬਹਿਰ ਮੁਜਤਸ ਦੇ ਜ਼ਿਹਾਫ ਨਾਲ ਕਹਿ ਕੇ ਸਮਾਂ ਬੰਨਿਆ, ਉਨਾ ਹੁੰਦਾ ਫੁੱਲ ਮੈਂ, ਨਾ ਹੀ ਕਦੀ ਕਵੀ ਹੁੰਦਾ / ਜੇ ਜ਼ਖ਼ਮ ਜ਼ਖ਼ਮ ਨਾ ਹੁੰਦਾ ਤੇ ਫਿਰ ਮੈਂ ਕੀ ਹੁੰਦਾ"। ਇਸ ਬੈਠਕ ਵਿਚ ਸੁਖਪਾਲ ਸੰਘੇੜਾ ਜੀ ਵੀ ਹਾਜ਼ਰ ਰਹੇ ਅਤੇ ਜ਼ੂਮ ਬੈਠਕ ਦੀ ਸ਼ੋਭਾ ਵਧਾਈ। ਕੈਨੇਡਾ ਨਵਾਸੀ ਸੁਰਜੀਤ ਕੌਰ ਨੇ ਇਕ ਮੁਸੱਲਸਲ ਕਹੀ ਜਾ ਰਹੀ ਕਵਿਤਾ, 'ਭੈਅ-ਯੁੱਗ' ਵਿੱਚੋਂ ਕੋਰੋਨਾ ਦੇ ਸਜਰੇ ਭੈਅ ਪ੍ਰਤੀ ਕਵਿਤਾ ਕਹੀ ਅਤੇ ਅੰਤ ਵਿਚ ਪਿਆਰਾ ਸਿੰਘ ਕੁੱਦੋਵਾਲ ਨੇ ਪਹਿਲੇ ਤਾਂ ਆਪਣੀ ਮਧੁਰ-ਲੈ ਬੱਧ ਤਰੰਨਮ ਵਿਚ ਇਕ ਗੀਤ ਪੇਸ਼ ਕੀਤਾ, ਬੋਲ ਸਨ, "ਸੂਰਜ ਢਲਿਆ, ਰਾਤਾਂ ਆਈਆਂ/ ਫਿਰ ਅੱਖੀਆਂ ਬਰਸਾਤਾਂ ਲਾਈਆਂ" ਅਤੇ ਫਿਰ ਇਸ ਬੈਠਕ ਦੀ ਸਫਲਤਾ, ਕਵੀਆਂ ਦੀ ਉੱਚ ਪਾਏ ਦੀ ਸ਼ਾਇਰੀ, ਕਾਰਵਾਈ ਦੀ ਸੰਤੁਲਿਤ ਪੇਸ਼ਕਾਰੀ ਅਤੇ ਕੋਰੋਨਾ ਦੇ ਦਹਿਸ਼ਤ ਭਰੇ ਮਹੌਲ ਤੋਂ ਕੋਹਾਂ ਦੂਰ ਲੈ ਜਾਣ ਵਾਲੀ ਸੰਗਤ ਲਈ ਵਿਪਸਾ ਨੂੰ ਅਜਿਹੀ ਨਿਰੰਤਰਤਾ ਲਈ ਮੁਬਾਰਕ ਦਿੱਤੀ।

ਰਿਪੋਰਟ: ਸੁਰਿੰਦਰ ਸੀਰਤ (ਪ੍ਰਧਾਨ)
ਵਿਪਸਾ ਕੈਲੀਫੋਰਨੀਆ

ਨਿਊਜ਼ੀਲੈਂਡ ਦੀ ਵਿਰੋਧੀ ਧਿਰ ਨੈਸ਼ਨਲ ਪਾਰਟੀ ਨੇ ਬਦਲਿਆ ਆਪਣਾ ਨੇਤਾ-ਟੌਡ ਮੁੱਲਰ ਸੰਭਾਲਣਗੇ ਕਮਾਨ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਹਾਲ ਹੀ ਵਿਚ ਹੋਏ ਦੋ ਸਰਵੇਖਣਾਂ ਦੇ ਵਿਚ ਨਿਊਜ਼ੀਲੈਂਡ ਪਾਰਲੀਮੈਂਟ 'ਚ ਵਿਰੋਧੀ ਧਿਰ ਵਜੋਂ ਵਿਚਰ ਰਹੀ ਨੈਸ਼ਨਲ ਪਾਰਟੀ ਦੀ ਲੋਕਪ੍ਰਿਅਤਾ ਬਹੁਤ ਹੇਠਾਂ ਆ ਗਈ ਸੀ। ਇਸਦੇ ਮੁਕਾਬਲੇ ਮੋਜੂਦਾ ਧਿਰ ਲੇਬਰ ਦਾ ਗ੍ਰਾਫ ਕਾਫੀ ਉਤੇ ਗਿਆ। ਕਰੋਨਾ ਵਾਇਰਸ ਨੂੰ ਕਾਬੂ ਰੱਖਣ ਦੇ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਆਰਡਨ ਦਾ ਕੱਦ ਹੋਰ ਉਚਾ ਹੋਇਆ। ਨੈਸ਼ਨਲ ਪਾਰਟੀ ਦੇ ਨੇਤਾ ਸ੍ਰੀ ਸਾਇਮਨ ਬ੍ਰਿਜਸ ਦੀ ਲੋਕਪ੍ਰਿਅਤਾ ਕਾਫੀ ਹੇਠਾਂ ਡਿਗੀ ਅਤੇ 5% ਲੋਕਾਂ ਨੇ ਹੀ ਉਸਨੂੰ ਅਗਲਾ ਪ੍ਰਧਾਨ ਮੰਤਰੀ ਵੇਖਣਾ ਪਸੰਦ ਕੀਤਾ। ਇਸਦੇ ਚਲਦੇ ਨੈਸ਼ਨਲ ਪਾਰਟੀ ਦੀ ਇਕ ਵਿਸ਼ੇਸ਼ ਮੀਟਿੰਗ ਅੱਜ ਵਲਿੰਗਟਨ ਵਿਖੇ ਹੋਈ ਜਿੱਥੇ ਸ੍ਰੀ ਟੌਡ ਮੁੱਲਰ ਨੂੰ ਪਾਰਟੀ ਦਾ ਨਵਾਂ ਨੇਤਾ ਚੁਣ ਲਿਆ ਗਿਆ ਜਦ ਕਿ ਉਪ ਨੇਤਾ ਦੇ ਤੌਰ 'ਤੇ ਨਿੱਕੀ ਕੇਅ ਨੂੰ ਚੁਣਿਆ ਗਿਆ। ਪਹਿਲੀ ਉਪ ਨੇਤਾ ਪਾਉਲਾ ਬੈਨੇਟ ਇਸ ਚੋਣ ਵਿਚ ਪਿੱਛੇ ਰਹਿ ਗਏ। ਜੇਕਰ ਅਗਲੀ ਵਾਰ ਨੈਸ਼ਨਲ ਪਾਰਟੀ ਜਿਤਦੀ ਹੈ ਤਾਂ ਸ੍ਰੀ ਟੌਡ ਮੁੱਲਰ ਦੇਸ਼ ਦੇ ਪ੍ਰਧਾਨ ਮੰਤਰੀ

ਬਣ ਸਕਦੇ ਹਨ। ਟੌਡ ਮੱਲਰ ਨੇ ਪਹਿਲੇ ਭਾਸ਼ਣ ਵਿਚ ਕਿਹਾ ਕਿ ਉਨ੍ਹਾਂ ਦਾ ਪਹਿਲਾ ਕਦਮ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੋਵੇਗਾ।

ਕੌਣ ਹੈ 52 ਸਾਲਾ ਟੌਡ ਮੁੱਲਰ?

ਟੌਡ ਮੁੱਲਰ ਨੇ 1989 ਦੇ ਵਿਚ ਨੈਸ਼ਨਲ ਪਾਰਟੀ ਦੇ ਮੈਂਬਰ ਬਣੇ। 1990 ਦੇ ਦਹਾਕੇ ਵਿਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਿਮ ਬੌਲਗਰ ਦੇ ਦਫਤਰ ਕੰਮ ਕਰਦੇ ਸਨ। ਇਸ ਤੋਂ ਬਾਅਦ ਉਹ ਪ੍ਰਾਈਵੇਟ ਸੈਕਟਰ ਵਿਚ ਚਲੇ ਗਏ। ਕੀਵੀ ਫਰੂਟ ਕੰਪਨੀ ਜੈਸਪਰੀ ਦੇ ਵਿਚ ਉਨ੍ਹਾਂ ਕੰਮ ਕੀਤਾ 2000 ਤੱਕ। ਇਸ ਤੋਂ ਬਾਅਦ ਉਹ ਅਵੋਕਾਡੋ ਕੰਪਨੀ ਅਪਾਟਾ ਦੇ ਵਿਚ 2006 'ਚ ਗਏ ਅਤੇ ਚੀਫ ਐਗਜ਼ੀਕਿਊਟਿਵ ਬਣੇ। 2011 ਦੇ ਵਿਚ ਉਹ ਫਨਟੇਰਾ ਕੰਪਨੀ ਵਿਚ ਔਕਲੈਂਡ ਆ ਗਏ। 2014 ਦੇ ਵਿਚ ਪਹਿਲੀ ਉਹ ਬੇਅ ਆਫ ਪਲੈਂਟੀ ਤੋਂ ਮੈਂਬਰ ਪਾਰਲੀਮੈਂਟ ਬਣੇ ਅਤੇ ਫਿਰ ਦੂਜੀ ਵਾਰ 2017 ਦੇ ਵਿਚ ਬਣੇ। ਲਿਸਟ ਦੇ ਵਿਚ ਉਨ੍ਹਾਂ ਦਾ ਨੰਬਰ 43 ਸੀ। ਉਨ੍ਹਾਂ ਦੇ ਤਿੰਨ ਬੱਚੇ ਹਨ। ਮੈਂਬਰ ਪਾਰਲੀਮੈਂਟ ਸ. ਕੰਵਲਜੀਤ ਸਿੰਘ ਬਖਸ਼ੀ ਨੇ ਸ੍ਰੀ ਟੌਡ ਮੁੱਲਰ ਨੂੰ ਨੈਸ਼ਨਲ ਪਾਰਟੀ ਦਾ ਨਵਾਂ ਨੇਤਾ ਚੁਣੇ ਜਾਣ ਉਤੇ ਵਧਾਈ ਦਿੱਤੀ ਹੈ। ਉਨ੍ਹਾਂ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਟੌਡ ਮੁੱਲਰ ਵੱਡੀਆਂ ਕੰਪਨੀਆਂ ਦੇ ਵਿਚ ਕੰਮ ਕਰ ਚੁੱਕੇ ਹਨ ਅਤੇ ਨਿਊਜ਼ੀਲੈਂਡ ਦੇ ਬਿਜਨਸ ਸਿਸਟਮ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ। ਉਹ 6 ਸਾਲ ਤੋਂ ਐਮ. ਪੀ. ਹਨ ਅਤੇ ਉਨ੍ਹਾਂ ਨਾਲ ਵਧੀਆ ਸਬੰਧ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਹ ਏਥਨਿਕ ਕਮਿਊਨਿਟੀਆਂ ਦੇ ਨਾਲ ਰਲ ਕੇ ਨੈਸ਼ਨਲ ਪਾਰਟੀ ਦੀ ਸਾਖ ਨੂੰ ਉਚਾ ਚੁੱਕਣਗੇ।

ਸ਼੍ਰੀ ਗੁਰੂ ਰਵਿਦਾਸ ਕਲੱਬ ਧਾਰੀਵਾਲ ਨੇ ਕੀਤੇ ਮਾਸਕ ਭੇਟ

ਸ਼ਾਮਚੁਰਾਸੀ (ਚੁੰਬਰ) - ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਕਲੱਬ ਧਾਰੀਵਾਲ ਨੇ ਪੁਲਿਸ ਪ੍ਰਸ਼ਾਸ਼ਨ ਨੂੰ ਸਹਿਯੋਗ ਦਿੰਦਿਆਂ ਮਾਸਕ ਭੇਟ ਕੀਤੇ। ਇਸ ਮੌਕੇ ਸਭਾ ਦੇ ਪ੍ਰਧਾਨ ਨੇ ਕਿਹਾ ਕਿ ਉਕਤ ਮਾਸਕ ਉਨ੍ਹਾਂ ਨੇ ਪੁਲਿਸ ਪ੍ਰਸ਼ਾਸ਼ਨ ਨੂੰ ਇਸ ਕਰਕੇ ਭੇਟ ਕੀਤੇ ਹਨ ਕਿ ਕਰੋਨਾ ਮਹਾਂਮਾਰੀ ਦੌਰਾਨ ਪੁਲਿਸ ਜਿੰਨ੍ਹਾਂ ਲੋਕਾਂ ਕੋਲ ਮਾਸਕ ਨਹੀਂ ਹਨ, ਉਨ੍ਹਾਂ ਨੂੰ ਦੇ ਸਕੇ। ਇਸ ਮੌਕੇ ਏ ਐਸ ਆਈ ਸੁਖਵਿੰਦਰ ਸਿੰਘ, ਹਰਦੇਵ ਸਿੰਘ, ਵਿਸ਼ਾਲ ਕੁਮਾਰ, ਹਰਜਿੰਦਰ ਸਿੰਘ, ਸੁਰਿੰਦਰ, ਮਨਪ੍ਰੀਤ, ਗੁਰਵਿੰਦਰ, ਕਾਕਾ ਸੁਰਿੰਦਰ ਸਿੰਘ, ਰਣਜੀਤ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

ਪ੍ਰਵਾਸੀ ਭਾਰਤੀ ਵਲੋਂ ਚੁਖਿਆਰਾ ਸਕੂਲ ਨੂੰ ਇੰਨਵਾਈਟਰ ਭੇਟ

ਸ਼ਾਮਚੁਰਾਸੀ (ਚੁੰਬਰ)- ਸਰਕਾਰੀ ਪ੍ਰਾਇਮਰੀ ਸਕੂਲ ਚੁਖਿਆਰਾ ਨੂੰ ਪ੍ਰਵਾਸੀ ਭਾਰਤੀ ਜਰਨੈਲ ਸਿੰਘ ਪੁੱਤਰ ਜਗਦੇਵ ਸਿੰਘ ਨੰਬਰਦਾਰ ਯੂ ਐਸ ਏ ਵਾਲਿਆਂ ਵਲੋਂ ਇੰਨਵਾਈਟਰ ਭੇਟ ਕੀਤਾ ਗਿਆ। ਇਸ ਮੌਕੇ ਨੰਬਰਦਾਰ ਰਸ਼ਪਾਲ ਸਿੰਘ , ਏ ਐਸ ਆਈ ਸੁਖਵਿੰਦਰ ਪਾਲ, ਪ੍ਰੀਤਇੰਦਰ ਸਿੰਘ ਡਰੋਲੀ ਕਲਾਂ, ਮਾ. ਅਰਸ਼ਦੀਪ ਸਿੰਘ, ਜਤਿੰਦਰ ਕੁਮਾਰ ਸੋਨੂੰ ਹਾਜ਼ਰ ਸਨ। ਸਕੂਲ ਸਟਾਫ ਵਲੋਂ ਦਾਨੀ ਸੱਜਣਾ ਦਾ ਧੰਨਵਾਦ ਕੀਤਾ ਗਿਆ।

ਬਾਬਾ ਸ਼੍ਰੀ ਚੰਦ ਸਮਾਜ ਸੇਵਕ ਸੁਸਾਇਟੀ ਵਲੋਂ ਸੇਵਾਵਾਂ ਜਾਰੀ

ਸ਼ਾਮਚੁਰਾਸੀ (ਚੁੰਬਰ) - ਬਾਬਾ ਸ਼੍ਰੀ ਚੰਦ ਜੀ ਦੀ ਸਮਾਜ ਸੇਵਕ ਸੁਸਾਇਟੀ ਵਲੋਂ ਸੰਤ ਸੁਖਵਿੰਦਰ ਦਾਸ ਸਰਿਆਲਾ ਦੀ ਅਗਵਾਈ ਹੇਠ ਕਰੋਨਾ ਦੀ ਮਹਾਂਮਾਰੀ ਦੌਰਾਨ ਪਿੰਡ ਦੇ ਲੋਕਾਂ ਨੂੰ ਰਾਸ਼ਨ ਅਤੇ ਹੋਰ ਜਰੂਰੀ ਵਸਤਾਂ ਮੁਹੱਈਆਂ ਕਰਵਾਈਆਂ ਗਈਆਂ। ਇਸ ਸਬੰਧੀ ਉਕਤ ਸਮਾਜ ਸੇਵਾ ਨੂੰ ਲੋਕਾਂ

ਤੱਕ ਪਹੁੰਚਾਉਣ ਵਾਲੇ ਸੰਤ ਸੁਖਵਿੰਦਰ ਦਾਸ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਸੇਵਕ ਹਰਪ੍ਰੀਤ ਸਿੰਘ ਯੂ ਐਸ ਏ ਵਲੋਂ ਸੇਵਾ ਸੁਸਾਇਟੀ ਭਗਵਾਨ ਬਾਬਾ ਸ਼੍ਰੀ ਚੰਦ ਜੀ ਮਿੱਠਾਪੁਰ ਦੀ ਸਮੁੱਚੀ ਟੀਮ ਕੁਲਵੰਤ ਸਿੰਘ, ਨਛੱਤਰ ਸਿੰਘ, ਖਹਿਰਾ ਸਿੰਘ ਦਾ ਧੰਨਵਾਦ ਕੀਤਾ। ਜੋ ਇਸ ਸੇਵਾ ਦੌਰਾਨ ਅਨੇਕ ਪ੍ਰਕਾਰ ਦੀਆਂ ਸੇਵਾਵਾਂ ਲੋੜਵੰਦ ਪਰਿਵਾਰਾਂ ਦੀਆਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤਹਿਤ ਗਰੀਬ ਲੋਕਾਂ ਦੇ ਮਕਾਨ ਤੱਕ ਉਕਤ ਸੁਸਾਇਟੀ ਬਣਾਉਂਦੀ ਹੈ। ਉਕਤ ਐਨ ਜੀ ਓ ਰਾਸ਼ਨ ਦੇ ਨਾਲ ਨਾਲ ਕਈਆਂ ਨੂੰ ਪੱਖੇ ਅਤੇ ਸਿਲੰਡਰ ਵੀ ਲਾਕਡਾਊਨ ਦੌਰਾਨ ਭਰਵਾ ਕੇ ਦਿੱਤੇ।

ਬਸਪਾ ਆਦਮਪੁਰ ਨੇ ਦਿੱਤਾ ਸਬ ਤਹਿਸੀਲਦਾਰ ਨੂੰ ਮੰਗ ਪੱਤਰ

ਸ਼ਾਮਚੁਰਾਸੀ (ਚੁੰਬਰ)- ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਆਦਮਪੁਰ ਦੀ ਲੀਡਰਸ਼ਿਪ ਵਲੋਂ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਤਹਿਤ ਸਬ ਤਹਿਸੀਲਦਾਰ ਵਰਿੰਦਰ ਭਾਟੀਆ ਨੂੰ ਆਦਮਪੁਰ ਵਿਖੇ ਕਰੋਨਾ ਮਹਾਂਮਾਰੀ ਦੇ ਚੱਲ-ਦਿਆਂ ਮੰਗ ਪੱਤਰ ਦਿੱਤਾ ਗਿਆ। ਇਸ ਵਿਚ ਕਿਹਾ ਗਿਆ ਕਿ ਕਰੋਨਾ ਮਹਾਮਾਰੀ ਦੀ ਰੋਕਥਾਮ ਤੇ ਪੰਜਾਬ ਸਰਕਾਰ ਹਰ ਤਰ੍ਹਾਂ ਫੇਲ ਹੋਈ। ਮਾਣਯੋਗ ਰਾਜਪਾਲ ਪੰਜਾਬ ਨੂੰ ਮਾੜੇ ਪ੍ਰਬੰਧਾਂ ਬਾਰੇ ਜਾਣੂ ਕਰਵਾਉਣ

ਲਈ ਇਹ ਮੰਗ ਪੱਤਰ ਦਿੱਤਾ ਗਿਆ। ਉਕਤ ਮੰਗ ਪੱਤਰ ਹਲਕਾ ਪ੍ਰਧਾਨ ਸ਼੍ਰੀ ਲਲਿਤ ਅੰਬੇਡਕਰੀ ਦੀ ਅਗਵਾਈ ਹੇਠ ਦਿੱਤਾ ਗਿਆ। ਆਦਮਪੁਰ ਵਿਖੇ ਦਿੱਤੇ ਗਏ ਇਸ ਮੰਗ ਪੱਤਰ ਦੇਣ ਮੌਕੇ ਸੂਬਾ ਕਮੇਟੀ ਦੇ ਮੁੱਖ ਸਲਾਹਕਾਰ ਸੇਵਾ ਸਿੰਘ ਰੱਤੂ, ਮਦਨ ਮੱਦੀ ਜ਼ਿਲ੍ਹਾ ਸਕੱਤਰ, ਸਤਨਾਮ ਕਲਸੀ, ਹਰਜਿੰਦਰ ਬਿੱਲਾ, ਗੁਰਚਰਨ ਜਖਮੀ, ਸਾਜਨ ਜਨਾਗਲ, ਸੁਖਦੇਵ ਬੋਧ ਸਮੇਤ ਕਈ ਹੋਰ ਹਾਜ਼ਰ ਸਨ।

ਗਾਇਕਾ ਸ਼ਿਫ਼ਾ ਜੀ ਦਾ ਟਰੈਕ 'ਅੱਲ੍ਹਾ' ਰਿਲੀਜ਼

ਸ਼ਾਮਚੁਰਾਸੀ (ਚੁੰਬਰ)-ਕੋਮਲ ਪ੍ਰੋਡਕਸ਼ਨ ਦੀ ਪ੍ਰੋਡਿਊਸਰ ਕਲਮਜੀਤ ਕੌਰ ਗਰੇਵਾਲ ਵਲੋਂ ਗਾਇਕਾ ਸ਼ਿਫ਼ਾ ਜੀ ਦਾ 'ਅੱਲ੍ਹਾ' ਟਰੈਕ ਸ਼ੋਸ਼ਲ ਮੀਡੀਏ ਤੇ ਧੂਮਧਾਮ ਨਾਲ ਰਿਲੀਜ਼ ਕੀਤਾ ਗਿਆ। ਪ੍ਰਸਿੱਧ ਸੰਗੀਤਕਾਰ ਅਤੇ ਪ੍ਰੋਜੈਕਟ ਮੈਨੇਜਰ ਪਤਰਸ ਚੀਮਾਂ ਨੇ ਦੱਸਿਆ ਕਿ ਇਸ ਟਰੈਕ ਦਾ ਮਿਊਜਿਕ ਪ੍ਰਗਟ ਸਿੰਘ ਵਲੋਂ ਦਿੱਤਾ ਗਿਆ ਹੈ। ਜਦ ਕਿ ਇਸ ਦੇ ਸੋਹਣੇ ਬੋਲਾਂ ਨੂੰ ਯੋਗਰਾਜ ਯੋਗਾ

ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਿਉ ਕੀਤਾ ਗਿਆ ਅਤੇ ਇਸ ਦਾ ਪ੍ਰਤੀਕਰਮ ਕੀ ਹੋਇਆ?

ਅਵਤਾਰ ਸਿੰਘ ਮਿਸ਼ਨਰੀ
510-432-5827

ਗੁਰੂ ਜੀ ਦੀ ਸ਼ਹੀਦੀ ਦੇ ਕਾਰਨ-ਗੁਰੂ ਨਾਨਕ ਸਾਹਿਬ ਤੋਂ ਬਲਕਿ ਭਗਤਾਂ ਤੋਂ ਲੈ ਕੇ ਹੁਣ ਗੁਰੂ ਅਰਜਨ ਸਾਹਿਬ ਤੱਕ ਸਭ ਗੁਰੂਆਂ ਭਗਤਾਂ ਨੇ ਸੱਚ ਦਾ ਪ੍ਰਚਾਰ ਰੱਬੀ ਗਿਆਨ ਦੁਆਰਾ ਸ਼ਾਂਤਮਈ ਢੰਗ ਨਾਲ ਕੀਤਾ ਪਰ ਫਿਰ ਵੀ ਵਕਤੀਆ ਹਕੂਮਤਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਅਤੇ ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਹਮੇਸ਼ਾਂ ਇਸ ਦਾ ਵਿਰੋਧ ਕੀਤਾ। ਕਟੜਵਾਦੀ ਬ੍ਰਾਹਮਣਾਂ ਅਤੇ ਮੁਲਾਂ ਮੌਲਾਣਿਆਂ ਨੇ ਤਾਂ ਇਸ ਕਰਕੇ ਕੀਤਾ ਕਿ ਉਨ੍ਹਾਂ ਦੁਆਰਾ ਫੈਲਾਏ ਭਰਮਜਾਲ-ਕਰਮਕਾਂਡਾਂ ਦਾ ਗੁਰੂਆਂ ਭਗਤਾਂ ਨੇ ਕਰੜਾ ਵਿਰੋਧ ਕਰਕੇ ਭੋਲੀ-ਭਾਲੀ ਜਨਤਾ ਨੂੰ ਜਾਗਰੂਕ ਕੀਤਾ। ਇਸ ਨਾਲ ਇਨ੍ਹਾਂ ਲੋਕਾਂ ਦੀ ਧਰਮ ਦੇ ਨਾਂ ਤੇ ਚਲਾਈ ਹੋਈ ਰੋਜੀ-ਰੋਟੀ ਵਾਲੀ ਦੁਕਾਨਦਾਰੀ ਤੇ ਅਸਰ ਪਿਆ ਅਤੇ ਅਜਿਹੇ ਲੋਕਾਂ ਵਲੋਂ ਹੀ ਹਕੂਮਤ ਦੇ ਕੰਨ ਭਰੇ ਗਏ ਕਿ ਜੇ ਵੇਲੇ ਸਿਰ ਗੁਰੂਆਂ-ਭਗਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਿਗ੍ਹਾ ਨਾਂ ਰੱਖੀ ਗਈ ਤਾਂ ਇਹ ਲੋਕ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਹਨ।ਇਸ ਮਾਮਲੇ ਵਿੱਚ ਸਿੱਧ, ਜੋਗੀ, ਉਦਾਸੀ, ਬ੍ਰਾਹਮਣ, ਮੌਲਾਣੇ, ਸ੍ਰੀ ਚੰਦੀਏ, ਪ੍ਰਿਥੀ ਚੰਦੀਏ, ਚੰਦੂਸ਼ਾਹੀਏ, ਬੀਰਬਲ ਬ੍ਰਾਹਮਣ ਆਦਿਕ ਜਿੱਥੇ ਵਕਤੀਆ ਹਕੂਮਤ ਦੇ ਕੰਨ ਭਰਦੇ ਰਹੇ ਓਥੇ ਤੁਰਾਨ ਦੇ ਰਹਿਣਵਾਲੇ ਮੁਹੰਮਦ ਬਾਕੀ ਬਿਲਾ ਦੇ ਚੇਲੇ ਸ਼ੇਖ ਅਹਿਮਦ ਸਰਹੱਦੀ ਅਤੇ ਉਸ ਦੇ ਚੇਲੇ ਮੁਰਤਜ਼ਾ ਖਾਂ ਜੋ ਅਤਿ ਕਟੜਵਾਦੀ ਚਿਸ਼ਤੀ ਮੁਸਲਮਾਨ ਅਤੇ ਜੋ ਸਿਰਫ ਤੇ ਸਿਰਫ ਹਰ ਪਾਸੇ ਇਸਲਾਮ ਹੀ ਇਸਲਾਮ ਦੇਖਣਾ ਚਾਹੁੰਦੇ ਸਨ, ਏਨਾਂ ਦਾ ਵੀ ਸਿੱਧਾ ਹੱਥ ਸੀ। ਇਵੇਂ ਸੌੜੀ ਸੋਚ ਵਾਲੇ ਧਾਰਮਿਕ ਆਗੂ ਅੱਗ-ਬਲੂਲੇ ਹੋ ਉੱਠੇ ਜੋ ਪਹਿਲੇ ਵੀ ਆਪਸ ਵਿੱਚ ਲੜ ਰਹੇ ਸਨ-ਖਹਿ ਮਰਦੇ ਬਹੁ ਬਾਹਮਣ ਮੌਲਾਣੇ (ਭਾ.ਗੁ.) ਸਾਡੇ ਬਹੁਤੇ ਢਾਡੀ ਤੇ ਪ੍ਰਚਾਰਕ ਇਕੱਲੇ ਚੰਦੂ ਤੇ ਦੋਸ਼ ਲਾਉਂਦੇ ਹਨ ਪਰ ਚੰਦੂ ਤਾਂ ਇੱਕ ਮਾਮੂਲੀ ਅਹਿਲਕਾਰ ਸੀ। ਚੰਦੂ ਨੇ ਰਿਸ਼ਤਾ ਕਰਨ ਵੇਲੇ ਗੁਰੂ-ਕਿਆਂ ਵਿਰੁੱਧ ਕਬੋਲ ਬੋਲੇ ਸਨ ਕਿ ਚਉਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ, ਸਿੱਖ ਸੰਗਤ ਨੇ ਇਸ ਦਾ ਕਰੜਾ ਵਿਰੋਧ ਕੀਤਾ ਸੀ।

ਗੁਰੂਆਂ-ਭਗਤਾਂ ਦੇ ਸੱਚੇ-ਸੁੱਚੇ ਤੇ ਸਿਧੇ-ਸਾਦੇ ਸੁਨਹਿਰੀ ਉਪਦੇਸ਼ਾਂ ਕਰਕੇ ਧੜਾ-ਧੜ ਹਿੰਦੂ ਅਤੇ ਮੁਸਲਮਾਨ ਸਿੱਖ ਬਣ ਰਹੇ ਸਨ ਇਹ ਗੱਲ ਉਸ ਵੇਲੇ ਦਾ ਇਤਿਹਾਸਕਾਰ ਮੋਹਸਨਫਾਨੀ ਵੀ ਲਿਖਦਾ ਹੈ। ਭਾਵੇਂ ਜਾਤ ਅਭਿਮਾਨੀਆਂ ਅਤੇ ਕਟੜਵਾਦੀਆਂ ਨੇ ਅਕਬਰ ਬਾਦਸ਼ਾਹ ਦੇ ਵੀ ਕੰਨ ਭਰੇ ਪਰ ਅਕਬਰ ਖੁਲ੍ਹ-ਦਿਲਾ ਹੋਣ ਕਰਕੇ ਇਨ੍ਹਾਂ ਨੂੰ ਮੂੰਹ ਦੀ ਖਾਣੀ ਪਈ ਕਿਉਂਕਿ ਅਕਬਰ ਬਾਦਸ਼ਾਹ ਕਈ ਵਾਰ ਗੁਰੂ ਦਰਬਾਰ ਆਇਆ ਅਤੇ ਗੁਰੂਆਂ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ ਅਤੇ ਕਿਰਸਾਨਾਂ ਦਾ ਮਾਲੀਆ ਅਤੇ ਹਿੰਦੂਆਂ ਦੇ ਤੀਰਥਾਂ ਦਾ ਟੈਕਸ ਵੀ ਮੁਆਫ ਕਰ ਗਿਆ। ਹੁਣ ਅਕਬਰ ਦੀ ਮੌਤ ਤੋਂ ਬਾਅਦ ਉਸ ਦੇ ਸ਼ਰਾਬੀ-ਕਬਾਬੀ ਪੁੱਤਰ ਜਹਾਂਗੀਰ ਨੂੰ ਇਨ੍ਹਾਂ ਕਟੜਵਾਦੀਆਂ ਨੇ ਇਸ ਕਰਕੇ ਰਾਜ ਗੱਦੀ ਤੇ ਬੈਠਾਇਆ ਕਿ ਜਹਾਂਗੀਰ ਇਸਲਾਮ ਦਾ ਪ੍ਰਚਾਰ ਕਰੇਗਾ ਅਤੇ ਸਿੱਖ ਲਹਿਰ ਨੂੰ ਖਤਮ ਕਰ ਦੇਵੇਗਾ ਪਰ ਉਸ ਨੂੰ ਕੀ ਪਤਾ ਸੀ ਕਿ ਇਹ ਲਹਿਰ ਸਗੋਂ ਹੋਰ ਵਧੇ ਫੁੱਲੇਗੀ।

ਇਸ ਸਬੰਧ ਵਿੱਚ ਜਹਾਂਗੀਰ ਖੁਦ ਵੀ ਆਪਣੀ ਸਵੈ ਜੀਵਨੀ "ਤੁਜ਼ਕਿ ਜਹਾਂਗੀਰੀ" ਵਿੱਚ ਲਿਖਦਾ ਹੈ ਕਿ "ਬਿਆਸ ਦਰਿਆ ਕੰਡੇ ਗੋਇੰਦਵਾਲ ਨਗਰ ਵਿੱਚ ਇੱਕ ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ ਅਰਜਨ ਨਾਮ ਦੇ ਹਿੰਦੂ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਸਗੋਂ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਮਗਰ ਲਾ ਕੇ ਆਪਣੀ ਪੀਰੀ ਦਾ ਢੋਲ ਉੱਚਾ ਵਜਾਇਆ ਹੋਇਆ ਸੀ ਲੋਕ ਉਸ ਨੂੰ ਗੁਰੂ ਆਖਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਚਲ ਰਹੀ ਸੀ ਚਿਰ ਤੋਂ ਮੈਂ ਸੋਚ ਰਿਹਾ ਸੀ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਇਸ "ਗੁਰੂ" (ਗੁਰੂ ਅਰਜਨ) ਨੂੰ ਇਸਲਾਮ ਵਿੱਚ ਲੈ ਆਂਦਾ ਜਾਵੇ। ਇਨ੍ਹਾਂ ਦਿਨਾਂ ਚ' ਹੀ ਹਕੂਮਤ ਦਾ ਬਾਗੀ ਖੁਸਰੋ ਇਧਰ ਆਇਆ ਤੇ ਇਸ "ਗੁਰੂ" ਨੇ ਉਸ ਦੇ ਮੱਥੇ ਤੇ ਕੇਸਰ ਦਾ ਟਿੱਕਾ ਲਾ ਕੇ ਜਿੱਥੇ ਉਸ ਦੀ ਕਾਮਯਾਬੀ ਦੀ ਅਰਦਾਸ ਕੀਤੀ ਓਥੇ ਮਾਲੀ ਸਹਾਇਤਾ ਵੀ ਕੀਤੀ। ਜਦੋਂ ਮੈਨੂੰ ਇਸ ਦਾ ਪਤਾ ਲਗਾ ਤਾਂ ਮੈ ਹੁਕਮ ਕੀਤਾ ਕਿ ਇਸ "ਗੁਰੂ" ਨੂੰ ਪਕੜ ਕੇ ਮੇਰੇ ਹਵਾਲੇ ਕੀਤਾ ਜਾਵੇ ਉਸ ਦਾ ਘਰ ਘਾਟ ਬੱਚੇ ਤੇ ਮਾਲ ਅਸਬਾਬ ਮੁਰਤਜਾ ਖਾਂ ਦੇ ਹਵਾਲੇ ਕਰਕੇ ਇਸ ਨੂੰ "ਯਾਸਾ ਦੰਡ" ਦੇ ਕੇ ਮਾਰ ਦਿੱਤਾ ਜਾਵੇ (ਯਾਸਾ

ਦੰਡ ਪੁਰਾਣੇ ਮੰਗੋਲੀਆ ਲੋਕ ਜਿਨ੍ਹਾਂ ਦਾ ਵਹਿਸ਼ੀਪੁਣਾ ਮਸ਼ਹੂਰ ਹੈ, ਦਿਆ ਕਰਦੇ ਸਨ। ਜਿਸ ਵਿੱਚ ਕਿਸੇ ਮਹਾਂਪੁਰਖ ਨੂੰ ਬਿਨਾ ਖੂਨ ਡੋਲੇ ਮਾਰਿਆ ਜਾਂਦਾ, ਡਰ ਹੁੰਦਾ ਕਿ ਉਸ ਦੇ ਖੂਨ ਤੋਂ ਹੋਰ ਸ਼ਹੀਦ ਨਾਂ ਪੈਦਾ ਹੋ ਜਾਣ) ਇਸ ਤਰੀਕੇ ਨਾਲ ੩੦ ਮਈ ਸੰਨ ੧੬੦੬ ਨੂੰ ਗੁਰੂ ਅਰਜਨ ਸਾਹਿਬ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

ਸ਼ਹੀਦੀ ਦਾ ਪ੍ਰਤੀਕਰਮ-ਜਿਸ ਦਾ ਅਸਰ ਇਹ ਹੋਇਆ ਕਿ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰੂ ਪਿਤਾ ਦੇ ਆਦੇਸ਼ ਤੇ ਚਲਦਿਆਂ ਅਕਾਲ ਤਖ਼ਤ ਦੀ ਰਚਨਾ ਕੀਤੀ, ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਣ ਲਈਆਂ ਤੇ ਦੂਰ ਦੂਰ ਹੁਕਮਨਾਮੇ ਭੇਜ ਦਿੱਤੇ ਕਿ ਹੁਣ ਸਿੱਖ ਰਸਤਾਂ-ਬਸਤਾਂ ਦੇ ਨਾਲ ਜਵਾਨੀਆਂ, ਸ਼ਸ਼ਤਰ ਅਤੇ ਘੋੜੇ ਭੇਟ ਕਰਨ, ਸ਼ਸ਼ਤਰ ਵਿਦਿਆ ਦਾ ਅਭਿਆਸ ਕਰਨ ਅਤੇ ਸ਼ਿਕਾਰ ਖੇਡਣ। ਇਸ ਤਰ੍ਹਾਂ ਥੋੜੇ ਚਿਰ ਵਿੱਚ ਹੀ ਗੁਰੂ ਦੀ ਫੌਜ ਤਿਆਰ ਹੋ ਗਈ। ਗੁਰੂ ਜੀ ਨੇ ਜ਼ਾਲਮ ਹਕੂਮਤ ਨਾਲ ਚਾਰ ਜੰਗਾਂ ਲੜੀਆਂ ਜਿਨ੍ਹਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਹੋਈ। ਲੋਕ ਇਨਸਾਫ ਲਈ ਦਿੱਲੀ ਦਾ ਤਖ਼ਤ ਛੱਡ ਅਕਾਲ-ਤਖ਼ਤ 'ਤੇ "ਗੁਰੂ" ਦੀ ਸ਼ਰਣ ਆਉਣ ਲੱਗ ਪਏ। ਮੁਗਲੀਆਂ ਹਕੂਮਤ ਦੀਆਂ ਜੜਾਂ ਖੋਖਲੀਆਂ ਹੋ ਗਈਆਂ। ਜਹਾਂਗੀਰ ਨੂੰ ਸੁਲਾਹ ਲਈ ਗੁਰੂ ਦੀ ਸ਼ਰਣ ਆਉਣਾ ਪਿਆ। ਸਤਵੇਂ ਅਤੇ ਅਠਵੇਂ ਗੁਰੂ ਤੱਕ ਸ਼ਾਂਤੀ ਰਹੀ ਪਰ ਗੁਰੂ ਦਰਬਾਰ ਵਿੱਚ ਸਿੱਖ ਫੌਜ ਹਮੇਸ਼ਾਂ ਬਰਕਰਾਰ ਰਹੀ। ਨੌਵੇਂ ਗੁਰੂ ਨੇ ਵੀ ਧਰਮ ਦੀ ਖਾਤਰ ਮਜ਼ਲੂਮ ਦੀ ਰੱਖਿਆ ਲਈ ਆਪਾ ਕੁਰਬਾਨ ਕੀਤਾ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਖ਼ਾਲਸਾ ਫੌਜ ਦਾ ਲਕਬ ਦਿੱਤਾ ਅਤੇ ਸਦਾ ਤਿਆਰ ਬਰ ਤਿਆਰ ਰਹਿਣ ਦਾ ਆਦੇਸ਼ ਦਿੱਤਾ। ਔਰੰਗਜ਼ੇਬ ਦੀ ਜ਼ਾਲਮ ਹਕੂਮਤ ਅਤੇ ਅਕਿਰਤਘਣ ਪਹਾੜੀ ਰਾਜਿਆਂ ਨਾਲ ੧੪ ਜੰਗਾਂ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਲੜੀਆਂ। ਜਿਸਦੇ ਫਲਸਰੂਪ ਬਾਬਾ ਬੰਦਾ ਸਿੰਘ ਬਹਾਦਰ ਨੇ ੮ ਸਾਲ ਰਾਜ ਕੀਤਾ, ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ, ਜ਼ਾਲਮ ਹਕੂਮਤ ਤੋਂ ਗਿਣ-ਗਿਣ ਕੇ ਬਦਲੇ ਲੈ, ਖਾਸ ਕਰਕੇ ਮਸੂਮ ਬੱਚਿਆਂ ਸਾਹਿਬਜ਼ਾਦਿਆਂ ਨੂੰ ਬੇਇਨਸਾਫੀ ਤੇ ਬੇਕਿਰਕੀ ਨਾਲ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਸੂਬਾ ਸਰਹੰਦ ਨੂੰ ਕੀਤੀ ਦਾ ਫਲ ਭੁਗਤਾਉਂਦੇ ਹੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾਈ। ਅੱਠ ਸਾਲ ਬਹੁਤ ਹੀ ਵਧੀਆ ਰਾਜ ਪ੍ਰਬੰਧ ਕੀਤਾ ਜਿਸ ਵਿੱਚ ਸਭ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਵਾਹੀਯੋਗ ਜ਼ਮੀਨਾਂ ਕਿਰਤੀ ਕਿਸਾਨਾਂ ਵਿੱਚ ਵੰਡੀਆਂ, ਸਿੱਖ ਫੌਜ ਵਿੱਚ ਅਕੀਦਤਮੰਦ ਹਿੰਦੂ ਅਤੇ ਮੁਸਲਮਾਨ ਵੀ ਭਰਤੀ ਕੀਤੇ ਅਤੇ ਧਰਮ ਅਸਥਾਨਾਂ ਦੀ ਸੇਵਾ ਕਰਦੇ ਹੋਏ ਗੁਰਦੁਆਰੇ, ਮਸਜਿਦਾਂ ਅਤੇ ਮੰਦਰ ਵੀ ਬਣਵਾਏ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਤੋਂ ਬਾਅਦ ਸਿੱਖਾਂ ਦੇ ੬੫ ਜਥੇ ਬਣ ਗਏ ਜਿਨ੍ਹਾਂ ਨੇ ਸ੍ਰ. ਕਪੂਰ ਸਿੰਘ ਨੂੰ ਨਵਾਬੀ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ "ਸੁਲਤਾਨਲ-ਕੌਮਿ" ਭਾਵ ਕੌਮ ਦਾ ਬਾਦਸ਼ਾਹ ਥਾਪਿਆ। ਇਨ੍ਹਾਂ ਬਹਾਦਰ ਤੇ ਸੇਵਾ ਦੇ ਪੁੰਜ ਮਹਾਂਨ ਆਗੂਆਂ ਦੀ ਸੁਜੋਗ ਅਗਵਾਈ ਵਿੱਚ ਜੰਗਲਾਂ ਬੇਲਿਆਂ ਵਿੱਚ ਰਹਿੰਦੇ ਹੋਏ ਵੀ ਜ਼ਾਲਮ ਸਰਕਾਰ ਨੂੰ ਭੜਥੂ ਪਾਈ ਰੱਖਿਆ। ਫਿਰ ੬੫ ਜਥਿਆਂ ਤੋਂ ੧੨ ਮਿਸਲਾਂ ਬਣ ਗਈਆਂ। ਸਿੱਖ ਮਿਸਲਾਂ ਵੀ ਨੇ ਵੀ ਜ਼ਾਲਮ ਹਕੂਮਤ ਨੂੰ ਸੁਖ ਦੀ ਨੀਂਦ ਨਾ ਸੌਣ ਦਿੱਤਾ ਅਤੇ ਮਹਾਂਰਾਜਾਂ ਰਣਜੀਤ ਸਿੰਘ ਦੀ ਅਗਵਾਈ ਵਿੱਚ ੫੦ ਸਾਲ ਰਾਜ ਕੀਤਾ ਜੋ ਫੁੱਟ ਕਰਕੇ ਜਾਂਦਾ ਰਿਹਾ ਤੇ ਅੱਜ ਤੱਕ ਨਹੀ ਮਿਲਿਆ। ਗੁਰਦੁਆਰਿਆਂ ਉੱਤੇ ਮਹੰਤ ਕਾਬਜ਼ ਹੋ ਗਏ ਜੋ ਭਾਰੀ ਕੁਰਬਾਨੀਆਂ ਕਰਕੇ ਕੱਢਣੇ ਪਏ। ਫਿਰ ਸਿੰਘ ਸਭਾ ਲਹਿਰ ਪੈਦਾ ਹੋਈ, ਸਿੱਖੀ ਦਾ ਪ੍ਰਚਾਰ ਹੋਇਆ ਪਰ ਇਨ੍ਹਾਂ ਕਰਮਕਾਂਡੀ ਮਹੰਤਾਂ ਦਾ ਅਸਰ ਖਤਮ ਨਹੀਂ ਹੋਇਆ। ਜੂਨ ੧੯੮੪ ਵਿੱਚ ਫਿਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਇਕੱਤਰ ਹੋਈਆਂ ਹਜਾਰਾਂ ਸੰਗਤਾਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਭਾਰਤੀ ਹਕੂਮਤ ਨੇ ਹਮਲਾ ਕਰ ਦਿੱਤਾ ਜਿਵੇਂ ਮਹੰਤ ਨਰੈਣੂ ਨੇ ਨਨਕਾਣਾ ਸਾਹਿਬ ਤੇ ਨਿਹੱਥੇ ਸਿੰਘਾਂ ਤੇ ਕੀਤਾ ਸੀ। ਪਰ ਬਾਬਾ ਜਰਨੈਲ ਸਿੰਘ ਦੀ ਅਗਵਾਈ ਅਤੇ ਜਨਰਲ ਸ਼ੁਬੇਗ ਸਿੰਘ ਦੀ ਕਮਾਣ ਹੇਠ ਮੁਠੀ ਭਰ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਮੁਕਾਬਲਾ ਕਰਕੇ ਦੱਸ ਦਿੱਤਾ ਕਿ ਅਜੇ ਸਾਡੇ ਵਿੱਚ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਸਾਹਿਬਜ਼ਾਦੇ ਅਤੇ ਅਨੇਕਾਂ ਅਕੀਦਤਮੰਦ ਤੇ ਬਹਾਦਰ ਸਿੰਘ ਸਿੰਘਣੀਆਂ ਦੀ ਸ਼ਹੀਦੀ ਦਾ ਖੂਨ ਗਰਮ ਹੈ। ਦੇਖੋ! ਗੁਰੂਆਂ-ਭਗਤਾਂ ਨੇ ਤਾਂ ਜ਼ੁਲਮ ਅੱਗੇ ਗੋਡੇ ਨਹੀਂ ਸਨ ਟੇਕੇ ਪਰ ਅੱਜ ਅਸੀਂ ਗੁਰ-ਹੁਕਮਾਂ ਨੂੰ ਛਿੱਕੇ ਟੰਗ ਡੇਰੇਦਾਰ ਸਾਧਾਂ-ਸੰਤਾਂ ਅੱਗੇ ਹੱਥ ਜੋੜੀ ਖੜੇ ਹਾਂ। ਖ਼ਾਲਸਾ ਪੰਥ ਨੂੰ ਕਈ ਸੰਪ੍ਰਦਾਵਾਂ ਵਿੱਚ ਵੰਡੀ ਬੈਠੇ ਹਾਂ ਜੋ ਆਏ ਦਿਨ ਸਾਨੂੰ ਲੁੱਟ ਕੇ ਸਾਡਾ ਸ਼ੋਸ਼ਣ ਕਰ ਰਹੇ ਹਨ। ਗੁਰੂ ਅਰਜਨ ਸਾਹਿਬ ਦੀ ਸਭ ਤੋਂ ਵੱਡੀ ਦੇਣ ਸੰਸਾਰ ਵਾਸਤੇ ਭਗਤਾਂ ਅਤੇ ਗੁਰਆੂਂ ਦੀ ਬਾਣੀ ਦੀ ਸੰਪਾਦਨੈ ਜੋ ਸਾਇੰਟੇਫਿਕ ਰੱਬੀ ਗਿਆਨ ਜਿਸ ਨੂੰ "ਪੋਥੀ ਪਰਮੇਸ਼ਰ ਕਾ ਥਾਨ" ਕਿਹਾ ਅਤੇ ਫੁਰਮਾਇਆ "ਗ੍ਰੰਥ ਰਿਦਾ ਗੁਰ ਕਾ ਇਹ ਜਾਨੋ ਉਤਮ ਹੈ ਸਰਬ ਸਬ ਥਾਂਨ ਰਹੈ ਹੈਂ" ਕਿਉਂਕਿ ਦੇਹ ਸਰੀਰ ਹਰ ਵੇਲੇ ਹਰ ਥਾਂ ਨਹੀਂ ਹੋ ਸਕਦੇ ਅਤੇ ਬਿਨਸਣਹਾਰ ਹਨ। ਜਿਸ ਵਿੱਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਦਸਵੇਂ ਪਾਤਸ਼ਾਹ ਨੇ ਗੁਰ ਗੱਦੀ ਦੇ ਕੇ "ਸ਼ਬਦ ਗੁਰੂ ਗ੍ਰੰਥ ਸਾਹਿਬ" ਕਹਿ ਸੀਸ ਨਿਵਾਇਆ। ਇਸ ਗ੍ਰੰਥ ਦਾ ਸਿਧਾਂਤ ਸਰਬੱਤ ਦਾ ਭਲਾ ਮੰਗਦਾ ਹੋਇਆ ਫੁਰਮਾਂਦਾ ਹੈ-ਜਗਤ ਜਲੰਦਾ ਰਖ ਲੈ ਆਪਣੀ ਕ੍ਰਿਪਾਧਾਰ॥ ਅਵਲ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ..॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ॥ ਵਿਦਿਆ ਵੀਚਾਰੀ ਤਾ ਪਰਉਪਕਾਰੀ॥ ਘਾਲਿ ਖਾਇ ਕਿਛ ਹਥਹੁ ਦੇਇ ਨਾਨਕ ਰਾਹੁ ਪਛਾਣੈ ਸੇਇ॥ ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥ (ਗੁਰੂ ਗ੍ਰੰਥ) ਸੱਚ ਨਾਲ ਝੂਠ ਹਮੇਸ਼ਾਂ ਟਕਰਾਂਦਾ ਰਿਹਾ ਤੇ ਟਕਰਉਂਦਾ ਰਹੇਗਾ। ਜੋ ਕੌਮਾਂ ਇੱਠੀਆਂ ਹੋ ਕੇ ਮੁਕਾਬਲਾ ਕਰਦੀਆਂ ਨੇ ਉਹ ਸਦਾ ਜੇਤੂ ਰਹਿੰਦੀਆਂ ਹਨ। ਸੋ ਸਾਨੂੰ ਵੀ ਅੱਜ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੂੰ ਦਿਲੋਂ ਯਾਦ ਕਰਦੇ ਹੋਏ ਆਪਣੇ ਸਾਰੇ ਮਤ-ਭੇਦ ਖ਼ਤਮ ਕਰਕੇ ਡੇਰੇ ਅਤੇ ਸੰਪ੍ਰਦਾਵਾਂ ਨੂੰ ਛੱਡ, ਖ਼ਾਲਸਾ ਪੰਥ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

ਇਹ ਹੀ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਅਤੇ ਫਿਰ ਬਾਬਰ, ਮੁਹੰਮਦ ਬਾਕੀ ਬਿੱਲਾ, ਮੁਰਤਜਾ ਖਾਂ, ਜਹਾਂਗੀਰ, ਬੀਰਬਲ ਬ੍ਰਾਹਮਣ, ਚੰਦੂ ਸ਼ਵਾਹੀਆ, ਔਰੰਗਜ਼ੇਬ, ਜ਼ਕਰੀਆ ਖਾਂ, ਮੀਰ ਮੰਨੂੰ, ਅਜੋਕੇ ਆਰ. ਐਸ. ਐਸ. ਵਰਗੇ ਹਿੰਦੂ, ਡੇਰੇਦਾਰ ਸਾਧ ਅਤੇ ਉਨ੍ਹਾਂ ਦੇ ਪਿਛਲੱਗ ਲੀਡਰ ਸਿੱਖ ਕੌਮ ਦਾ ਨੁਕਸਾਨ ਨਹੀਂ ਕਰ ਸੱਕਣਗੇ ਜੋ ਅੱਜ ਸਰਬਸਾਂਝੇ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਵੀ ਕਰ ਰਹੇ ਹਨ। ਇਸ ਮਾਜਰੇ ਨੂੰ ਸਮਝਣ ਦੀ ਲੋੜ ਹੈ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ.ਦੇ ਪ੍ਰਧਾਨ ਨਾਂਗਲੂ ਅਕਾਲ ਚਲਾਣਾ ਕਰ ਗਏ

ਜੈ ਗੁਰੂਦੇਵ!
ਧੰਨ ਗੁਰਦੇਵ!
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥ ਪੰਜਾਬ ਰਜਿ. ਬਿਨਪਾਲਕੇ ਦੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਸੀਨੀਅਰ ਆਗੂ ਅਤੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਬੁੱਧੀਜੀਵੀ ਚਿੰਤਕ ਮਾਸਟਰ ਰਾਮਧਨ ਨਾਂਗਲੂ ਅਕਾਲ ਚਲਾਣਾ ਕਰ ਗਏ।
ਮਾਸਟਰ ਰਾਮ ਧਨ ਨਾਂਗਲੂ
(ਲੇਖਕ)
ਮਾਸਟਰ ਰਾਮਧਨ ਨਾਂਗਲੂ (80 ਸਾਲ) ਜਿਨ੍ਹਾਂ ਨੇ ਆਪਣੀ ਜਿੰਦਗੀ ਦੇ 60 ਸਾਲ ਗੁਰੂ ਰਵਿਦਾਸ ਮਿਸ

ਭਾਰਤ ਦੀ ਜੰਗ-ਏ-ਆਜ਼ਾਦੀ ਦਾ ਸਿਰਮੌਰ ਕਰਾਂਤੀਕਾਰੀ ਸ਼ਹੀਦ ਕਰਤਾਰ ਸਿੰਘ ਸਰਾਭਾ

ਸੀਤਾ ਰਾਮ ਮਾਧੋਪੁਰੀ

24 ਮਈ 1896 ਨੂੰ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਜਨ-ਮਿਆ। ਛੋਟੀ ਉਮਰ ਵਿੱਚ ਮਾਤਾ ਪਿਤਾ ਗੁਜਰ ਗਏ ਤਾਂ ਉਸਦਾ ਪਾਲਣ ਪੋਸ਼ਣ ਦਾਦੇ ਸਰਦਾਰ ਬਦਨ ਸਿੰਘ ਨੇ ਕੀਤਾ। 1916 ਵਿੱਚ ਖੁਫ਼ੀਆ ਮਹਿਕਮੇ ਵੱਲੋਂ ਛਾਪੀ ਗ਼ਦਰ ਡਾਇਰੈਕਟਰੀ ਵਿੱਚ ਦਾਦੇ ਬਦਨ ਸਿੰਘ ਬਾਰੇ ਲਿਖਿਆ ਹੈ ਕਿ ਉਹ ਇਨਕਲਾਬੀਆਂ ਦਾ ਹਿਮਾਇਤੀ ਸੀ ਤੇ ਉਸ ਨੇ ਆਪਣੇ ਪੋਤੇ ਨੂੰ ਹਥਿਆਰਬੰਦ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਤਿਆਰ ਕੀਤਾ।

ਕਰਤਾਰ ਸਿੰਘ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਰੋਲ ਮਾਡਲ ਸੀ

28 ਜੁਲਾਈ 1912 ਨੂੰ ਅਮਰੀਕਾ ਪੜ੍ਹਾਈ ਕਰਨ ਪਹੁੰਚਿਆ ।ਮਜਦੂਰਾਂ,ਕਿਸਾਨਾਂ, ਸਾਬਕਾ ਫੌਜੀਆਂ ਅਤੇ ਵਿਦਿਆਰਥੀਆਂ ਦੀ ਬਣਾਈ ਜਥੇਬੰਦੀ ਗਦਰ ਪਾਰਟੀ ਦਾ ਉਹ ਮੋਹਰੀ ਆਗੂ ਬਣ ਗਿਆ। ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਕਰੀਮ ਬਖ਼ਸ਼, ਪੰਡਿਤ ਜਗਤ ਰਾਮ, ਪੰਡਿਤ ਕਾਂਸ਼ੀ ਰਾਮ, ਹਰਨਾਮ ਸਿੰਘ ਟੁੰਡੀਲਾਟ, ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ ਵਰਗੇ ਇਨਕਲਾਬੀਆਂ ਦੀ ਸੰਗਤ ਵਿੱਚ ਕਰਤਾਰ ਸਿੰਘ ਵੱਧ ਚੜ੍ਹ ਕੇ ਕੰਮ ਕਰ ਰਿਹਾ ਸੀ।

ਅਮਰੀਕਾ ਵਿੱਚ ਗਦਰ ਲਹਿਰ ਦੀ ਉਸਾਰੀ ਕਰਨ, ਭਾਰਤੀਆਂ ਨੂੰ ਸੰਗਠਿਤ ਕਰਨ, ਦਿਨ ਰਾਤ ਗਦਰ ਅਖਬਾਰ ਛਾਪਣ, ਉਰਦੂ ਲੇਖਾਂ ਨੂੰ ਪੰਜਾਬੀ ਚ ਅਨੁਵਾਦ ਕਰਕੇ ਛਾਪਣ ਜਿਹੇ ਕੰਮ ਕੀਤੇ।

ਗਦਰ ਪਾਰਟੀ ਦੀ ਲਲਕਾਰ ਤੇ ਦੇਸ਼ ਦੇ ਗੁਲਾਮੀ ਦੇ ਸੰਗਲ ਤੋੜਨ ਲਈ ਕਰਤਾਰ ਸਿੰਘ ਭਾਰਤ ਆ ਗਿਆ। ਨਿਸ਼ਾਨਾ ਸੀ ਦੇਸ਼ ਆਜ਼ਾਦ ਕਰਵਾ ਕੇ ਇੱਥੇ ਧਰਮ ਨਿਰਪੱਖ ਜਮਹੂਰੀ ਪੰਚਾਇਤੀ ਰਾਜ ਕਾਇਮ ਕਰਨਾ।

ਸੰਕਲਪ ਸੀ ਤਖਤ ਜਾਂ ਤਖਤਾ ਭਾਵ ਅੰਗਰੇਜਾ ਕੋਲੋਂ ਰਾਜ ਖੋਹਣਾ ਜਾਂ ਅਸਫਲ ਹੋਣ ਤੇ ਫਾਂਸੀ ਦੇ ਤਖਤੇ ਤੇ ਚੜ੍ਹ ਜਾਣਾ। ਦੇਸ਼ ਮੁੜਦਿਆਂ ਪ੍ਰਮੁੱਖ ਨੇਤਾ ਫੜੇ ਗਏ।ਬਨਾਰਸ ਤੋਂ ਰਾਸ ਬਿਹਾਰੀ ਬੋਸ ਨੂੰ ਪੰਜਾਬ ਵਿੱਚ ਸੱਦ ਕੇ ਗਦਰ ਸੰਗਠਨ ਨੂੰ ਉਸਾਰਨ ਲਈ ਹੈਰਾਨ ਕਰਨ ਵਾਲਾ ਆਗੂ ਰੋਲ ਅਦਾ ਕੀਤਾ। ਅਫਗਾਨਿਸਤਾਨ ਦੀ ਸਰਹੱਦ ਦੀਆਂ ਛਾਉਣੀਆਂ ਤੋਂ ਲੈ ਕੇ ਬੰਗਾਲ ਦੀਆਂ ਛਾਉਣੀਆਂ ਤੱਕ ਦੇਸੀ ਫੌਜੀਆਂ ਨੂੰ ਬਗਾਵਤ ਚ ਸ਼ਾਮਲ ਕਰਾਉਣ ਲਈ ਗਦਰੀਆਂ ਨੇ ਸੰਪਰਕ ਕਾਇਮ ਕੀਤੇ. ਕਰਤਾਰ ਸਿੰਘ ਬਿਨਾ ਕਿਸੇ ਡਰ ਦੇ ਛਾਉਣੀਆਂ ਚ ਗਦਰ ਪ੍ਰਾਪੇਗੰਡਾ ਕਰਨ ਚਲਾ ਜਾਂਦਾ ਸੀ।

ਅੱਠ ਹਜ਼ਾਰ ਦੇ ਕਰੀਬ ਗਦਰੀ ਦੇਸ਼ ਭਗਤ ਭਾਰਤ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ਾਂ ਤੋਂ ਪਰਤ ਆਏ ਸਨ. ਗਦਰ ਕਰਨ ਲਈ ਹਥਿਆਰ 'ਕੱਠੇ ਕਰਨ, ਉੱਤਰੀ ਭਾਰਤ ਚ ਘੁੰਮ ਕੇ ਦੇਸ਼ ਭਗਤਾਂ ਦਾ ਸੰਗਠਨ ਖੜ੍ਹਾ ਕਰਨ,ਪ੍ਰਚਾਰ ਸਮੱਗਰੀ ਵੰਡਣ, ਗੱਲ ਕੀ ਕੋਈ ਵੀ ਅਜਿਹਾ ਕੰਮ ਨਹੀਂ ਸੀ ਜਿਸ ਚ ਕਰਤਾਰ ਸਿੰਘ ਸ਼ਾਮਲ ਨਹੀਂ ਸੀ।

ਫੜੇ ਜਾਣ ਤੇ ਪੂਰੇ ਹੌਸਲੇ ਨਾਲ ਭਰੀ ਅਦਾਲਤ ਚ ਦੇਸ਼ ਆਜ਼ਾਦ ਕਰਾਉਣ ਲਈ ਕੀਤੇ ਕੰਮਾਂ ਬਾਰੇ ਮੰਨਿਆ ਹਾਲਾਂਕਿ ਜੱਜ ਨੇ ਉਸਨੂੰ ਬਿਆਨ ਦਿੰਦੇ ਨੂੰ ਰੋਕ ਕੇ ਕਿਹਾ ਕਿ ਜੋ ਬਿਆਨ ਦੇ ਰਿਹਾ ਏਂ ਤੈਨੂੰ ਫਾਂਸੀ ਦੀ ਸਜ਼ਾ ਹੋ ਜਾਵੇਗੀ। ਜੱਜ

ਨੇ ਅਦਾਲਤੀ ਕਾਰਵਾਈ ਰੋਕ ਅਗਲੇ ਦਿਨ ਬਿਆਨ ਦੇਣ ਲਈ ਕਿਹਾ। ਕਰਤਾਰ ਸਿੰਘ ਨੇ ਬਹੁਤ ਬੇਬਾਕੀ ਨਾਲ ਅਦਾਲਤ ਨੂੰ ਦੱਸਿਆ ਕਿ ਉਸਨੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਉਖਾੜਨ ਲਈ ਸਭ ਕੁਝ ਕੀਤਾ।

ਉਸਦੇ ਗਦਰ ਕਰਾਉਣ ਦੀ ਕੋਸ਼ਿਸ਼ ਦੇ ਹਰੇਕ ਕੰਮ, ਜਗ੍ਹਾ, ਮੀਟਿੰਗ, ਸਲਾਹ, ਐਕਸ਼ਨ ਚ ਸ਼ਾਮਲ ਹੋਣ ਕਰਕੇ ਲਾਹੌਰ ਸਾਜਿਸ਼ ਕੇਸ ਦੇ ਜੱਜਾਂ ਨੇ ਕਰਤਾਰ ਸਿੰਘ ਵਾਸਤੇ ਸਰਵਿਵਆਪਕ ਸ਼ਬਦ ਲਿਖਿਆ। ਇਹੀ ਸ਼ਬਦ ਸ਼ਹੀਦ ਭਗਤ ਸਿੰਘ ਬਾਰੇ ਵੀ ਜੱਜਾਂ ਨੇ ਲਿਖਿਆ ਸੀ। ਗ਼ਦਰੀਆਂ ਦੇ ਲਾਹੌਰ ਸਾਜ਼ਿਸ਼ ਕੇਸ ਦੀ ਇੱਕ ਕਾਪੀ ਖਟਕੜ ਕਲਾਂ ਦੇ ਸ਼ਹੀਦੇ ਆਜ਼ਮ ਮਿਊਜ਼ੀਅਮ ਵਿੱਚ ਪਈ ਹੈ। ਉਹਦੇ ਵਿੱਚ ਕਰਤਾਰ ਸਿੰਘ ਸਰਾਭਾ ਬਾਰੇ ਲਿਖੇ ਸ਼ਬਦ ਸਰਵਵਿਆਪਕ ਹੇਠ ਭਗਤ ਸਿੰਘ ਨੇ ਨਿਸ਼ਾਨੀ ਲਾਈ ਹੋਈ ਹੈ। 16 ਨਵੰਬਰ 1915 ਦਿਨ ਮੰਗਲਵਾਰ ਨੂੰ 6 ਸਾਥੀਆਂ ਸਮੇਤ ਲਾਹੌਰ ਦੀ ਸੈਂਟਰਲ ਜੇਲ੍ਹ ਚ ਫਾਂਸੀ ਦਿੱਤੀ ਗਈ ਤੇ ਲਾਸ਼ਾਂ ਵਾਰਸਾਂ ਦੇ ਹਵਾਲੇ ਨਾ ਕਰਕੇ ਜੇਲ੍ਹ ਪ੍ਰਸ਼ਾਸਨ ਨੇ ਜੇਲ ਦੀ ਚਾਰ ਦੀਵਾਰੀ ਦੇ ਅੰਦਰ ਦਬਾ ਦਿੱਤੀਆਂ। ਗਦਰੀ ਫੌਰੀ ਤੌਰ ਤੇ ਭਾਂਵੇਂ ਆਪਣੇ ਮਿਸ਼ਨ ਚ ਕਾਮਯਾਬ ਨਹੀਂ ਹੋਏ ਪਰ ਉਹਨਾਂ ਦੀਆਂ ਕੁਰਬਾਨੀਆਂ ਨੇ ਬਾਅਦ ਦੀਆਂ ਲਹਿਰਾਂ ਦੇ ਦੇਸ਼ ਭਗਤਾਂ ਤੇ ਆਪਣੀ ਅਮਿੱਟ ਛਾਪ ਛੱਡੀ। ਅਖੀਰ ਗਦਰੀਆਂ ਵਾਲਾ ਤਰੀਕਾ ਹੀ ਕਾਮਯਾਬ ਹੋਇਆ।

ਆਜ਼ਾਦ ਹਿੰਦ ਫੌਜ ਦੇ 70 ਹਜ਼ਾਰ ਫੌਜੀਆਂ ਨੇ ਬਗਾਵਤ ਕਰ ਦਿੱਤੀ।ਫਿਰ 1946 ਚ ਨੇਵੀ ਨੇ ਬਗਾਵਤ ਕੀਤੀ। ਇਨ੍ਹਾਂ ਹਥਿਆਰਬੰਦ ਬਗਾਵਤਾਂ ਤੋਂ ਡਰਦੇ ਮਾਰੇ ਅੰਗਰੇਜਾਂ ਨੇ ਭਾਰਤ ਨੂੰ ਆਜ਼ਾਦ ਕਰਨ ਦਾ ਐਲਾਨ ਕਰ ਦਿੱਤਾ।

ਕੋਟਨ ਕੋਟ ਪ੍ਰਣਾਮ ਹੈ ਵੀਰ ਕਰਤਾਰ ਸਿੰਘ ਸਰਾਭੇ ਨੂੰ ਜੋ 19 ਸਾਲ 5 ਮਹੀਨੇ 23 ਦਿਨ ਦੀ ਨਿੱਕੀ ਉਮਰ ਚ ਬਹੁਤ ਵੱਡੀ ਕੁਰਬਾਨੀ ਕਰਕੇ ਸਾਨੂੰ ਵਿਦੇਸ਼ੀ ਹਾਕਮਾਂ ਦੀ ਗੁਲਾਮੀ ਤੋਂ ਨਿਜਾਤ ਦੁਆ ਗਿਆ।

ਦੇਸ ਭਗਤੀ ਦੇ ਮੁਜੱਸਮੇ ਕਰਤਾਰ ਸਿੰਘ ਸਰਾਭਾ ਚ ਅਸਮਾਨੀ ਬਿਜਲੀ ਜਿੰਨੀ ਫੁਰਤੀ ਸੀ ।

ਚਾਰ ਵੰਗਾਂ

ਪ੍ਰੋਫੈਸਰ ਪਰਮਜੀਤ ਕੌਰ

ਮੇਰਿਓ ਬੱਚਿਓ ਮੇਰੇ ਜਾਣ ਤੋਂ ਬਾਅਦ ਚਾਰੇ ਭੈਣਾਂ ਮੇਰੀਆਂ ਚਾਰੇ ਵੰਗਾਂ ਇਕ-ਇਕ ਮਾਂ ਦੀ ਨਿਸ਼ਾਨੀ ਵਜੋਂ ਸੰਭਾਲ ਲਿਓ। ਆਪਣੀ ਮਾਂ ਦੀ ਇਹ ਗੱਲ ਦੱਸਦਿਆਂ ਸੀਤੋ ਦਾ ਗੱਚ ਭਰ ਆਇਆ। ਉਹ ਚਾਰ ਭੈਣਾਂ ਤੇ ਇਕ ਭਰਾ ਮਾਪਿਆਂ ਦੀ ਔਲਾਦ ਸੀ। ਭਰਾ ਮਾਪਿਆਂ ਨੇ ਖੂਹੀ ਜਾਲ ਪਾ-ਪਾ ਲਿਆ। ਮਾਂ ਦਾ ਤਾਂ ਪਹਿਲਾਂ ਹੀ ਕੋਈ ਭਰਾ ਨਹੀਂ ਸੀ। ਸੋ, ਉਸਨੇ ਪੁੱਤਰ ਦੀ ਪ੍ਰਾਪਤੀ ਲਈ ਐਸੀ ਕੋਈ ਸੁੱਖਣਾ ਨਹੀਂ ਸੀ ਜੋ ਨਾ ਸੁੱਖੀ ਹੋਵੇ। ਭੈਣਾਂ ਦਾ ਲਾਡਲਾ ਸਭ ਤੋਂ ਛੋਟਾ ਵੀਰ। ਉਸਦੇ ਦੁਨੀਆਂ ਵਿਚ ਆਉਣ ਤੋਂ ਪਹਿਲਾਂ ਸੀਤੋ ਦੇ ਤਾਏ ਨੇ ਉਸਦੇ ਬਾਪ ਨੂੰ ਇਕ ਵਾਰ ਕਿਹਾ ਸੀ, 'ਮੇਰੇ ਤਿੰਨ ਪੁੱਤ ਹਨ, ਇਕ ਤੂੰ ਲੈ ਲੈ।' ਪਰ ਉਹਨਾਂ ਨੂੰ ਇਹ ਮਨਜ਼ੂਰ ਨਹੀਂ ਸੀ। ਉਹਨਾਂ ਨੂੰ ਤਾਂ ਆਪਣਾ ਚਾਹੀਦਾ ਸੀ, ਆਪਣਾ ਖੂਨ। ਸ਼ਾਇਦ ਤਾਏ ਦੀ ਇਸ ਪੇਸ਼ਕਸ਼ ਵਿਚੋਂ ਵੀ ਉਹਨਾਂ ਨੂੰ ਆਪਣੀ ਜ਼ਮੀਨ ਜਾਇਦਾਦ ਦੇ ਖੁਸਣ ਦਾ ਤੌਖਲਾ ਵਧੇਰੇ ਸੀ। ਉਹਨਾਂ ਨੂੰ ਤਾਂ ਹਮੇਸ਼ਾ ਇਹੀ ਚਿੰਤਾ ਸਤਾਉਂਦੀ ਸੀ ਕਿ ਪੁੱਤ ਤੋਂ ਬਿਨਾਂ ਉਹਨਾਂ ਦੀ ਕੁੱਲ ਕਿਵੇਂ ਤੁਰਨੀ ਹੈ। ਭਾਵੇਂ ਉਹ ਪੜ੍ਹੇ-ਲਿਖੇ ਸਨ, ਪਰ ਉਹਨਾਂ ਦੀ ਸੋਚ ਸ਼ਾਇਦ ਇੱਥੋਂ ਤੱਕ ਹੀ ਸੀਮਤ ਸੀ। ਪੁੱਤਰ ਦੀ ਪ੍ਰਾਪਤੀ ਨੇ ਤਾਂ ਉਹਨਾਂ ਨੂੰ ਜ਼ਿੰਦਗੀ ਦੇ ਨਵੇਂ ਹੀ ਅਰਥ ਦੇ ਦਿੱਤੇ ਸਨ। ਜਦ ਤੱਕ ਮਾਂ ਜਿਉਂਦੀ ਰਹੀ ਮਾਂ ਨੇ ਕਦੇ ਆਪਣੀਆਂ ਧੀਆਂ ਨੂੰ ਆਪਣੇ ਘਰੋਂ ਖਾਲੀ ਨਹੀਂ ਸੀ ਮੋੜਿਆ। ਚਾਹੇ ਚਾਰੇ ਭੈਣਾਂ ਪੜ੍ਹੀਆਂ-ਲਿਖੀਆਂ, ਖਾਂਦੇ-ਪੀਂਦੇ ਘਰਾਂ 'ਚ ਵਿਆਹੀਆਂ ਹੋਈਆਂ ਸਨ, ਆਪਣੇ ਘਰਾਂ ਵਿਚ ਉਹਨਾਂ ਨੂੰ ਕੋਈ ਕਮੀ ਨਹੀਂ ਸੀ ਪਰ ਮਾਂ ਨੇ ਆਪ ਵੀ ਪਿਆਰ ਦੇਣਾ ਤੇ ਬਾਪ ਤੋਂ ਵੀ ਦੁਆ ਦੇਣਾ। ਵਾਰ-ਵਾਰ ਮਨ੍ਹਾ ਕਰਨ 'ਤੇ ਵੀ ਇਕੋ ਗੱਲ ਕਹਿਣੀ, 'ਪੁੱਤ ਮਾਪਿਆਂ ਨਾਲ ਹੀ ਹੈ ਸਭ ਕੁਝ।' ਹੈ ਵੀ ਇਹ ਸੱਚ ਸੀ। ਮਾਂ ਦੁਨੀਆਂ ਤੋਂ ਚਲੀ ਗਈ। ਉਸਦੇ ਜਾਣ ਤੋਂ ਬਾਅਦ ਮਾਪਿਆਂ ਦੇ ਘਰ ਮੁੜ ਜਾਣ ਦਾ ਸਬੱਬ ਬਣਿਆ। ਚਾਰੇ ਭੈਣਾਂ ਇਕੱਠੀਆਂ ਹੋਈਆਂ ਤਾਂ ਸਭ ਤੋਂ ਛੋਟੀ ਭੈਣ ਨੇ ਭਰਾ ਅਤੇ ਬਾਪ ਦੇ ਸਾਹਮਣੇ ਮਾਂ ਦੀ ਕਹੀ ਗੱਲ ਦੱਸ ਆਪਣੀ ਮਾਂ ਦੀ ਨਿਸ਼ਾਨੀ ਵੰਗਾਂ ਦੀ ਮੰਗ ਕਰ ਲਈ। ਭਰਾ ਨੇ ਤਾਂ ਕੋਈ ਇਤਰਾਜ਼ ਨਾ ਜਤਾਇਆ, ਪਰ ਬਾਪ ਨੇ ਜਿਵੇਂ ਪ੍ਰਤੀਕਿਰਿਆ ਜ਼ਾਹਿਰ ਕੀਤੀ। ਉਸ ਤੋਂ ਲੱਗਦਾ ਸੀ ਕਿ ਉਹਨਾਂ ਨੂੰ ਇਹ ਗੱਲ ਚੰਗੀ ਨਹੀਂ ਲੱਗੀ। ਬਹੁਤ ਤਰਸੇਵੇਂ ਨਾਲ ਲਏ ਪੁੱਤ ਤੋਂ ਵੱਧ ਉਹ ਧੀਆਂ ਨੂੰ ਸ਼ਾਇਦ ਅਹਿਮੀਅਤ ਨਹੀਂ ਸੀ ਦੇਣਾ ਚਾਹੁੰਦੇ। ਉਹਨਾਂ ਦੇ ਦਿਲ ਤਾਂ ਹਰ ਸਮੇਂ ਪੁੱਤ ਵਿਚ ਹੀ ਧੜਕਦਾ ਸੀ। ਹੈ ਵੀ ਸੱਚ ਸੀ ਬਹੁਤ ਤਰਲਿਆਂ ਨਾਲ ਉਹਨਾਂ ਚਾਰ ਧੀਆਂ ਤੋਂ ਬਾਅਦ ਪੁੱਤ ਦਾ ਮੂੰਹ ਵੇਖਿਆ ਸੀ। ਸਭ ਕੁਝ ਉਸੇ ਤੋਂ ਨਿਛਾਵਰ ਕਰਨਾ ਚਾਹੁੰਦੇ ਸਨ। ਭਾਵੇਂ ਵੱਡੀਆਂ ਤਿੰਨ ਧੀਆਂ ਇਸ ਗੱਲ ਨੂੰ ਬਹੁਤੀ ਤੂਲ ਦੇਣ ਨੂੰ ਤਿਆਰ ਨਹੀਂ ਸਨ ਪਰ ਸਭ ਤੋਂ ਛੋਟੀ ਬਜਿੱਦ ਸੀ ਕਿ ਨਹੀਂ ਮਾਂ ਦੀ ਨਿਸ਼ਾਨੀ ਮੈਂ ਜ਼ਰੂਰ ਲੈਣੀ ਹੈ।

ਭਾਵੇਂ ਇਹ ਵੀ ਸੱਚ ਸੀ ਕਿ ਸੀਤੋ ਦੇ ਮਾਪਿਆਂ ਨੇ ਆਪਣੀਆਂ ਧੀਆਂ ਨੂੰ ਪੁੱਤਾਂ ਵਾਂਗ ਪਾਲਿਆ, ਉਚੇਰੀ ਵਿੱਦਿਆ ਦਿਵਾਈ, ਪੈਰਾਂ ਤੇ ਖੜ੍ਹਿਆਂ ਕੀਤਾ। ਪਰ ਪੁੱਤ ਪਿਆਰ ਸਦਾ ਹੀ ਉਹਨਾਂ 'ਤੇ ਹਾਵੀ ਰਿਹਾ। ਅੱਜ ਬਾਪ ਦੇ ਰਵੱਈਏ ਨੂੰ ਦੇਖ ਸੀਤੋ ਨੂੰ ਉਸ ਪਾਕਿਸਤਾਨੀ ਔਰਤ ਦੀ ਕਹੀ ਗੱਲ ਯਾਦ ਆ ਰਹੀ ਸੀ, ਜਿਸ ਦੇ ਮਾਪੇ ਵੰਡ ਸਮੇਂ ਭਾਰਤੀ ਪੰਜਾਬ ਤੋਂ ਪਾਕਿਸਤਾਨੀ ਪੰਜਾਬ ਵਿਚ ਜਾ ਵੱਸੇ ਸਨ। ਉਸਦਾ ਕਹਿਣਾ ਸੀ ਕਿ ਅੱਜ ਵੀ ਸਾਡੇ ਬਜ਼ੁਰਗ ਚਾਹੇ ਉਹ ਭਾਰਤ ਵਿਚ ਹਨ, ਪਾਕਿਸਤਾਨ ਜਾਂ ਵਿਦੇਸ਼ਾਂ ਵਿਚ ਵੱਸ ਗਏ ਹਨ ਪਰ ਉਹਨਾਂ ਦੀ ਸੋਚ ਨਹੀਂ ਬਦਲੀ। ਅੱਜ ਵੀ ਉਹ ਧੀਆਂ ਨਾਲੋਂ ਪੁੱਤਰਾਂ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ। ਉਹਨਾਂ ਨੂੰ ਹਮੇਸ਼ਾ ਤੋਂ ਇਹੀ ਲੱਗਦਾ ਹੈ ਕਿ ਪੁੱਤਰ ਹੀ ਉਹਨਾਂ ਦੀ ਕੁੱਲ ਨੂੰ ਅੱਗੇ ਤੋਰਨ ਵਾਲੇ ਹਨ।

ਇਕ ਹੋਰ ਅਜਿਹਾ ਵਾਕਿਆਤ ਯਾਦ ਹੈ- ਕਿਸੇ ਦੇ ਪੁੱਤ ਘਰ ਪੋਤਰਾ ਹੋਇਆ ਤਾਂ ਉਹਨਾਂ ਦੇ ਬਜ਼ੁਰਗ ਬਹੁਤ ਖੁਸ਼। ਕਹਿੰਦੇ ਮੇਰੀ ਕੁੱਲ ਚੱਲ ਪਈ। ਉਹਨਾਂ ਨੂੰ ਖੁਸ਼ ਦੇਖ ਲਾਗਿਉਂ ਉਹਨਾਂ ਦੀ ਧੀ ਬੋਲ ਪਈ, ਕਹਿੰਦੀ ਮੁੰਡੇ ਨਾਲ ਕੁੱਲ ਕਿਵੇਂ ਤੁਰੀ, ਜਦੋਂਕਿ ਇਸ ਤੋਂ ਪਹਿਲਾਂ ਤਾਂ ਤੁਹਾਡੀ ਪੋਤੀ ਘਰ ਬੇਟੀ ਪੈਦਾ ਹੋਈ ਹੈ ਤਾਂ ਬਜ਼ੁਰਗ ਬੋਲੇ, ਉਹ ਤਾਂ ਪੋਤੀ ਦੀ ਕੁੜੀ ਹੈ, ਪੋਤੀ ਬਿਗਾਨੇ ਘਰ ਦੀ ਰੌਣਕ ਹੈ, ਉਹ ਮੇਰੇ ਖਾਨਦਾਨ ਦੀ ਵੇਲ ਵਧਾਉਣ ਵਾਲੀ ਕਿਵੇਂ ਹੋਈ। ਸੋ, ਸਾਡੇ ਬਜ਼ੁਰਗ ਧੀਆਂ ਨੂੰ ਪੁੱਤਾਂ ਦੇ ਬਰਾਬਰ ਹੱਕ ਦੇਣ ਤੋਂ ਸਦਾ ਹਿਚਕਚਾਉਂਦੇ ਹੀ ਰਹੇ। ਬਹੁਤੇ ਘਰਾਂ ਵਿਚ ਤਾਂ ਧੀਆਂ ਦੇ ਮਾਪੇ ਅਕਸਰ ਇਹੀ ਦਲੀਲ ਦਿੰਦੇ ਹਨ ਕਿ ਉਹਨਾਂ ਧੀਆਂ ਨੂੰ ਪੜ੍ਹਾ ਦਿੱਤਾ, ਵਿਆਹ ਦਿੱਤਾ, ਬੱਸ ਉਹਨਾਂ ਦੇ ਸਾਰੇ ਹੱਕ ਖਤਮ। ਪਰ ਕੀ ਉਹ ਪੁੱਤਾਂ ਨੂੰ ਨਹੀਂ ਪੜ੍ਹਾਉਂਦੇ। ਜਿਹਨਾਂ ਨੂੰ ਤਾਂ ਉਹ ਵਡੇਰੀ ਉਮਰ ਵਿਚ ਹੀ ਇਹੀ ਕਹਿੰਦੇ ਸੁਣੇ ਹਨ ਕਿ 'ਤੂੰ ਜੋ ਪੜ੍ਹਨਾ ਪੜ੍ਹ, ਜੋ ਕਰਨਾ ਕਰ, ਮੈਂ ਜੂ ਹਾਂ।' ਪਰ ਧੀਆਂ ਲਈ ਅਜਿਹੀ ਸੋਚ ਕਿਉਂ ਨਹੀਂ।

ਹੁਣ ਇੱਥੇ ਗੱਲ ਮਾਂ ਦੀਆਂ ਵੰਗਾਂ ਦੀ ਨਹੀਂ, ਮਾਨਸਿਕਤਾ ਦੀ ਹੈ। ਚਾਹੇ ਅੱਜ ਵਕਤ ਬਦਲ ਰਿਹਾ ਹੈ। ਲੋਕਾਂ ਦੀ ਧੀਆਂ ਪ੍ਰਤੀ ਸੋਚ ਬਦਲ ਰਹੀ ਹੈ। ਧੀਆਂ ਪੁੱਤਰਾਂ ਨੂੰ ਬਰਾਬਰੀ ਦੇ ਅਧਿਕਾਰ ਦਿੱਤੇ ਜਾ ਰਹੇ ਹਨ ਪਰ ਇਹ ਸੋਚ ਕੁਝ ਚੋਣਵੇਂ ਲੋਕਾਂ ਤੱਕ ਹੀ ਸੀਮਤ ਹੈ। ਅੱਜ ਵੀ ਅਖ਼ਬਾਰਾਂ ਔਰਤਾਂ ਨਾਲ, ਨਿੱਕੀਆਂ ਨਿੱਕੀਆਂ ਬੱਚੀਆਂ ਨਾਲ ਹੋਣ ਵਾਲੀਆਂ ਅਣਗਿਣਤ ਬਲਾਤਕਾਰ ਅਤੇ ਬੇਇਨਸਾਫੀ ਦੀਆਂ ਸੁਰਖੀਆਂ ਨਾਲ ਭਰੀਆਂ ਹੁੰਦੀਆਂ ਹਨ। ਇਹੀ ਨਹੀਂ ਨਵਜੰਮੀਆਂ ਬੱਚੀਆਂ ਕਿਤੇ ਢੇਰਾਂ ਤੋਂ ਮਿਲਦੀਆਂ ਹਨ ਤੇ ਕਿਤੇ ਕੂੜੇਦਾਨਾਂ ਵਿਚੋਂ ਤੇ ਬਹੁਤੀਆਂ ਨੂੰ ਤਾਂ ਮਾਂ ਦੇ ਪੇਟ ਅੰਦਰ ਹੀ ਮਾਰ ਮੁਕਾ ਕੇ ਇਹ ਸਮਾਜ, ਇਹ ਮਾਪੇ ਸੁਰਖਰੂ ਹੋ ਜਾਂਦੇ ਹਨ, ਧੀ ਦੀ ਹੋਂਦ ਤੋਂ। ਮਨੁੱਖ ਦੀ ਇਹ ਮਾਨਸਿਕਤਾ ਸਮਾਜ ਦੀ ਬਣਤਰ ਤੇ ਨਿਰਭਰ ਕਰਦੀ ਹੈ। ਚਾਰੇ ਅਜੋਕੇ ਮਾਹੌਲ ਵਿਚ ਵਧੇਰੇ ਮਾਪਿਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਧੀਆਂ ਪੁੱਤਾਂ ਤੋਂ ਵੱਧ ਉਹਨਾਂ ਦੀਆਂ ਖੈਰ-ਖੁਆਹ ਹਨ, ਮਦਦਗਾਰ ਹਨ, ਪਰ ਫਿਰ ਵੀ ਧੀਆਂ ਪੁੱਤਰਾਂ ਵਿਚ ਵਿਤਕਰਾ ਹੈ। ਧੀ ਆਖਰੀ ਦਮ ਤੱਕ ਮਾਪਿਆਂ ਦੀ ਧੀ ਰਹਿੰਦੀ ਹੈ, ਉਹਨਾਂ ਦੇ ਹਰ ਦੁੱਖ-ਸੁੱਖ ਵਿਚ ਸਹਾਈ ਹੁੰਦੀ ਹੈ। ਪੁੱਤ ਉਹਨਾਂ ਦੀ ਹਰ ਚੀਜ਼ ਦਾ ਮਾਲਕ ਹੈ, ਪਰ ਧੀਆਂ ਨੂੰ ਇੰਨਾ ਵੀ ਹੱਕ ਪ੍ਰਾਪਤ ਨਹੀਂ ਕਿ ਉਹ ਆਪਣੀ ਮਾਂ ਦੀ ਇਕ ਨਿੱਕੀ ਜਿਹੀ ਚੀਜ਼ ਵੀ ਨਿਸ਼ਾਨੀ ਦੇ ਤੌਰ 'ਤੇ ਆਪਣੇ ਕੋਲ ਰੱਖ ਸਕਣ। ਆਪਣਾ ਹੱਕ ਜਮਾ ਸਕਣ। ਭਾਵੇਂ ਮਾਪਿਆਂ ਦੇ ਦਿੱਤੇ ਸੰਸਕਾਰ ਸਹੀ ਮਾਅਨਿਆਂ ਵਿਚ ਉਹਨਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ, ਜੋ ਧੀਆਂ ਦੇ ਮਾਣ-ਸਨਮਾਨ ਅਤੇ ਸਮੁੱਚੇ ਜੀਵਨ ਦੀ ਰਹਿਨੁਮਾਈ ਕਰਦੀਆਂ ਹਨ। ਪਰ ਇਸਦੇ ਨਾਲ ਹੀ ਔਰਤ ਇਕ ਸਮਾਜਿਕ ਪ੍ਰਾਣੀ ਵੀ ਹੈ, ਦੁਨੀਆਦਾਰ ਵੀ ਹੈ। ਦੁਨਿਆਵੀ ਚੀਜ਼ਾਂ ਨੂੰ ਨਿਸ਼ਾਨੀ ਵਜੋਂ ਮਾਨਤਾ ਦੇਣ ਤੋਂ ਪਿਛਾਂਹ ਨਹੀਂ ਹਟਦੀ। ਸ਼ਾਇਦ ਇਹੀ ਧੀਆਂ ਦੀ ਤ੍ਰਾਸਦੀ ਹੈ। ਸੋ, ਜ਼ਰੂਰਤ ਹੈ ਧੀਆਂ ਅਤੇ ਪੁੱਤਰਾਂ ਨੂੰ ਬਰਾਬਰ ਅਧਿਕਾਰ ਦੇਣ ਦੀ ਤਾਂ ਹੀ ਸੋਹਣਾ, ਖੁਸ਼ਹਾਲ ਸਮਾਜ ਸਿਰਜਣ ਦੇ ਸਮਰੱਥ ਹੋ ਸਕਾਂਗੇ।

ਸ਼ਹੀਦਾਂ ਦੇ ਸਿਰਤਾਜ- ਗੁਰੂ ਅਰਜਨ ਦੇਵ ਜੀ

ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਚੜ੍ਹਦੇ ਸੂਰਜ ਵਾਂਗ ਚਮਕਦਾ ਰਹੇਗਾ। ਉਹਨਾਂ ਨੇ ਜੋ ਧਰਮ ਦੀ ਖਾਤਰ ਆਪਣੇ ਨਿਯਮਾਂ, ਅਸੂਲਾਂ ਤੇ ਅਨੁਸ਼ਾਸਨ ਆਦਿ ਦੇ ਕਾਰਨ ਸ਼ਹੀਦੀ ਦਿੱਤੀ, ਉਹ ਬੇਮਿਸਾਲ ਹੈ। ਭਾਰਤ ਵਿਚ ਹੀ ਨਹੀਂ, ਸਾਰੀ ਦੁਨੀਆਂ ਵਿਚ ਉਹਨਾਂ ਦੀ ਸ਼ਹੀਦੀ, ਬੇਮਿਸਾਲ ਸ਼ਹੀਦੀ ਹੈ। ਦੁਨੀਆਂ ਦੇ ਕਿਸੇ ਵੀ ਵਿਅਕਤੀ ਨੇ ਅੱਜ ਤੱਕ ਇੰਨੇ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਕੌਮ ਦੀ ਖਾਤਰ, ਦੇਸ਼ ਧਰਮ ਦੀ ਖਾਤਰ ਕੁਰਬਾਨੀ/ਸ਼ਹੀਦੀ ਨਹੀਂ ਦਿੱਤੀ। ਇਸ ਤਰ੍ਹਾਂ ਦੀ ਸ਼ਹੀਦੀ ਦਾ ਜ਼ਿਕਰ ਹਮੇਸ਼ਾ-ਹਮੇਸ਼ਾ ਸਾਹਿਬ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਹੀ ਹੋਵੇਗਾ। ਸਹਿਣਸ਼ੀਲਤਾ ਦੇ ਸਮੁੰਦਰ, ਭਾਣਾ ਮੰਨਣ ਦੇ ਬੁਲੰਦ ਇਰਾਦੇ ਵਾਲੇ, ਏਕਤਾ ਤੇ ਸਾਂਝੀਵਾਲਤਾ ਦੇ ਰਹਿਬਰ, ਅਸੂਲਾਂ ਦੇ ਸਿਰੜ ਦੇ ਧਨੀ, ਦਿਮਾਗੀ ਸੰਤੁਲਨ ਤੇ ਇਨਸਾਨੀਅਤ ਦੇ ਪੁਜਾਰੀ, ਜ਼ੁਲਮ ਅੱਗੇ ਸੀ ਨਾ ਕਰਨ ਵਾਲੇ, ਮਜ਼ਬੂਤ ਹਿਰਦੇ ਦੇ ਅੰਬਰ ਜਿਸ ਵਿਚ ਲੱਖਾਂ ਕਰੋੜਾਂ ਚੰਨ-ਸਿਤਾਰੇ ਚਮਕਦੇ ਸਨ, ਮੁਹੱਬਤ ਦੇ ਉੱਦਮ ਦੇ ਆਦਿ। ਸ੍ਰੀ ਗੁਰੂ ਅਰਜਨ ਦੇਵ ਜੀ ਇਨਸਾਨੀਅਤ ਨੂੰ, ਕੌਮ ਨੂੰ ਇਕ ਐਸਾ ਗੁਰੂ ਗ੍ਰੰਥ ਦੇ ਗਏ ਹਨ, ਜਿਸ ਦੀ ਰੌਸ਼ਨੀ ਨਾਲ ਆਉਣ ਵਾਲੀਆਂ ਪੀੜ੍ਹੀਆਂ ਚਮਕਦੀਆਂ ਰਹਿਣਗੀਆਂ। ਇਹ ਗ੍ਰੰਥ ਹੀ ਇਕ ਐਸਾ ਗ੍ਰੰਥ ਹੈ ਜਿਸ ਵਿਚ ਅਨੇਕਾਂ ਹੀ ਸੂਰਜਾਂ ਦੀ ਰੌਸ਼ਨੀ ਨੂੰ ਇਕੱਠਿਆਂ ਕਰਕੇ ਇਕ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਆਪਣੇ ਆਪ ਨੂੰ ਸੂਰਜ ਵਾਂਗ ਅਮਰ ਕਰ ਲਿਆ ਹੈ। ਸਿੱਖ ਜਗਤ ਵਿਚ ਇਸ ਦੀ ਵਡਮੁੱਲੀ ਮਹਾਨਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨਸਾਨੀ ਕਦਰਾਂ-ਕੀਮਤਾਂ ਨੂੰ ਮੱਦੇਨਜ਼ਰ ਰੱਖ ਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਸ ਗ੍ਰੰਥ ਦਾ ਕੋਈ ਵੀ ਸਲੋਕ ਪੜ੍ਹ ਲਿਆ ਜਾਵੇ, ਉਹ ਇਨਸਾਨੀ ਕਦਰਾਂ-ਕੀਮਤਾਂ ਤੋਂ ਬਾਹਰ ਨਹੀਂ ਜਾ ਸਕਦਾ। ੧ੴ, ਵਾਹਿਗੁਰੂ, ਸਤਿਨਾਮ, ਇਸੇ ਦੇ ਮੂਲ ਸਰੋਤ ਹਨ। ਇਸ ਮਹਾਨ ਗ੍ਰੰਥ ਦੀ ਬਦੌਲਤ ਹੀ ਕੁਝ ਰਾਜਨੀਤਿਕ ਕਾਰਨਾਂ ਕਰਕੇ ਉਹਨਾਂ ਨੂੰ ਸ਼ਹੀਦੀ ਦੇਣੀ ਪਈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ 1563 ਨੂੰ ਸੋਢੀ ਵੰਸ਼ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਕੁੱਖੋਂ ਸ੍ਰੀ ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਜੀ ਦੇ ਘਰ ਕਾਫ਼ੀ ਚਿਰ ਬਾਅਦ ਇਕ ਪੁੱਤਰ ਨੇ ਜਨਮ ਲਿਆ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਸ ਪੁੱਤਰ ਦੇ ਜਨਮ ਤੋਂ ਹੀ ਕਈ ਮਾਰੂ ਗੁਪਤਚਰ ਹਮਲੇ ਹੁੰਦੇ ਰਹੇ। ਮਾਰੂ ਹਮਲੇ ਜਾਂ ਯਤਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਕਰਵਾਉਂਦਾ ਰਿਹਾ, ਗੱਦੀ ਤੇ ਦੌਲਤ ਦੇ ਲਾਲਚ ਕਰਕੇ, ਪਰ ਉਸ ਵਾਹਿਗੁਰੂ ਨੇ ਬਾਲਕ ਹਰਿਗੋਬਿੰਦ ਸਾਹਿਬ ਦਾ ਵਾਲ ਵਿੰਗਾ ਨਾ ਹੋਣ ਦਿੱਤਾ। ਸ਼ੁਰੂ ਤੋਂ ਹੀ ਪ੍ਰਿਥੀ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਖਾਰ ਖਾਂਦਾ ਸੀ, ਕਿਉਂਕਿ ਘਰ ਦਾ ਸਾਰਾ ਪ੍ਰਬੰਧ ਪ੍ਰਿਥੀ ਦੇ ਹੱਥਾਂ ਵਿਚ ਵੀ, ਪਰ ਆਦਤਨ, ਉਹ ਇਕ ਵਧੀਆ ਇਨਸਾਨ ਨਹੀਂ ਸੀ। ਈਰਖਾਲੂ ਅਨੈਤਿਕ ਰੁਚੀਆਂ ਵਾਲਾ ਹੋਣ ਕਰਕੇ ਉਸ ਦਾ ਪਿਤਾ ਉਸ ਨੂੰ ਘੱਟ ਹੀ ਪਸੰਦ ਕਰਦੇ ਸਨ। ਪ੍ਰਿਥੀ ਹੇਰਾ-ਫੇਰੀਆਂ ਕਰਨ ਵਾਲਾ ਵਿਅਕਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਕਈ ਚਿੱਠੀਆਂ ਜੋ ਉਹਨਾਂ ਦੇ ਪਿਤਾ ਜੀ ਨੂੰ ਵਿਛੋੜੇ ਵਿਚ ਲਿਖੀਆਂ ਉਹ ਪ੍ਰਿਥੀ ਲੁਕਾ ਲੈਂਦਾ ਰਿਹਾ। ਬਾਅਦ ਵਿਚ ਉਸਦੀ ਇਹ ਚੋਰੀ ਪਕੜੀ ਗਈ। ਜਿਸ 'ਤੇ ਉਸ ਨੂੰ ਸ਼ਰਮਿੰਦਾ ਹੋਣਾ ਪਿਆ। ਇਸ ਸੰਤਾਪ ਦੇ ਨਾਲ-ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵਧੀਆ ਕਵਿਤਾ ਲਿਖਦੇ ਰਹੇ। ਉਹਨਾਂ ਦੀ ਲੇਖਣੀ ਅਧਿਆਤਮਕ ਸੀ।

ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਉਹਨਾਂ ਦੀ ਪਤਨੀ ਦਾ ਨਾਂਅ ਮਾਤਾ ਗੰਗਾ ਜੀ ਸੀ। ਉਹ ਕਈ ਭਾਸ਼ਾਵਾਂ ਦੇ ਗਿਆਤਾ ਸਨ, ਜਿਸ ਤਰ੍ਹਾਂ ਕਿ ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਿਜੀ, ਮੁਲਤਾਨੀ, ਕੇਂਦਰੀ ਪੰਜਾਬ, ਪੰਜਾਬ ਦੀਆਂ ਉਪ ਬੋਲੀਆਂ ਆਦਿ। ਉਹਨਾਂ ਦੀ ਅਣਥੱਕ ਮਿਹਨਤ, ਮੋਹ, ਤਿਆਗ, ਨਿਸ਼ਕਾਮ ਸੇਵਾ, ਅਧਿਆਤਮਕ ਰੁਚੀ ਆਦਿ ਨੂੰ ਦੇਖਦੇ ਹੋਏ ਉਹਨਾਂ ਦੇ ਪਿਤਾ ਨੇ ਉਹਨਾਂ ਨੂੰ ਗੱਦੀ ਦੀ ਬਖਸ਼ਿਸ਼ ਦੇਣ ਦਾ ਪ੍ਰਣ ਕਰ ਲਿਆ ਸੀ। ਸੋ ਸਤੰਬਰ 1581 ਨੂੰ ਉਹ ਗੁਰਿਆਈ ਗੱਦੀ 'ਤੇ ਬਿਰਾਜਮਾਨ ਹੋਏ। ਉਹਨਾਂ ਦੇ ਵੱਡੇ ਭਾਈ ਪ੍ਰਿਥੀ ਨੂੰ ਇਸ ਪ੍ਰਾਪਤੀ ਲਈ ਬਹੁਤ ਜ਼ਿਆਦਾ ਖ਼੍ਰਿਣਾ ਤੇ ਦੁੱਖ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੂਸਰੇ ਭਾਈ ਦਾ ਨਾਂ ਬਾਬਾ ਮਹਾਂਦੇਵ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਗੁਰੂ ਕੀ ਵਡਾਲੀ ਚਲੇ ਗਏ। ਉਥੇ ਆਪ ਜੀ ਦੇ ਘਰ ਸ੍ਰੀ ਹਰਿਗੋਬਿੰਦ ਜੀ ਦਾ ਜਨਮ ਹੋਇਆ, ਤੇ ਫਿਰ ਅੰਮ੍ਰਿਤਸਰ ਆ ਕੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਉਸਾਰੀ ਕੀਤੀ। ਸੰਤੋਖਸਰ ਬਣਾਇਆ, ਤਰਨਤਾਰਨ ਬਣਾਇਆ ਤੇ ਉਥੋਂ ਦੇ ਸਰੋਵਰ ਦੀ ਨੀਂਹ ਰੱਖੀ। ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਹੀ ਛੇਹਰਟਾ ਸਾਹਿਬ ਕਾਇਮ ਕੀਤਾ। ਮਗਰੋਂ ਹਰਿਗੋਬਿੰਦਪੁਰ ਵੀ ਵਸਾਇਆ। ਲਾਹੌਰ ਦੀ ਬਾਉਲੀ ਲਗਾਈ। ਰਾਮਸਰ ਤੇ ਗੁਰੂ ਕੇ ਬਾਗ ਦੀਆਂ ਨੀਹਾਂ ਰੱਖੀਆਂ। ਉਹਨਾਂ ਨੂੰ ਉਸਾਰੀ ਦੇ ਕੰਮਾਂ ਵਿਚ ਕਾਫ਼ੀ ਦਿਲਚਸਪੀ ਸੀ। ਉਹ ਆਖਰੀ ਦਮ ਤੱਕ ਕਰਮਯੋਗੀ ਹੀ ਰਹੇ।

ਸਭ ਤੋਂ ਵੱਡੀ ਉਹਨਾਂ ਦੀ ਪ੍ਰਾਪਤੀ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ। ਸੰਨ 1601 ਤੋਂ ਲੈ ਕੇ 1604 ਤੱਕ ਰਾਮਸਰ ਦੇ ਕਿਨਾਰੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਇਸ ਗ੍ਰੰਥ ਵਿਚ ਹਰ ਧਰਮ ਜਾਤ-ਪਾਤ ਦੇ ਬਿਨਾਂ ਭਗਤਾਂ, ਸੰਤਾਂ ਦੀ ਬਾਣੀ ਸ਼ਾਮਲ ਹੈ। ਜਾਤ-ਪਾਤ ਤੋਂ ਉਪਰ ਉਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਗਈ। ਕਿਸੇ ਵੀ ਧਰਮ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ। ਧਰਮ, ਜਾਤ-ਪਾਤ, ਰੰਗ-ਨਸਲ ਤੋਂ ਉਪਰ ਉੱਠ ਕੇ ਹੀ ਇਸ ਗ੍ਰੰਥ ਦੀ ਸੰਪਾਦਨਾ ਕੀਤੀ। ਸਾਰੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਕਵੀਆਂ ਦੀਆਂ ਰਚਨਾਵਾਂ ਕ੍ਰਿਤਾਂ ਸ਼ਾਮਲ ਹਨ, ਇਸ ਵਿਚ ਕੌਮ ਨੂੰ ਇਕ ਵਿਲੱਖਣ ਅਦੁੱਤੀ ਅਧਿਆਤਮਕ ਪੱਖਾਂ ਵਾਲਾ ਗ੍ਰੰਥ ਮੁਹੱਈਆ ਕੀਤਾ। ਇਸ ਬੀੜ ਨੂੰ ਹੱਥੀਂ ਲਿਖਿਆ ਭਾਈ ਗੁਰਦਾਸ ਜੀ ਨੇ ਤੇ ਇਸ ਬੀੜ ਦਾ ਪ੍ਰਕਾਸ਼ 1604 ਵਿਚ ਕੀਤਾ ਗਿਆ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ।

ਇਹ ਮਹਾਨ ਗ੍ਰੰਥ (ਬੀੜ) ਲਿਖਣ 'ਤੇ ਕਈ ਈਰਖਾਲੂਆਂ ਨੇ ਬੜੀ ਵਿਰੋਧਤਾ ਕੀਤੀ, ਕਿਉਂਕਿ ਕੁਝ ਉਹ ਕਵੀ ਜੋ ਇਸ ਬੀੜ ਦੀ ਮਰਿਆਦਾ ਮੁਤਾਬਕ ਪੂਰਾ ਨਹੀਂ ਸਨ ਉਤਰਦੇ, ਉਹਨਾਂ ਦੀਆਂ ਰਚਨਾਵਾਂ ਨਹੀਂ ਸਨ ਲਈਆਂ ਗਈਆਂ। ਉਹਨਾਂ ਕਵੀਆਂ ਨੇ ਈਰਖਾ ਕਰਕੇ ਇਸ ਗ੍ਰੰਥ ਦੀ ਡਟ ਕੇ ਵਿਰੋਧਤਾ ਕੀਤੀ ਤੇ ਉਹਨਾਂ ਦੇ ਵੱਡੇ ਭਰਾ ਨੇ ਇਸ ਵਿਰੋਧਤਾ ਨੂੰ ਚਾਰ ਚੰਨ ਲਾਏ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਾਮਲ ਨਾ ਕੀਤਾ ਗਿਆ। ਇਹਨਾਂ ਕਵੀਆਂ ਨੇ ਈਰਖਾ ਕਰਕੇ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਕ ਜਹਾਂਗੀਰ ਤੱਕ ਗੱਲਾਂ ਪਹੁੰਚਾਣ ਵਿਚ ਕੋਈ ਕਸਰ ਨਾ ਛੱਡੀ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜ੍ਹਾ ਕੇ ਵੇਖੇ, ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁੱਧ ਕੋਈ ਚਿੰਨ੍ਹ ਤੱਕ ਨਾ ਮਿਲਿਆ। ਦੂਸਰੇ ਪਾਸੇ ਸਭ ਤੋਂ ਜ਼ਿਆਦਾ ਜੋ ਕੱਟੜ ਮੁਸਲਮਾਨ ਵਜ਼ੀਰ ਸਨ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ। ਇਹਨਾਂ ਦੋਵਾਂ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤਾ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਮਿਲ-ਮਿਲਾ ਕੇ ਇਹਨਾਂ ਨੇ ਚੁੱਕਿਆ। ਦੂਸਰੇ ਪਾਸੇ ਚੰਦੂ ਸ਼ਾਹ ਜੋ ਕਿ ਲਾਹੌਰ ਵਿਚ ਸੂਬੇ ਦਾ ਦੀਵਾਨ ਸੀ, ਗੁਰਾਂ ਨਾਲ ਵੈਰ ਰੱਖਦਾ ਸੀ, ਕਿਉਂਕਿ ਪ੍ਰਿਥੀ ਦੀ ਵੀ ਸਾਜ਼ਿਸ਼ ਇਸ ਵਿਚ ਸ਼ਾਮਲ ਸੀ।

ਚੰਦੂ ਨੇ ਆਪਣੀ ਧੀ ਦੀ ਕੁੜਮਾਈ ਲਈ ਬੰਦੇ ਭੇਜੇ। ਚੰਦੂ ਨੇ ਕਿਧਰੇ ਇਹ ਕਹਿ ਦਿੱਤਾ ਕਿ ਕਿੱਥੇ ਚੰਦੂ ਤੇ ਕਿੱਥੇ ਉਹ (ਗੁਰੂ ਸਾਹਿਬ)? ਮੋਰੀ ਦੀ ਇੱਟ ਵਰਗੇ ਪ੍ਰਤੀਕ ਵਰਤੇ। ਸੰਗਤਾਂ ਨੇ ਇਸ ਦੀ ਵਿਰੋਧਤਾ ਕੀਤੀ ਤੇ ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਨੇ ਆਪਣੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਗੋਬਿੰਦ ਦੀ ਕੁੜਮਾਈ ਲਈ ਚੰਦੂ ਨੂੰ ਨਾਂਹ ਕਰ ਦਿੱਤੀ। ਚੰਦੂ ਦਾ ਗੁੱਸਾ ਸੱਤ ਅਸਮਾਨ ਛੂਹ ਚੁੱਕਾ ਸੀ। ਉਸ ਦੇ ਸੀਨੇ ਵਿਚ ਬਦਲੇ ਦੀ ਚਿੰਗਾੜੀ ਸੁਲਗਣ ਲੱਗੀ। ਚੰਦੂ ਸ਼ਾਹ, ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਨੇ ਕਈ ਕਿਸਮ ਦੀਆਂ ਸਾਜ਼ਿਸ਼ਾਂ ਗੁਰੂ ਵਿਰੁੱਧ ਰਚਣੀਆਂ ਸ਼ੁਰੂ ਕਰ ਦਿੱਤੀਆਂ। ਇਸ ਝੂਠੀ ਸਾਜ਼ਿਸ਼ ਘੜ ਕੇ ਜਹਾਂਗੀਰ ਨੂੰ ਪਹੁੰਚਾ ਦਿੱਤੀ ਗਈ। ਉਹ ਇਹ ਹੈ ਬਾਗੀ ਖੁਸਰੋ ਨੂੰ ਗੁਰੂ ਅਰਜਨ ਦੇਵ ਨੇ ਪਨਾਹ ਦਿੱਤੀ ਹੈ। ਉਸ ਦੀ ਮਦਦ ਕੀਤੀ ਹੈ। ਉਸ ਦੀ ਮਰਿਆਦਾ ਮੁਤਾਬਕ ਆਓ ਭਗਤ ਕੀਤੀ ਗਈ ਹੈ ਤੇ ਇਸਲਾਮ ਵਿਰੁੱਧ ਭੜਕਾਇਆ ਹੈ। ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਆਦਿ ਨੇ ਇਹ ਸਾਜ਼ਿਸ਼ ਇਕ ਫਰਜ਼ੀ ਸ਼ਿਕਾਇਤ ਬਣਾ ਕੇ ਜਹਾਂਗੀਰ ਤੱਕ ਪਹੁੰਚਾ ਦਿੱਤੀ। ਗੁਰੂ ਜੀ ਨੇ ਖੁਸਰੋ ਦੀ ਕੋਈ ਮਦਦ ਨਹੀਂ ਸੀ ਕੀਤੀ। ਸਾਰੀ ਸਾਜ਼ਿਸ਼ ਝੂਠ ਹੀ ਸੀ। ਖੁਸਰੋ ਨੂੰ ਪਨਾਹ ਦੇਣ 'ਤੇ ਜਹਾਂਗੀਰ ਨੇ ਆਪ ਨੂੰ ਦੋ ਲੱਖ ਰੁਪਏ ਜ਼ੁਰਮਾਨਾ ਕਰ ਦਿੱਤਾ। ਜੁਰਮਾਨਾ ਅਦਾ ਨਾ ਕਰਨ 'ਤੇ ਬਾਲ ਬੱਚੇ ਸਮੇਤ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਤਿੰਨ ਰਾਤਾਂ ਤੇ ਦਿਨ ਕਹਿਰਾਂ ਦੇ ਤਸੀਹੇ ਦਿੱਤੇ ਗਏ, ਜੂਨ ਦੀ ਕੜਕਦੀ ਧੁੱਪ ਵਿਚ। ਤਪਦੀ ਲੋਹ 'ਤੇ ਜਿਸ ਦੇ ਹੇਠਾਂ ਮਣਾਂ ਮੂੰਹੀਂ ਬਾਲਣ ਡਾਹਿਆ ਗਿਆ। ਲਾਲ ਸੁਰਖ ਲੋਹ 'ਤੇ ਗੁਰੂ ਜੀ ਨੂੰ ਬਿਠਾ ਦਿੱਤਾ ਗਿਆ, ਉਤੇ ਤੱਤੀ ਰੇਤ ਦੀ ਭਰਮਾਰ ਪਰ ਗੁਰੂ ਜੀ ਨੇ ਸੀਅ ਨਾ ਕੀਤੀ। ਭਾਵੇਂ ਮੀਆਂ ਮੀਰ ਤੇ ਵਜ਼ੀਰ ਖਾਂ ਦਰਬਾਰੀ ਧਾਰਮਿਕ ਆਗੂ, ਸਿੱਖੀ ਦੇ ਦਾਇਰੇ ਵਿਚ ਆ ਚੁੱਕੇ ਸਨ। ਉਹਨਾਂ ਨੇ ਗੁਰੂ ਜੀ ਨੂੰ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਣ ਲਈ ਕਿਹਾ। ਉਹਨਾਂ ਦੇ ਹਿਰਦੇ ਕੰਬ ਉੱਠੇ, ਪਰ ਗੁਰੂ ਜੀ ਉਸ ਵਾਹਿਗੁਰੂ ਦੇ ਭਾਣੇ ਵਿਚ ਵਿਸ਼ਵਾਸ ਰੱਖਦੇ ਹੋਏ ਤੱਤੀ ਲੋਹ 'ਤੇ ਬੈਠ ਗਏ। ਤਪਦੀ ਅੱਗ ਵਰਗੀ ਦੇਗ ਵਿਚ ਕਾਫ਼ੀ ਉਬਲਦੇ ਪਾਣੀ ਵਿਚ ਉਬਾਲਿਆ ਗਿਆ। 30 ਮਈ 1606 ਈ. ਨੂੰ ਜਹਾਂਗੀਰ ਦੇ ਹੁਕਮ ਨਾਲ ਰਾਵੀ ਦੇ ਕੰਢੇ ਲਿਜਾ ਕੇ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

ਆਪ ਜੀ ਦੀ ਸ਼ਹੀਦੀ ਯਾਦ ਵਿਚ ਹੁਣ ਉਥੇ ਡੇਹਰਾ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਦੁਨੀਆਂ ਵਿਚ ਇਹ ਇਕ ਮਹਾਨ ਸ਼ਹਾਦਤ ਹੈ। ਇਸ ਤੋਂ ਕੁਝ ਸਮਾਂ ਬਾਅਦ ਜਹਾਂਗੀਰ ਮੁਆਫੀ ਮੰਗਣ ਆਇਆ। ਉਸ ਨੇ ਚੰਦੂ ਵਰਗੇ ਵਿਰੋਧੀਆਂ ਨੂੰ ਸਪੁਰਦ ਵੀ ਕੀਤਾ। ਪਰ ਮਾਤਾ ਗੰਗਾ ਜੀ ਨੇ ਵਾਹਿਗੁਰੂ ਦੇ ਭਾਣੇ 'ਤੇ ਉਹਨਾਂ ਨੂੰ ਛੱਡ ਦਿੱਤਾ ਤੇ ਜਹਾਂਗੀਰ ਨੇ ਜੋ ਮੋਹਰਾਂ ਚੜ੍ਹਾਈਆਂ ਉਹ ਉਸੇ ਵਕਤ ਸੰਗਤ ਵਿਚ ਵੰਡ ਦਿੱਤੀਆਂ ਗਈਆਂ।

ਏਕਤਾ, ਸਾਂਝੀਵਾਲਤਾ ਤੇ ਜਾਤ-ਪਾਤ, ਰੰਗ-ਰੂਪ ਤੋਂ ਉਪਰ ਉੱਠ ਕੇ ਉਹਨਾਂ ਨੇ ਸ਼ਬਦ ਰਚਨਾ ਕੀਤੀ। ਇਕ ਸ਼ਬਦ-ਰਾਮਕਲੀ ਮਹਲਾ 5

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ। ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਣ ਕਰੀਮ। ਕਿਰਪਾ ਧਾਰਿ ਰਹੀਮ॥1॥ ਰਹਾਉ॥
ਕੋਈ ਨਾਵੇ ਤੀਰਥਿ ਕੋਈ ਹਜ ਜਾਇ। ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥
ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਢੈ ਨੀਲ ਕੋਈ ਸਪੇਦ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ। ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ। ਪ੍ਰਭੂ ਸਾਹਿਬ ਕਾ ਤਿਨਿ ਭੇਦੁ ਜਾਤਾ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ ਵਿਚ ਬਾਣੀ ਰਚੀ। ਸ਼ਬਦ 1345, ਅਸ਼ਟਪਦੀਆਂ 62, ਛੰਦ 62। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ 'ਚੋਂ ਗੁਰੂ ਗ੍ਰੰਥ ਸਾਹਿਬ ਦੀਆਂ 6 ਵਾਰਾਂ, ਗਾਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿਚ ਹਨ। ਇਹਨਾਂ ਤੋਂ ਇਲਾਵਾ ਗੁਰੂ ਜੀ ਨੇ ਉਚੇਚੀਆਂ ਬਾਣੀਆਂ ਵੀ ਲਿਖੀਆਂ, ਸਿਰੀ ਰਾਗ ਵਿਚ ਪਹਰੇ। ਸ਼ਬਦ ਮਾਹ, ਵਿਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ।

ਗਾਉੜੀ ਵਿਚ ਬਾਵਨ ਅੱਖਰੀ 57 ਸਲੋਕ ਤੇ 55 ਪਉੜੀਆਂ ਸੁਖਮਨੀ 14 ਸਲੋਕ ਅਤੇ 24 ਅਸ਼ਟਪਦੀਆਂ। ਆਸਾ ਵਿਚ ਬਿਹਰੜੇ 3 ਸ਼ਬਦ। ਸੂਹੀ ਵਿਚ ਗੁਣਵੰਤੀ ਇਕ ਸ਼ਬਦ ਇਕ ਮਾਰੂ ਵਿਚ ਅੰਜੁਲੀਆਂ 3 ਸੋਲਹੇ 14 ਸ਼ਬਦ। ਕੁਝ ਹੋਰ ਬਾਣੀਆਂ ਗੁਰੂ ਅਰਜਨ ਸਾਹਿਬ ਸਲੋਕ ਸਹਸ ਕ੍ਰਿਤੀ 67, ਗਾਥਾ 24, ਫੁਨਹੇ 23, 'ਚੋਂ ਬੋਲੇ॥ ਸਵੈਯੈ 9, ਸਵੈਯੇ॥ ਇਹਨਾਂ ਤੋਂ ਇਲਾਵਾ ਸਲੋਕ ਵੀ ਜੋ ਵਾਰਾਂ ਦੀਆਂ ਪਉੜੀਆਂ ਦੇ ਨਾਲ ਦਰਜ ਹ

ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ

ਇਤਿਹਾਸ ਵਿਆਨਾ ਦਾ ਕਦੇ ਵੀ ਭੁਲਣਾ ਨਹੀਂ,
ਲਿਖ ਕੇ ਖ਼ੂਨ ਨਾਲ ਕਰ ਗਏ ਤਿਆਰ ਲੋਕੋ।
ਕਦੇ ਗੋਲੀਆਂ ਨਾਲ ਨਹੀਂ ਬੰਦ ਹੋਣਾ,
ਕਾਂਸ਼ੀ ਵਾਲੇ ਦਾ ਸੱਚਾ ਪ੍ਰਚਾਰ ਲੋਕੋ।

(ਬੰਗੜ ਰਾਏਪੁਰੀ)

25 ਮਈ 2009 ਕੌਮ ਲਈ ਸਭ ਤੋਂ ਦਰਦਨਾਕ ਦਿਨ ਸੀ,ਜਿਸ ਨੂੰ ਇਤਿਹਾਸ ਕਦੇ ਵੀ ਨਹੀਂ ਭੁਲਾ ਸਕਦਾ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਜੀ ਤੇ ਉਹਨਾਂ ਦੇ ਸੱਚੇ-ਸੁੱਚੇ ਮਹਾਨ ਵਿਦਵਾਨ ਸੰਤ ਰਾਮਾਨੰਦ ਜੀ, ਆਸਟਰੀਆਂ ਦੀ ਧਰਤੀ, ਰਾਜਧਾਨੀ ਵਿਆਨਾ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ ਤੇ ਪ੍ਰਸਾਰ ਕਰਕੇ ਗੁਰੂ ਜੀ ਦੀ ਵਿਚਾਰਧਾਰਾ ਨਾਲ, ਸੰਗਤਾਂ ਨੂੰ ਜੋੜ ਰਹੇ ਸਨ। ਵਿਆਨਾ ਦੇ ਗੁਰੂ ਘਰ 'ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਣਗਾਨ ਰਸਭਿੰਨਾ ਕੀਰਤਨ ਕੀਤਾ ਜਾ ਰਿਹਾ ਸੀ। ਗੁਰੂ ਜੀ ਦੀਆਂ ਨਾਮ-ਲੇਵਾ ਸੰਗਤਾਂ ਗੁਰੂ ਘਰ ਵਿਚ ਬੜੇ ਪਿਆਰ ਅਤੇ ਸਤਿਕਾਰ ਨਾਲ ਮਹਾਰਾਜ (ਮਹਾਂਪੁਰਸ਼ਾਂ) ਪਾਸੋਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਬਾਣੀ ਸਰਵਣ ਕਰ ਰਹੀਆ ਸਨ। ਅਚਾਨਕ 24 ਮਈ 2009 ਸ਼ਾਮ ਵੇਲੇ ਮਾਨਵ ਵਿਰੋਧੀਆਂ ਨੇ ਸੰਤਾਂ ਤੇ ਜਾਨਲੇਵਾ ਹਮਲਾ ਕਰ ਦਿੱਤਾ। ਗੋਲੀਆ ਸੰਤਾਂ ਤੇ ਚਲਾਈਆਂ ਗਈਆਂ।ਦੋਵੇ ਸੰਤ ਗੋਲੀਆਂ ਲੱਗਣ ਕਰਕੇ ਸਖਤ ਜ਼ਖਮੀ ਹੋ ਗਏ। ਸੰਤਾਂ ਨੂੰ ਤੁਰੰਤ ਹਸਪਤਾਲ ਲਿਜਾ ਕੇ ਇਲਾਜ ਸ਼ੁਰੂ ਕੀਤਾ ਗਿਆ।ਸੰਤ ਰਾਮਾ ਨੰਦ ਜੀ ਦਾ ਅਪ੍ਰੇਸ਼ਨ ਵੀ ਕੀਤਾ ਗਿਆ। 25 ਮਈ 2009 ਨੂੰ ਸਵੇਰ ਵੇਲੇ ਸੰਤ ਰਾਮਾ ਨੰਦ ਜੀ ਦੀ ਸ਼ਹੀਦੀ (ਸ਼ਹਾਦਤ) ਦਾ ਜ਼ਾਮ ਪੀ ਗਏ। ਇਸ ਅਣਹੋਣੀ ਘਟਨਾ ਨੇ ਸਾਡੇ ਤੋਂ ਸਾਡਾ ਸੂਰਜ ਖੋ ਲਿਆ।

ਪ੍ਰਿੰਸੀਪਲ ਪਰਮਜੀਤ ਜੱਸਲ
98721-80653

ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੇ ਸੁੱਤੀ ਹੋਈ ਰਵਿਦਾਸੀਆਂ ਕੌਮ ਦੀ ਅਣਖ ਜਗਾ ਦਿੱਤੀ।ਫਿਰ ਕੀ ਸੀ? ਇਹ ਖਬਰ ਅੱਗ ਵਾਂਗ ਪੂਰੇ ਵਿਸ਼ਵ ਵਿੱਚ ਫੈਲ ਗਈ। ਸਤਿਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਰੋਸ ਵਜੋਂ ਸੜਕਾਂ ਤੇ ਉਤਰ ਆਈਆ ਸਭ ਕੁਝ ਮਿੰਟਾਂ ਵਿੱਚ ਜ਼ਾਮ ਹੋ ਗਿਆ। ਰੇਲਾਂ, ਬੱਸਾਂ ਅਤੇ ਆਵਾਜਾਈ ਦੇ ਸਾਰੇ ਸਾਧਨ ਬੰਦ ਹੋ ਗਏ। ਸੰਗਤਾਂ ਦੀ ਮੰਗ ਤੇ ਸੰਤ ਰਾਮਾ ਨੰਦ ਜੀ ਦਾ ਪਾਰਥਿਕ ਸਰੀਰ ਹਵਾਈ ਜ਼ਹਾਜ਼ ਰਾਹੀਂ ਪੂਰੇ ਸਤਕਾਰ ਤੇ ਸਨਮਾਨ ਨਾਲ 4 ਜੂਨ 2009 ਨੂੰ ਡੇਰਾ ਸੱਚਖੰਡ ਬੱਲਾਂ ਵਿਖੇ ਲਿਆਦਾਂ ਗਿਆ। ਸਰਕਾਰੀ ਸਨਮਾਨਾਂ ਨਾਲ ਸੰਤ ਰਾਮਾ ਨੰਦ ਜੀ ਦਾ ਸੰਸਕਾਰ ਕੀਤਾ ਗਿਆ। ਅਗਨੀ ਦੇਣ ਦੀ ਰਸਮ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਬੜੇ ਦੁੱਖਦਾਈ ਮਨ ਨਾਲ ਨਿਭਾਈ। ਇਸ ਸਮੇ ਸਮਾਜਿਕ ਰਾਜਨਿਤਿਕ ਪਾਰਟੀਆਂ ਦੇ ਆਗੂਆਂ ਸਮੇਤ ਆਇਰਨ ਲੇਡੀ ਭੈਣ ਕੁਮਾਰੀ ਮਾਇਆਵਤੀ ਵਿਸ਼ੇਸ ਤੌਰ ਤੇ ਪਹੁੰਚੇ।

ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਬਾਅਦ 30 ਜਨਵਰੀ 2010 ਨੂੰ ਰਵਿਦਾਸੀਆਂ ਧਰਮ ਦਾ ਐਲਾਨ ਸ੍ਰੀ ਗੋਵਰਧਨਪੁਰ, ਬਨਾਰਸ, ਸਤਿਗੁਰ ਰਵਿਦਾਸ ਮਹਾਰਾਜ ਜੀ ਜਨਮ ਸਥਲ ਭੂਮੀ ਤੋਂ ਸੰਤਾਂ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਹੋਇਆ। ਇੱਥੇ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਦਾ ਅਗਾਜ਼ ਲੱਖਾਂ ਦੀ ਗਿਣਤੀ ਵਿੱਚ ਹੋਇਆ। ਅੱਜ ਵਿਦੇਸ਼ਾਂ ਵਿੱਚ ਵੀ ਰਵਿਦਾਸੀਆ ਧਰਮ ਰਜਿਸਟਰਡ ਹੋ ਚੁੱਕਾ ਹੈ ਸਤਿਗੁਰਾਂ ਦੀ ਅਮ੍ਰਿਤਬਾਣੀ ਨੂੰ ਮਾਣ ਸਨਮਾਨ ਵੀ ਮਿਲਿਆਂ ਹੈ। ਮਹਾਂਪੁਰਸ਼ਾਂ ਨੇ ਖਾਸ ਕਰ ਸੰਤ ਸੁਰਿੰਦਰ ਦਾਸ ਬਾਵਾ ਜੀ ਵੱਲੋਂ ਜਗਤਗੁਰੂ ਰਵਿਦਾਸ ਅਮ੍ਰਿਤਬਾਣੀ (ਸਟੀਕ) ਭਾਰਤ ਦੀਆਂ ਲਗਭਗ 2-4 ਭਾਸ਼ਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਭਾਸ਼ਾਵਾ 'ਚ ਅਨੁਵਾਦ ਕਰਕੇ ਛਪਵਾ ਕੇ ਵੰਡੀਆ ਜਾ ਰਹੀਆ ਹਨ। ਜਗਤਗੁਰੂ ਰਵਿਦਾਸ ਜੀ ਦੇ ਰਵਿਦਾਸੀਆਂ ਧਰਮ ਦੇ ਨਿਯਮਾਂ ਤੇ ਆਰਤੀਆਂ ਨੂੰ ਲੱਖਾਂ ਦੀ ਗਿਣਤੀ ਵਿੱਚ ਛਪਾ ਕੇ ਵੰਡਿਆਂ ਗਿਆ ਹੈ ਤੇ ਵੰਡਿਆਂ ਜਾ ਰਿਹਾ ਹੈ। ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾ ਕੇ ਇਟਲੀ, ਜਰਮਨੀ, ਯੂ.ਕੇ, ਅਮਰੀਕਾ, ਫਰਾਂਸ਼, ਪੁਰਤਗਾਲ ਆਦਿ 'ਚ ਵਡੀ ਗਈ ਹੈ।

ਸੰਤ ਰਾਮਾ ਨੰਦ ਜੀ ਡੇਰਾ ਸੱਚਖੰਡ ਬੱਲਾਂ ਦੇ ਸੰਪਰਕ ਵਿੱਚ 1973 ਦੇ ਲਗਭਗ ਆਏ। ਸੰਤਾਂ ਦਾ ਪਰਿਵਾਰ ਬੱਲਾਂ ਤੋਂ 1910 'ਚ ਰਾਮਦਾਸਪੁਰ ਅਲਾਵਲਪੁਰ ਚਲਾ ਗਿਆ ਸੀ। ਸੰਤਾਂ ਦਾ ਜਨਮ 2 ਫਰਵਰੀ 1952 'ਚ ਸਤਿਕਾਰਯੋਗ ਪਿਤਾ ਸ੍ਰੀਮਾਨ ਮਹਿੰਗਾਰਾਮ ਜੀ ਦੇ ਗ੍ਰਹਿ, ਸਤਿਕਾਰਯੋਗ ਮਾਤਾ ਜੀਤ ਕੌਰ ਜੀ ਦੀ ਪਵਿੱਤਰ ਕੁੱਖੋਂ ਹੋਇਆ। ਬਚਪਨ ਦਾ ਸੁਭਾਅ ਸਾਧੂ ਸੰਤਾਂ ਵਾਲਾ, ਚੁੱਪ-ਚੁੱਪ ਰਹਿਣ ਵਾਲਾ ਸੀ। ਆਪ ਜੀ ਦਾ ਪਰਿਵਇਰ ਸੰਤ ਸਰਵਣ ਦਾਸ ਜੀ ਦਾ ਸੇਵਕ ਸੀ। ਸੁਭਾਵਿਕ ਹੈ ਕਿ ਮਾਪਿਆ ਦਾ ਪ੍ਰਭਾਵ ਵੀ ਸੰਤਾਂ ਤੇ ਪਿਆ ਤੇ ਮਹਪੁਰਸ਼ਾਂ ਨੇ ਸੰਤ ਹਰੀ ਦਾਸ ਪਾਸੋਂ ਨਾਮ ਦੀ ਦਾਤ ਬਖਸ਼ਿਸ਼ ਕੀਤੀ। ਆਪ ਸੰਗਤਾਂ ਦੀ ਸੇਵਾ 'ਚ ਹਮੇਸ਼ਾ ਤੱਤਪਰ ਰਹਿੰਦੇ। ਦੋਆਬਾ ਕਾਲਜ ਜਲੰਧਰ ਤੋਂ ਆਪ ਨੇ ਬੀ.ਏ. ਦੀ ਡਿਗਰੀ ਹਾਸਲ ਕੀਤੀ। ਸੰਤ ਗਰੀਬ ਦਾਸ ਜੀ ਨੇ ਆਪ ਜੀ ਨੂੰ ਭੇਖ ਧਾਰਨ ਕਰਵ-ਾਇਆ। ਸੰਤ ਗਰੀਬ ਦਾਸ ਜੀ ਨਾਲ ਆਪ ਜੀ ਨੂੰ ਵਿਦੇਸ਼ਾਂ 'ਚ ਸੰਗਤਾਂ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਮੌਕਾ ਮਿਲਿਆ। ਆਪ ਜੀ ਕੀਰਤਨ ਦੇ ਧਨੀ ਸਨ ਆਪ ਜੀ ਦੀ ਰਸਨਾ 'ਚ ਇੰਨੀ ਮਿਠਾਸ ਸੀ, ਸੰਗਤਾਂ ਆਪ ਤੇ ਮੰਤਰ ਮੁਗਧ ਹੋ ਜਾਂਦੀਆਂ।

ਵਿਦੇਸ਼ਾਂ 'ਚ ਸੰਤ ਰਾਮਾ ਨੰਦ ਜੀ ਨੂੰ ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋ ਸੰਨ 2000 ਮਿਲੇਨੀਅਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 28 ਮਾਰਚ 2007 ਨੂੰ ਯੂ.ਕੇ 'ਚ ਜਗਤਗੁਰੂ ਰਵਿਦਾਸ ਜੀ ਦੇ 630ਵੇਂ ਪ੍ਰਕਾਸ਼ ਉਤਸਵ ਤੇ ਬਰਤਾਨੀਆਂ ਦੇ 'ਹਾਊਸ ਆਫ਼ ਕਾਮਨਜ਼" 'ਚ ਅੰਗਰੇਜ਼ੀ 'ਚ ਭਾਸ਼ਣ ਦਿੱਤਾ।ਇਹ ਦਲਿਤ ਸਮਾਜ ਦੇ ਇਤਿਹਾਸ 'ਚ ਅਜਿਹਾ ਪਹਿਲਾ ਮੌਕਾ ਸੀ, ਜੋ ਸੰਤ ਰਾਮਾਨੰਦ ਜੀ ਨੇ ਭਾਸ਼ਣ ਦੇ ਕੇ ਨਵਾਂ ਇਤਿਹਾਸ ਸਿਰਜਿਆਂ ਸੀ।

ਦਲਿਤ ਸਾਹਿਤ ਅਕਾਦਮੀ ਵੱਲੋਂ 10 ਅਕਤੂਬਰ 2003 ਨੂੰ ਦਿੱਲੀ 'ਚ ਆਪ ਜੀ ਨੂੰ ਡਾ ਅੰਬੇਡਕਰ ਨੈਸ਼ਨਲ ਐਵਾਰਡ ਅਤੇ ਸੰਤ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਆਪ ਜੀ ਨੇ ਡੇਰਾ ਸੱਚਖੰਡ ਬੱਲਾਂ "ਦਲਿਤ ਚਿੰਤਨ ਸੈਮੀਨਾਰ" ਕਰਵਾਇਆ। ਜਿਸ ਵਿੱਚ 250 ਤੋਂ ਵੱਧ ਬੁੱਧੀਜੀਵੀ ਵਿਦਵਾਨਾਂ ਨੇ ਹਿੱਸਾ ਲਿਆ। ਉਹਨਾਂ ਦਾ ਸਨਮਾਨ ਕੀਤਾ। ਆਪ ਜੀ ਨੇ ਡੇਰੇ 'ਚ ਸ੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲ੍ਹ ਕੇ ਸੈਕੜੇ ਗੀਤਕਾਰ, ਗਾਇਕਾਂ ਨੂੰ ਪ੍ਰਮੋਟ ਕੀਤਾ।

ਆਪ ਬਹੁਤ ਮੇਹਨਤੀ ਤੇ ਸਿਰੜੀ ਸਨ। ਡੇਰੇ 'ਚ ਅਨੇਕਾਂ ਪ੍ਰੋਜੈਕਟਾਂ 'ਚ ਆਪ ਜੀ ਦਾ ਉੱਘਾ ਯੋਗਦਾਨ ਰਿਹਾ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਿਵੇਂ ਸੰਤ ਸਰਵਣ ਦਾਸ ਮੈਮੋਰੀਅਲ ਅੱਖਾਂ ਦਾ ਹਸਪਤਾਲ ਬੱਲਾਂ, ਸੰਤ ਸਰਵਣ ਦਾਸ ਮਾਡਲ ਸਕੂਲ ਫਗਵਾੜਾ, ਸਤਿਗੁਰੂ ਰਵਿਦਾਸ ਸਤਿਸੰਗ ਭਵਨ, ਸੰਤ ਸਰਵਣ ਦਾਸ ਹਸਪਤਾਲ, ਅੱਡਾ ਕਠਾਰ, ਸ੍ਰੀ ਗੁਰੂ ਰਵਿਦਾਸ ਮੰਦਰ ਸਿਰਸਗੜ (ਹਰਿਆਣਾ), ਸਤਿਗੁਰੂ ਸੁਵਾਮੀ ਸਰਵਣ ਦਾਸ ਜੀ (ਗਿੱਲ ਪੱਟੀ ਬਠਿਡਾ) ਅਤੇ ਸ੍ਰੀ ਗੁਰੂ ਰਵਿਦਾਸ ਮੰਦਰ ਕਾਤਰਜਪੂਨਾ (ਮਹਾਂਰਾਸ਼ਟਰ) ਆਦਿ ।

ਆਪ ਮਹਾਨ ਵਿਦਵਾਨ ਸਨ, ਡੇਰੇ ਵਲੋਂ "ਬੇਗਮਪੁਰਾ ਸ਼ਹਿਰ" ਹਫਤਾਵਰੀ ਪੱਤ੍ਰਿਕਾ ਦੇ ਆਪ ਮੁੱਖ ਸੰਪਾਦਕ ਵੀ ਰਹੇ। ਇਹ ਅਖ਼ਬਾਰ 1991 ਤੋਂ ਚਲ ਰਿਹਾ ਹੈ।। ਡੀ.ਡੀ ਪੰਜਾਬੀ ਤੋਂ ਸਵੇਰੇ ਮੰਗਲਵਾਰ, ਬੁੱਧਵਾਰ ਤੋਂ ਅਜਿਹਾ ਪ੍ਰੋਗਰਾਮ "ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਤੇ ਬਾਣੀ" ਨਾਲ ਸੰਬੰਧਿਤ ਚਲਾਇਆ ਜਾਂਦਾ ਸੀ ਉਹਨਾਂ ਵਿੱਚ ਸੰਤ ਰਾਮ ਰਾਮਾਨੰਦ ਜੀ ਇੱਕ-ਇੱਕ ਸ਼ਬਦ ਦੀ ਵਿਆਖਿਆਂ ਕਰਦੇ ਸਨ। ਡੇਰੇ 'ਚ ਹਰ ਮੁੱਖ ਸਮਾਗਮਾਂ 'ਚ ਸੰਤ ਰਾਮਨੰਦ ਜੀ ਦਾ ਉੱਘਾ ਯੋਗਦਾਨ ਰਹਿੰਦਾ ਸੀ।ਸੰਤਾਂ ਨੇ ਬੁੱਧੀਜੀਵੀ ਲੇਖਕਾਂ ਗਾਇਕਾਂ,ਗੀਤਕਾਰਾਂ ਨੂੰ ਡੇਰੇ ਵਿੱਚ ਬੁਲਾ ਕੇ ਗੋਲਡ ਮੈਂਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਮਾਨਵ ਵਿਰੋਧੀਆਂ ਨੇ ਸੰਤ ਰਾਮਾਨੰਦ ਜੀ ਨੂੰ ਕਤਲ ਕਰਕੇ ਸਤਿਗੁਰੂ ਰਵਿਦਾਸ ਜੀ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਬੰਦ ਕਰਨਾ ਚਾਹਿਆ ਕਿ ਇਹ ਸਮਾਜ ਦੇ ਲੋਕ ਸਤਿਗੁਰਾਂ ਦੇ ਲੜ੍ਹ ਲੱਗ ਕੇ ਹੋਰ ਅੱਗੇ ਵੱਧ ਜਾਣਗੇ। ਦੂਸਰੇ ਲਫ਼ਜਾ 'ਚ ਅਸੀਂ ਕਹਿ ਸਕਦੇ ਹਾਂ ਕਿ ਇਹ ਰਵਿਦਾਸੀਆਂ ਕੌਮ ਦੀ ਅਵਾਜ਼ ਨੂੰ ਸਦੀਆਂ ਲਈ ਬੰਦ ਕਰਨਾ ਚਾਹੁੰਦੇ ਸਨ। ਪਰ ਹੋਇਆ ਉਲਟ। ਇਹ ਸਾਨੂੰ ਗ਼ੁਲਾਮੀ ਵਲ ਲਿਜਾਉਣ ਦੀਆਂ ਕੌਝੀਆਂ ਚਾਲਾਂ ਚਲ ਰਹੇ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਕਿਹਾ ਸੀ "ਗ਼ੁਲਾਮ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾ ਦਿਓ ਉਹ ਆਪੇ ਬਗਾਵਤ ਕਰ ਦੇਵੇਗਾ।" ਅਜਿਹਾ ਹੀ ਕੀਤਾ ਗਿਆ ਸੀ। ਪਰ ਹੁਣ ਕੌਮ ਗ਼ੁਲਾਮ ਨਹੀਂ ਰਹਿ ਸਕਦੀ। ਜਿਥੇ ਗੁਰੂ ਰਵਿਦਾਸ ਅੱਗੇ ਚਾਰੇ ਵਰਣਾ ਦੇ ਲੋਕ ਝੁਕੇ ਹੋਣ । ਸਤਿਗੁਰਾਂ ਦਾ ਦਲੇਰੀ ਭਰਿਆ ਅਹਿਸਾਸ ਸਾਡੇ ਦਿਲਾਂ ਨੂੰ ਹਮੇਸ਼ਾ ਟੁੰਬਦਾ ਰਹੇਗਾ। ਅਸੀਂ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਚਾਹੁੰਦੇ ਹਾਂ।ਜੋ ਗੁਰੂ ਦੀ ਸੋਚ ਸੀ। ਸੰਤ ਰਾਮਾਨੰਦ ਜੀ ਦੇ ਉੱਤਮ ਯਤਨਾਂ ਨਾਲ ਸਾਗੁਰੂ ਰਵਿਦਾਸ ਜਨਮ ਸਥਾਨ ਸੀਰ ਗੋਵਰਧਨਪੁਰ ਬਨਾਰਸ'ਚ ਯਾਤਰੀਆਂ ਲਈ ਨਿਵਾਸ ਘਰ, ਲੰਗਰ ਹਾਲ ਆਦਿ ਬਣਾਏ ਗਏ। ਮੰਦਰ ਦੀ ਉਸਾਰੀ ਵੀ ਕਰਵਾਈ । ਮੰਦਰ ਤੇ ਸੋਨੇ ਕਲਸ਼ ਚੜਾਉਣ ਲਈ ਮਾਨਯੋਗ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਕਰ ਕਮਲਾਂ ਨਾਲ ਸੰਤਾਂ ਦੀ ਹਾਜਰੀ 'ਚ ਚੜਾਏ ਗਏ। ਸੰਤ ਰਾਮਾਨੰਦ ਹਮੇਸ਼ਾ ਗੁਣਗਾਨ ਕਰਿਆ ਕਰਦੇ ਕਹਿੰਦੇ ਸਨ ਕਿ "ਚਲੋ ਬਨਾਰਸ ਸਾਧ ਸੰਗਤ ਜੀ ਇੱਕ ਇਤਿਹਾਸ ਰਚਾਉਣਾ ਹੈ ਗਰੂ ਰਵਿਦਾਸ ਜੀ ਦੇ ਮੰਦਰ ਨੂੰ ਸੋਨੇ ਵਿੱਚ ਮੜਾਉਣਾ ਹੈ।" ਇਹ ਉਹਨਾਂ ਦਾ ਸੁਪਨਾ ਸੀ ਜੋ ਅਧੂਰਾ ਰਹਿ ਗਿਆ ਆਓ ਆਪਾਂ ਰਲ ਮਿਲ ਕੇ ਉਹਨਾਂ ਦੀ ਸੋਚ ਤੇ ਪਹਿਰਾ ਦਿੰਦੇ ਹੋਏ, ਇੱਕ ਮਿੱਕ ਹੋਈਏ ਤੇ ਪੂਰਾ ਕਰ ਦਿਖਾਈਏ।

ਸੋਨੇ ਦੀ ਪਾਲਕੀ ਵੀ ਮਾਨਵ ਵਿਰੋਧੀਆਂ ਦੀ ਹਿੱਕ 'ਚ ਰੜਕਦੀ ਸੀ। ਜਿਸ ਕਰਕੇ ਉਹਨਾਂ ਨੂੰ ਬਹੁਤ ਜੈਲਸੀ ਹੁੰਦੀ ਹੋਵੇਗੀ। 'ਸੋਨੇ ਦੀ ਪਾਲਕੀ' ਸੰਤ ਰਾਮਾਨੰਦ ਜੀ ਹਦੀਆਬਾਦ ਫਗਵਾੜੇ ਤੋਂ ਡੇਰਾ ਸੱਚ ਖੰਡ ਬੱਲਾਂ ਸ਼ੋਭਾ ਯਾਤਰਾ ਦੇ ਰੂਪ 'ਚ ਖੁਸ਼ੀ ਖੁਸ਼ੀ ਲੈ ਕੇ ਆਏ ਸਨ। "ਸੋਨੇ ਦੀ ਪਾਲਕੀ" ਬਨਾਰਸ ਮੰਦਰ ਲੈ ਕੇ ਗਏ ਸਨ ਇਹ ਵੀ ਇੱਕ ਸ਼ਹਾਦਤ ਦਾ ਕਾਰਣ ਰਿਹਾ ਹੋਵੇਗਾ। ਹਰ ਸਾਲ ਬਨਾਰਸ ਨੂੰ ਜਲੰਧਰ ਤੋਂ "ਬੇਗਮਪੁਰਾਂ ਐਕਸਪ੍ਰੈਸ" ਲੈ ਕੇ ਸੰਗਤਾਂ ਨੂੰ ਹਜ਼ਾਰਾ ਦੀ ਗਿਣਤੀ ਚ ਸੰਗਤਾਂ ਨੂੰ ਲਿਜਾਣਾ ਵੀ ਵਿਰੋਧੀਆਂ ਨੂੰ ਚੰਗਾ ਨਹੀਂ ਲੱਗਦਾ ਹੋਣਾ। ਦੂਸਰਾ ਬਨਾਰਸ ਦੀ ਧਰਤੀ ਤੇ ਲੰਕਾਂ ਚੌਰਾਹੇ'ਚ ਹਿੰਦੂ ਯੂਨੀਵਰਸਟੀ ਸਾਹਮਣੇ "ਸਤਿਗੁਰੂ ਰਵਿਦਾਸ ਗੇਟ ਦੀ ਉਸਾਰੀ ਕਰਵਾ ਕੇ ਦੇਸ਼ ਦੇ ਮਾਨਯੋਗ ਰਾਸ਼ਟਰਪਤੀ ਕੇ.ਆਰ.ਨਰਾਇਨਣ ਜੀ ਕੋਲੋ ਉਦਘਾਟਨ ਕਰਾਉਣਾ,ਉਹਨਾਂ ਨਾਲ ਸਾਹਿਬ ਕਾਂਸ਼ੀ ਰਾਮ ਜੀ ਦਾ ਹੋਣਾ।

ਅੱਜ ਵੀ ਸਾਡੇ ਰਹਿਬਰਾਂ ਦੇ ਨਾਂ ਨੂੰ ਅਪਮਾਨਿਤ ਕੀਤਾ ਜਾ ਰਿਹਾ ਹੈ, ਤੰਬਾਕੂ ਦੀ ਡੱਬੀ 'ਤੇ ਬਾਬਾ 120 ਮਾਰਕਾ ਲਾ ਕੇ, ਉੱਤਰ ਪ੍ਰਦੇਸ਼ ਦੀ ਕੰਪਨੀ ਆਪਣਾ ਵਿਉਪਾਰ ਕਰ ਰਹੀ ਹੈ। ਸਤਿਗੁਰੂ ਰਵਿਦਾਸ ਮਹਾਰਾਜ ਦੀ ਤਸਵੀਰ ਡੱਬੀ ਤੇ ਲਗਾਈ ਹੈ। ਜੋ ਨਿੰਦਨਯੋਗ ਹੈ। ਪ੍ਰੋ.ਦਿੱਤ ਸਿੰਘ ਦਾ ਅਪਮਾਨ ਹੋਇਆ,ਉਹਨਾਂ ਨੂੰ ਬਣਦਾ ਸਤਿਕਾਰ ਨਹੀਂ ਦਿੱਤਾ ਗਿਆ। ਪਦਮ ਸ੍ਰੀ ਐਵਾਰਡ ਵਾਲੇ ਭਾਈ ਨਿਰਮਲ ਸਿੰਘ 'ਖਾਲਸਾ' ਜੀ ਨੂੰ ਸ਼ਮਸ਼ਾਨ ਘਾਟ ਵਿੱਚ ਵੀ ਯੋਗ ਸਥਾਨ ਨਹੀਂ ਦਿੱਤਾ ਗਿਆ, ਕਿਉਂਕਿ ਉਹ ਮਜਬੀ ਸਿੱਖ ਸਨ। ਇਹ ਸਭ ਸਮੇਂ ਦੇ ਹਾਕਮਾਂ ਨੇ ਕੀਤਾ। ਸਾਨੂੰ ਸੁਚੇਤ ਹੋਣਾ ਪੈਣਾ, ਇੱਕ ਮੁੱਠ ਹੋਵੋ ਤਾਂ ਕਿ ਵਿਰੋਧੀਆਂ ਦਾ ਮੁਕਾਬਲਾ ਕਰ ਸਕੀਏ ਤੇ ਆਪਣੇ ਮਹਾਂਪੁਰਸ਼ਾ ਨੂੰ ਬਣਦਾ ਸਨਮਾਨ ਦਿਵਾ ਸਕੀਏ। ਇੱਕ ਲਿਖਾਰੀ ਬੰਗੜ ਰਾਏਪੁਰੀ ਦੇ ਸ਼ਬਦਾਂ ਚ ਉਰਾਮਾਨੰਦ ਜੀ ਨਾਮ ਮਸ਼ਹੂਰ ਕਰ ਗਏ, ਪੀਤਾ ਜਾਮ ਸ਼ਹਾਦਤ ਦਾ ਸ਼ੇਰ ਬਣ ਕੇ, ਲੱਗੀਆਂ ਗੋਲੀਆਂ ਸੀਨੇ ਦੇ ਵਿੱਚ ਭਾਵੇ, ਫਿਰ ਵੀ ਲਾਏ ਜੈਕਾਰੇ ਦਲੇਰ ਬਣ ਕੇ।" ਉਪਰੋਕਤ ਵਿਚਾਰ ਕਰਨ ਤੋਂ ਬਾਅਦ ਅਸੀਂ ਇਸ ਨਤੀਜੇ ਤੇ ਪਹੁੱਚਦੇ ਹਾਂ ਕਿ ਸਾਨੂੰ ਆਪਣਾ ਰਹਿਬਰਾਂ ਦੇ ਪ੍ਰਚਾਰ ਤੇ ਪ੍ਰਸਾਰ ਲਈ ਜਿੰਦ ਜਾਨ ਇੱਕ ਕਰਨੀ ਚਾਹੀਦੀ ਹੈ। ਕਿਉਂਕਿ ਉਹਨਾਂ ਸਮਾਨਤਾ, ਸੁਤੰਤਰਤਾ, ਭਾਈਚਾਰਾ,ਨਿਆ ਦੀ ਸੋਚ ਤੇ ਪਹਿਰਾ ਦਿੱਤਾ। ਆਓ ਸੰਤ ਰਾਮੰਦ ਜੀ ਦੀ ਸੋਚ ਤੇ ਪਹਿਰਾ ਦਿੰਦੇ ਹੋਵੇ ਸਮਾਜ ਦੇ ਹਿੱਤ 'ਚ ਕਾਰਜ ਕਰੀਏ। ਗਰੀਬਾਂ ਦੀ ਮਦਦ ਲਈ ਅੱਗੇ ਆਈਏ। ਆਪਣੇ ਬੱਚਿਆ ਨੂੰ ਵਿੱਦਿਆ ਦਾ ਦਾਨ ਦਈਏ, ਨਸ਼ਿਆ ਨੂੰ ਹਮੇਸ਼ਾ ਲਈ ਤਿਆਗ ਦਈਏ ਤੇ ਇੱਕ ਸਾਫ਼ ਸੁਥਰਾ, ਅਣਖ ਭਰਿਆ ਜੀਵਨ ਬਤੀਤ ਕਰੀਏ। ਅਜਿਹਾ ਹੀ ਸੁਪਨਾ ਸੰਤ ਰਾਮਾਨੰਦ ਜੀ ਦਾ ਸੀ।

ਅਮਰੀਕਾ 'ਚ ਕੋਰੋਨਾ ਦੇ ਹੋਣਗੇ 50-60 ਲੱਖ ਮਰੀਜ਼, ਲਾਪ

ਸ਼੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਨਿਸਚਿਤ ਮਿਤੀ ਕਿਉਂ ਨਹੀਂ?

ਪਰਮ ਹੰਸ, ਸੰਤ ਸ਼੍ਰੋਮਣੀ, ਜਗਤ ਗੁਰੂ, ਭਵਸਾਗਰ ਦੇ ਬੋਹਿੱਥ ਸੰਤ ਸਤਿਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ (ਆਗਮਨ ਦਿਵਸ ਜਾਂ ਜਨਮ ਦਿਹਾੜਾ) ਹਰ ਵਰ੍ਹੇ ਵੱਖ-ਵੱਖ ਮਿਤੀਆਂ ਨੂੰ ਆਉਂਦਾ ਹੈ॥ ਕਿਸੇ ਸਾਲ ਇਹ ਦਿਹਾੜਾ ਜਨਵਰੀ ਦੇ ਅਖੀਰ ਤੇ ਆਉਂਦਾ ਹੈ ਤੇ ਕਿਸੇ ਸਾਲ ਫਰਵਰੀ ਦੇ ਅੰਤਲੇ ਸਪਤਾਹ॥ ਇਹ ਅਨਿਸਚਿੱਤਾ ਬਣੀ ਹੋਣ ਕਰਕੇ ਕਦੀ ਇਹ ਦਿਵਸ ਕੜਕਵੀਂ ਠੰਡ ਵਿਚ ਮਨਾਇਆ ਜਾਂਦਾ ਹੈ ਤੇ ਕਦੀ ਗਰਮੀ ਦੇ ਆਰੰਭ ਹੋਣ ਵੇਲੇ॥ ਜਿਵੇਂ ਕਿ ਸਤਿਕਾਰਯੋਗ ਗੁਰੂ ਜੀ ਦਾ 639ਵਾਂ ਪ੍ਰਕਾਸ਼ ਪੁਰਬ ਮਿਤੀ 22-02-2016 ਈ: ਨੂੰ ਗਰਮੀ ਦੇ ਅਰੰਭ ਹੋਣ ਵੇਲੇ ਆਇਆ ਸੀ, ਅਗਲੇ ਸਾਲ 640ਵਾਂ ਮਿਤੀ 1-02-2017 ਈ: ਨੂੰ ਸਰਦੀ ਦੇ ਆਰੰਭ ਹੋਣ ਵੇਲੇ ਤੇ ਇਸ ਤੋਂ ਅਗਲੇ ਵਰ੍ਹੇ 641ਵਾਂ ਪੁਰਬ ਮਿਤੀ 19-02-2019 ਈ: ਨੂੰ ਗਰਮੀ ਦੇ ਸਮੇਂ ਵਿੱਚ ਆਵੇਗਾ॥ ਇਹ ਚਲਦੀਆਂ ਫਿਰਦੀਆਂ ਮਿਤੀਆਂ ਇਸ ਗਲ ਦਾ ਪ੍ਰਮਾਣ ਹਨ ਕਿ ਹਰ ਤਿੰਨ ਸਾਲਾਂ ਦੀ ਇੱਕ ਤਿਕੜੀ ਦੇ ਜਨਮ ਦਿਹਾੜੇ ਵਿੱਚ ਪਰਿਵਰਤਣ ਹੁੰਦਾ ਰਹਿੰਦਾ ਹੈ॥

ਸਤਿਕਾਰਯੋਗ ਸੰਤ ਸਤਿਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸੰਤ ਕਰਮਦਾਸ ਜੀ ਦੇ ਇੱਕ ਪ੍ਰਸਿਧ ਸ਼ਲੋਕ ਨੂੰ ਆਧਾਰ ਬਣਾ ਕੇ ਨਿਸਚਿਤ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹੈ,''ਚੌਦਾਹ ਸੈ ਤੈਂਤੀਸ ਕੀ, ਮਾਘ ਸੁਧੀ ਪੰਦਰਾਸ॥ ਦੁਖੀਉਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ'॥ ਇਹ ਮਿਤੀ ਬਿਕਰਮੀ ਸੰਮਤ ਦੀ ਮਾਘ ਸੁਧੀ -ਸ਼ੁਕਲ ਪਕਸ਼ (ਉਜਲਾ ਜਾਂ ਚਾਨਣਾਂ ਪੱਖ) ਅਰਥਾਤ ਪੂਰਨ ਮਾਸ਼ੀ ਜੋ ਮਾਘ ਸੁਧੀ 15, ਸੰਮਤ 1433 ਬਣਦਾ ਹੈ ਜਿਸ ਨੂੰ ਵਿਦਵਾਨਾਂ ਨੇ ਈ: ਸਨ ਵਿਚ ਬਦਲ ਕੇ 25 ਜਨਵਰੀ 1377 ਨਿਸਚਿਤ ਕੀਤਾ ਹੈ॥ ਇਸ ਮਿਤੀ ਅਨੁਸਾਰ ਪੰਜਾਬ ਅਤੇ ਭਾਰਤ ਸਰਕਾਰ ਵਲੋਂ ਮਨਾਇਆ ਜਾਂਦਾ ਹੈ ॥ ਭਾਂਵੇਂ ਵੱਖ ਵੱਖ ਡੇਰਿਆਂ, ਵਿਦਵਾਨਾਂ ਤੇ ਖੋਜੀਆਂ ਨੇ ਆਪਣੀ ਬੁੱਧੀ ਅਨੁਸਾਰ ਇਸ ਜਨਮ ਦਿਹਾੜੇ ਦੀਆਂ ਮਿਤੀਆਂ ਭਿੰਨ-ਭਿੰਨ ਵੀ ਲਿਖੀਆਂ/ ਦੱਸੀਆਂ ਹਨ ਜਿਵੇਂ ਕਿ ਡਾ. ਧਰਮਪਾਲ ਮੈਨੀ ਅਨੁਸਾਰ ਪਰਵਿਸ਼ਟਾ 3 ਸੰਮਤ 1441 ਦੇ ਅਨੁਸਾਰ ਮਿਤੀ ਈ: 27 ਜਨਵਰੀ ਸੰਨ 1385 ਦਿਨ ਸ਼ੁਕ-ਰਵਾਰ ॥ ਗਿਆਨੀ ਬਰਕਤ ਸਿੰਘ, ਪ੍ਰੋ: ਦਰਸ਼ਨ ਸਿੰਘ, ਡਾ. ਗੋਬਿੰਦ ਤ੍ਰਿਗਨਾਤਿਤ, ਮਹਾਤਮਾ ਰਾਮਚਰਨ ਕੁਰੀਲ ਅਨੁਸਾਰ ਪਰਵਿਸ਼ਟਾ 11 ਸੰਮਤ 1471 ਅਨੁਸਾਰ ਈ: 25 ਜਨਵਰੀ ਸਨ 1415 ਅਤੇ ਡਾ. ਬੇਣੀ ਪ੍ਰਸ਼ਾਦ ਸ਼ਰਮਾ ਅਨੁਸਾਰ 27 ਪਰਵਿਸ਼ਟਾ ਸੰਮਤ 1455-56 ਦਿਨ ਬੁੱਧਵਾਰ॥ ਏਥੇ ਇਸ ਗਲ ਦਾ ਵਰਨਣ ਕਰਨਾ ਜ਼ਰੂਰੀ ਹੈ ਕਿ ਇੱਥੇ 19 ਵਿਦਵਾਨਾ ਵਿਚੋਂ 15 ਵਿਦਵਾਨਾ ਨੇ ਗੁਰੂ ਜੀ ਦਾ ਜਨਮ ਦਿਹਾੜਾ ਸੰਨ ਈ: ਦੇ ਜਨਵਰੀ ਮਹੀਨਾ ਦਸਿਆ ਹੈ ਭਾਵੇਂ ਮਿਤੀ ਤੇ ਸੰਨ ਵੱਖ-ਵੱਖ ਲਿਖੇ ਹਨ ਅਤੇ ਦਿਨ ਵਾਰ ਵੀ ਵੱਖ ਵੱਖ ਹਨ॥ ਪਰ ਵਰਤਮਾਨ ਵਿੱਚ ਏਸੇ ਮਿਤੀ 25-01-1377 ਈ: ਨੂੰ ਬਹੁਤੇ ਵਿਦਵਾਨਾ ਤੇ ਸ਼ਰਧਾਲੂਆਂ ਵਲੋਂ ਮਾਨਤਾ ਮਿਲੀ ਹੋਈ ਹੈ ਤੇ ਹਰ ਵਰ੍ਹੇ ਏਸੇ ਮਿਤੀ ਨੂੰ ਆਧਾਰ ਮਨ ਕੇ ਸ਼੍ਰੀ ਸੰਤ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਨਿਸਚਿਤ ਕੀਤਾ ਹੈ॥ ਇਸ ਮਿਤੀ ਬਾਰੇ ਡਾ. ਲੇਖਰਾਜ ਪਰਵਾਨਾ ਆਪਣੀ ਪੁੱਸਤਕ,' ਗੁਰੂ ਰਵਿਦਾਸ ਜੀਵਨ ਅਤੇ ਕਿਰਤਾਂ,' ਦੇ ਪੰਨਾ 440 ਤੇ ਵਰਨਣ ਕਰਦੇ ਹਨ,'' ਏਸੇ ਵਿਚਾਰਧਾਰਾ ਦੇ ਦ੍ਰਿਸ਼ਟੀਗਤ ਸ਼੍ਰੀ ਪ੍ਰਥਵੀ ਸਿੰਘ ਆਜ਼ਾਦ ਨੇ ਗੁਰੂ ਰਵਿਦਾਸ ਜੀ ਦਾ ਜਨਮ ਮਾਘ ਪੂਰਨਮਾ ਸੰਮਤ 1433(1376 ਏ ਡੀ) ਦਿਨ ਐਤਵਾਰ ਮਨਿਆ ਹੈ॥ ਜੋਤਿਸ਼ ਦੇ ਹਿਸਾਬ ਨਾਲ ਅਤੇ ਕਾਨੂੰ ਪਿਲੇ ਦੇ ਨਿਯਮ ਅਨੁਸਾਰ ਅਤੇ ਭਾਰਤੀ ਪੰਚਾਂਗ ਅਨੁਸਾਰ ਇਹੁ ਮਿਤੀ ਨਿਸਚਿਤ ਹੁੰਦੀ ਸਿੱਧ ਕੀਤੀ ਗਈ ਹੈ॥ ਅਜੇਹੇ ਹੀ ਵਿਚਾਰ ਡਾ. ਜਸਬੀਰ ਸਿੰਘ ਸਾਬਰ ਆਪਣੀ ਪੁਸਤਕ,'' ਪਾਵਨ ਗਾਥਾ ਸ਼੍ਰੀ ਗੁਰੂ ਰਵਿਦਾਸ ਜੀ ਉ ਦੇ ਪੰਨਾ 26 ਤੇ ਪ੍ਰਗਟ ਕਰਦੇ ਹਨ॥ ਉਮਦਰਾਸ ਸਰਕਾਰ ਵਲੋਂ 1922 ਵਿੱਚ ਛਾਪੇ ਸੁਆਮੀ ਕਨੂੰ ਪਿਲੇ ਦੇ ਕੈਲੰਡਰ ਅਨੁਸਾਰ ਇਸ ਦਿਨ 25 ਜਨਵਰੀ, 1377 ਈ: ਦਿਨ ਐਤਵਾਰ ਅਤੇ ਬਹੁਲਾ ਪਕਸ਼ ਸੀ॥ ਏਸ ਦਿਨ ਪੂਰਨਮਾਸ਼ੀ ਵੀ ਹੈ ਅਤੇ ਸਾਕਾ ਸੰਮਤ 1299 ਅਤੇ ਮੇਸ਼ਾ ਸੰਕਰਾਂਤ ਵੀ ਹੈ''॥ ਲੇਖਕ ਨੇ ਅਗੇ ਨਿਚੋੜ ਕੱਢ ਕੇ ਲਿਖਿਆ ਹੈ ਕਿ ਮਾਘ ਦੀ ਪੁੰਨਿਆ ਦਿਨ ਐਤਵਾਰ 1433 ਬਿ: ਸੰਮਤ ਈ: ਸਨ 1376-1377 ਸੀ॥ ਇਸ ਮੱਤ ਦੀ ਪੁਸ਼ਟੀ ਕਰਨ ਵਾਲੇ 14 ਵਿਦਵਾਨ ਅਤੇ ਸੰਸਥਾਵਾਂ ਹਨ''॥ ਭਾਵ ਬਹੁਤਾਤ ਪਰ ਫਿਰ ਵੀ ਦਾਸ ਦੀ ਬੇਨਤੀ ਹੈ ਕਿ ਸਮੁੱਚਾ ਸਮਾਜ ਇਕ ਮਿਤੀ ਮਿੱਥ ਕੇ ਗੁਰੂ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਕ੍ਰਿਪਾਲਤਾ ਕਰਨ ਜੀ।

ਸਤਿਕਾਰਯੋਗ ਸੰਤ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਬਾਰੇ ਇਹ ਧਾਰਣਾ ਬਣੀ ਹੋਈ ਹੈ ਕਿ ਉਹਨਾਂ ਦਾ ਜਨਮ ਦਿਨ ਐਤਵਾਰ ਤੇ ਪੂਰਨਮਾਸ਼ੀ ਨੂੰ ਹੋਇਆ ਸੀ॥ ਇਹਨਾਂ ਵਿਚਾਰਵਾਨਾਂ ਨੇ ਕਨੂੰ ਪਿਲੇ ਦੇ 1922 ਵਾਲੇ ਕਲੰਡਰ ਨੂੰ ਮਾਨਤਾ ਦੇ ਕੇ ਮਿਤੀ 25-01-1376 ਜਾਂ 77 ਨੂੰ ਦਿਨ ਐਤਵਾਰ ਮੰਨਿਆ ਹੈ॥ ਪਰ ਮੈਂ ਗਣਿਤ ਦੇ ਕਲੰਡਰ ਦੇ ਤਰੀਕੇ ਨਾਲ ਪ੍ਰਸ਼ਨ ਹੇਠ ਲਿਖੀ ਵਿਧੀ ਨਾਲ ਹੱਲ ਕੀਤਾ ਹੈ ॥ ਇਸ ਦੁਆਰਾ ਮਿਤੀ 25-01-1378 ਈ: ਨੂੰ ਐਤਵਾਰ ਆਉਂਦਾ ਹੈ ॥ ਪੂਰਨਮਾਸ਼ੀ ਜਾਨਣਾ ਕਠਿਨ ਹੈ॥ ਈਸਵੀ ਸੰਨ 700 ਤੋਂ ਪਹਿਲਾਂ ਸਾਲ ਦੇ 10 ਮਹੀਨੇ ਹੁੰਦੇ ਸਨ ਤੇ ਪਹਿਲਾ ਮਹੀਨਾ ਮਾਰਚ ਹੁੰਦਾ ਸੀ ॥ ਇਸ ਮਗਰੋਂ ਸੁਧਾਰ ਕਰਕੇ ਜਨਵਰੀ ਅਤੇ ਫਰਵਰੀ ਮਹੀਨੇ ਜੋੜ ਕੇ ਸਾਲ ਨੂੰ 12 ਮਹੀਨੇ ਦਾ ਕੀਤਾ ਗਿਆ॥ ਸਾਲ ਨੂੰ ਚੰਦਰ ਵਰ੍ਹੇ ਦੀ ਥਾਂ ਸੂਰਜੀ ਵਰ੍ਹਾ ਮਿਥਿਆ ਗਿਆ॥ 1582 ਈ: ਵਿਚ ਗ੍ਰੈਗੋਰੀ ਪੋਪ 13ਵੇਂ ਨੇ ਸਾਲ ਨੂੰ 365.2422 ਦਿਨ ਦਾ ਦਸਿਆ ਗਿਆ॥ ਮਹੀਨਿਆਂ ਦੇ ਦਿਨ ਨਿਸ਼ਚਿਤ ਕੀਤੇ ਗਏ॥ ਸਾਲ ਲਗਭਗ 365 ਦਿਨ 6 ਘੰਟੇ ਦਾ ਮਨਿਆ ਗਿਆ ਤੇ ਹਰ ਚੌਥਾ ਸਾਲ ਲੀਪ ਦਾ ਸਾਲ ਮੰਨ ਕੇ ਫਰਵਰੀ ਦਾ ਮਹੀਨਾ 28 ਦਿਨਾਂ ਤੋਂ 29 ਦਿਨਾਂ ਦਾ ਕਰਕੇ ਸਾਲ 366 ਦਿਨਾਂ ਦਾ ਬਣਾ ਦਿਤਾ ਗਿਆ। ਸਾਲ ਨੂੰ ਤਕਨੀਕੀ ਆਧਾਰ ਤੇ ਮਿਤੀ ਦੇ ਕੇ ਸਮੇਂ ਨੂੰ ਸਾਲ, ਮਹੀਨੇ, ਦਿਨ, ਘੰਟੇ, ਮਿੰਟ ਤੇ ਸੈਕਿੰਡ ਦੇ ਕੇ ਇਕ ਥਾਂ ਤੇ ਨੀਯਤ ਕਰ ਦਿਤਾ ਗਿਆ ਜਿਸ ਨੂੰ ਕਲੰਡਰ ਦਾ ਨਾਮ ਦਿੱਤਾ ਗਿਆ, ਜਿਸ ਨਾਲ ਸਾਲ ਦੇ ਕਿਸੇ ਦਿਨ ਨੂੰ ਕੀ ਵਾਰ ਸੀ ਜਾਨਣਾ ਬਹੁਤ ਹੀ ਸੌਖਾ ਹੋ ਗਿਆ। ਜਿਵੇਂ ਮਿਤੀ 01-01-1001 ਨੂੰ ਵੀਰਵਾਰ ਸੀ ਤੇ 01-01-2100 ਨੂੰ ਸ਼ੁਕਰਵਾਰ ਹੋਵੇਗਾ।

ਗਣਿਤ ਅਨੁਸਾਰ ਕੈਲੰਡਰ ਦੀ ਵਿਧੀ ਨਾਲ ਵਾਰ ਕੱਢਣਾ।

ਮੰਨ ਲਓ ਮਿਤੀ 31-01-2018

2000 ਸਾਲਾਂ ਵਿੱਚ ਵਾਧੂ ਦਿਨ × 000 (400 ਤੇ ਵੰਡ ਹੋਣ ਵਾਲੀ ਸਦੀ ਦਾ ਕੋਈ ਵਾਧੂ ਦਿਨ ਨਹੀਂ)

000 ਉ ਉ ਉ ਉ× 000 (100 ਸਾਲ ਦੇ 5 ਦਿਨ ਵਧਦੇ ਹਨ ਏਥੇ ਕੋਈ ਸੈਂਕੜਾ ਨਹੀਂ)

'ਲੀਪ ਦੇ ਸਾਲਾਂ ਦੇ ਵਾਧੂ ਦਿਨ ×4 (17/4×4 ਬਾਕੀ 1 ਬਾਕੀ ਛੱਡ ਦਿਉ ਉੱਤਰ ਰੱਖੋ)

'ਸਾਲਾਂ ਵਿੱਚ ਬਣਦੇ ਵਾਧੂ ਦਿਨ × 3 (17 ਜਾਂ 17/7×2 ਬਾਕੀ 3× ਵਾਧੂ ਦਿਨ॥

2018 ਜਨਵਰੀ ਦੇ ਵਾਧੂ ਦਿਨ 3 (31 ਜਾਂ 7 ਨਾਲ ਭਾਗ ਕਰਕੇ 3)

ਕੁੱਲ ਜੁੜ × 10 (7 ਤੇ ਭਾਗ ਕਰਕੇ ਬਾਕੀ 3 × ਉੱਤਰ ਬੁੱਧਵਾਰ॥

ਦਿਨਾਂ ਦਾ ਕੋਡ ਜੋੜ ਨੂੰ 7 ਨਾਲ ਭਾਗ ਕੀਤਿਆਂ 0 ਆਵੇ ਤਾਂ ਐਤਵਾਰ, 1 ਆਵੇ ਤਾਂ ਸੋਮਵਾਰ, 6 ਆਵੇ ਤਾਂ ਸ਼ਨਿੱਚਰਵਾਰ॥ ਇਸ ਵਿਧੀ ਨਾਲ ਈ: ਸੰਨ ਦੇ ਕਿਸੇ ਵੀ ਸਾਲ ਦੀ ਮਿਤੀ ਦੇ ਦਿਨ-ਵਾਰ ਨੂੰ ਜਾਣਿਆ ਜਾ ਸਕਦਾ ਹੈ ਜਿਵੇਂ 19-01- 2019 ਨੂੰ ਸਨਿਚਰਵਾਰ, 01-01-2020 ਨੂੰ ਬੁੱਧਵਾਰ, 01-01-2200 ਨੂੰ ਵੀ ਬੁੱਧਵਾਰ ਆ ਜਾਂਦਾ ਹੈ॥

ਪਰ, ਸੰਤ ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਹਰ ਸਾਲ 25 ਜਨਵਰੀ, 1377 ਅਨੁਸਾਰ ਸੌਰ ਵਰਸ਼ (ਸੂਰਜੀ ਸਾਲ) ਅਨੁਸਾਰ ਨਾਂ ਮਨਾਂ ਕੇ ਚੰਦਰਵਰਸ਼ (ਚੰਦ ਦਾ ਸਾਲ) ਮਾਘ ਸੁਦੀ ਪੰਦਰਾਸ ਸੰਮਤ 1433 ਬਿਕਰਮੀ ਅਨੁਸਾਰ ਮਨਾਇਆ ਜਾਂਦਾ ਹੈ॥ ਏਸੇ ਕਰਕੇ ਗੁਰੂ ਜੀ ਦਾ ਜਨਮ ਦਿਹਾੜਾ ਹਰ ਸਾਲ ਅਦਲ ਬਦਲ ਮਿਤੀਆਂ ਨੂੰ ਆਉਂਦਾ ਹੈ ॥ ਇਹ ਚੱਕਰ ਕਿਉਂ ਚਲਦਾ ਹੈ ਕਿਉਂਕਿ ਸੂਰਜੀ ਵਰ੍ਹੇ ਅਤੇ ਚੰਦਰ ਵਰ੍ਹੇ ਵਿੱਚ ਸਮੇਂ ਦਾ ਅੰਤਰ ਪਾਇਆ ਜਾਂਦਾ ਹੈ॥ ਵੇਖੋ ਨਿਮਨ ਸਾਰਣੀ;-

ਵਰਸ਼ ਦਾ ਨਾਮ	×	ਦਿਨ	- ਘੰਟੇ	- ਮਿੰਟ	- ਸੈਕਿੰਡ
ਸੂਰਜੀ ਵਰਸ਼	×	365	05	45	46
ਚੰਦਰ ਵਰਸ਼	×	354	08	46	36
ਦੋਹਾਂ ਦਾ ਅੰਤਰ	×	10	20	59	36

(ਲਗਭਗ 10 ਦਿਨ 21 ਘੰਟੇ)

ਇਸ ਸੂਰਜ ਦੀ ਗਤੀ ਅਤੇ ਚੰਨ ਦੀ ਗਤੀ ਨਾਲ ਮਿਥੇ ਸਮੇਂ ਅਨੁਸਾਰ ਪਲਿਂ ਚੰਨ ਦੀਆਂ ਗਤੀਆਂ ਅਨੁਸਾਰ 15 ਮਾਘ ਪੂਰਨਮਾਸ਼ੀ ਦਾ ਦਿਨ ਕੱਢਿਆ ਜਾਂਦਾ ਹੈ ਫਿਰ ਉਸ ਨੂੰ ਸੂਰਜੀ ਵਰ੍ਹੇ ਅਨੁਸਾਰ ਨਿਸਚਿਤ ਕੀਤਾ ਜਾਂਦਾ ਹੈ॥ ਦੋਹਾਂ ਵਰਿਆਂ ਵਿੱਚ 10 ਦਿਨ 21 ਘੰਟੇ ਦਾ ਅੰਤਰ ਹੋਣ ਕਰਕੇ ਈਸਵੀ ਸੂਰਜੀ ਸੰਨ (ਸਾਲ) ਦੀ ਮਿਤੀ ਬਦਲਦੀ ਰੰਹਿੰਦੀ ਹੈ॥ ਜਿਥੇ ਸੂਰਜ ਦੇ ਸਾਲ ਦੇ 12 ਮਹੀਨੇਂ ਬੀਤਦੇ ਹਨ ਉਥੇ ਚੰਦ ਦੇ ਵਰ੍ਹੇ ਦੇ 12 ਮਹੀਨੇ 10 ਦਿਨ 21 ਘੰਟੇ ਬਣਦੇ ਹਨ॥ ਇਹਨਾਂ ਦੋਹਾਂ ਵਰਿਆਂ ਨੂੰ ਸਮਾਨਤਾ ਦੇਣ ਲਈ ਹਰ ਤੀਜੇ ਸਾਲ ਇਕ ਚੰਦਰ ਮਹੀਨਾ ਵੱਧ ਜਾਂਦਾ ਹੈ॥ ਭਾਵ ਚੰਨ ਦਾ ਹਰ ਤੀਜਾ ਸਾਲ 13 ਮਹੀਨਿਆਂ ਦਾ ਹੋ ਜਾਂਦਾ ਹੈ॥ ਇਸ ਤਰਾਂ 15 ਮਾਘ ਪੂਰਨਮਾਸ਼ੀ ਅੱਗੇ ਚਲਿਆ ਜਾਂਦਾ ਹੈ ਤੇ ਸੂਰਜੀ ਮਹੀਨਾ ਪਹਿਲਾਂ ਆ ਜਾਣ ਕਰਕੇ 15 ਮਾਘ ਦੀ ਜਨਮ ਮਿਤੀ ਪਹਿਲਾਂ ਆ ਜਾਂਦੀ ਹੈ॥ ਫਿਰ ਦੂਜੇ ਸਾਲ ਅੱਗੇ ਵਧਦੀ ਹੈ ਫਿਰ ਤੀਜੇ ਸਾਲ ਪਿਛੇ ਚਲੀ ਜਾਂਦੀ ਹੈ॥ ਏਹੋ ਕਾਰਨ ਹੈ ਕਿ ਸੰਤ ਸ਼੍ਰੀ ਗੁਰੂ ਰਵਿਦਾਸ ਜੀ ਦੇ ਸੂਰਜੀ ਵਰ੍ਹੇ ਦੇ ਜਨਮ ਦਿਹਾੜੇ ਵਿੱਚ ਸਥਿਰਤਾ ਨਹੀਂ ਰਹਿੰਦੀ ਜੋ ਇਕ ਘਾਟ ਹੈ॥ ਭੁੱਲ ਭਲਈਆਂ ਹੈ ਤੇ ਸੇਵਕਾਂ ਲਈ ਜਨਮ ਮਿਤੀ ਯਾਦ ਰੱਖਣ ਦੀ ਇਕ ਕਠਿਨਾਈ॥

ਇਹ ਜਾਨਣਾ ਹੋਵੇ ਕਿ ਸੰਤ ਸਤਿਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਪੁਰਬ ਕਿਹੜੇ ਵਰ੍ਹੇ ਕਿਸ ਮਿਤੀ ਨੂੰ ਆਵੇਗਾ ਇਸ ਦਾ ਪਤਾ ਸਾਨੂੰ ਜੰਤਰੀਆਂ, ਡਾਇਰੀਆਂ, ਕੈਲੰਡ-ਡਰਾਂ ਤੋਂ ਖੋਜਣਾ ਪੈਂਦਾ ਹੈ॥ ਇਹ ਇਕ ਕਠਨ, ਸ਼ਰਮਿੰਦਗੀ ਵਾਲਾ, ਮੱਥਾ ਮਾਰ ਕਾਰਜ ਹੈ॥ ਸਾਨੂੰ ਦੂਜਿਆਂ ਤੇ ਨਿਭਰ ਹੋਣਾ ਪੈਂਦਾ ਹੈ॥ ਜੇ ਕਰ ਅਸੀਂ ਸਤਿਗੁਰ ਜੀ ਦਾ ਜਨਮ ਦਿਹਾੜਾ ਪਿਛਕੇ ਬੀਤੇ ਸਾਲਾਂ ਵਿੱਚ ਲੱਭਣਾ ਹੋਵੇ ਤਾਂ ਅਸੀਂ ਪੂਰਨ ਰੂਪ ਵਿੱਚ ਹਨੇਰੇ ਵਿੱਚ ਗੁੰਮ ਹੋ ਜਾਂਦੇ ਹਾਂ, ਭਟਕਦੇ ਰਹਿ ਜਾਂਦੇ ਹਾਂ ਤਾਂ ਵੀ ਸਾਨੂੰ ਪਤਾ ਨਹੀਂ ਲਗ ਸਕਦਾ॥ ਇਹਨਾਂ ਦਿਨਾਂ ਦਾ ਵੇਰਵਾ ਜਾਨਣ ਲਈ ਸਾਨੂੰ ਜੰਤਰੀਆਂ ਦਾ ਦਾਸ ਹੋਣਾ ਪੈਂਦਾ ਹੈ॥ ਜੋ ਅਨਪੜ ਹੋਵੇਗਾ ਉਹ ਕੀ ਕਰੇਗਾ॥ ਇਸ ਲਈ ਸਾਨੂੰ ਆਪਣੇ ਸਤਿਕਾਰਯੋਗ ਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਇਕ ਨਿਸਚਿਤ/ਸਥਿੱਰ ਮਿਤੀ ਨੂੰ ਨਿਰਧਾਰਿਤ ਕਰਨਾਂ ਚਾਹੀਦਾ ਹੈ॥ ਤਾਂ ਜੋ ਅਸੀਂ ਸੌਖਿਆਂ ਹੀ ਲਭ ਸਕੀਏ ਕਿ ਬੀਤੇ ਪਿਛਲੇ ਵਰਿਆਂ ਵਿੱਚ ਇਹ ਦਿਹਾੜਾ ਕਦੋਂ ਮਨਾਇਆ ਸੀ॥ ਉਸ ਦਿਨ ਅਸੀਂ ਕਿਥੇ ਸੀ, ਉਸ ਦਿਹਾੜੇ ਅਸੀਂ ਹੋਰ ਕੋਈ ਕਿਹੜਾ ਕਾਰਜ ਕੀਤਾ, ਉਸ ਵਰ੍ਹੇ ਅਸੀਂ ਕਿਸ ਕਿਸ ਨੂੰ ਮਿਲੇ॥ ਇਹ ਅਮੁਲੀ ਯਾਦ ਸਾਡੀ ਯਾਦ ਸ਼ਕਤੀ ਵਿੱਚ ਕਿਸੇ ਵਿਸ਼ੇਸ਼ ਉਦਮ ਤੋਂ ਬਿਨਾ ਹੀ ਬਣੀ ਰਹੇਗੀ॥ ਉਹ ਦਿਹਾੜਾ ਮਿਠੀ ਯਾਦ ਬਣਿਆ ਰਹੇਗਾ॥ ਏਸੇ ਪ੍ਰਕਾਰ ਅਸੀਂ ਇਹ ਜਾਨਣਾ ਹੋਵੇ ਕਿ ਸਗੁਰੂ ਜੀ ਦਾ ਆਉਣ ਵਾਲੇ ਸਮੇਂ ਵਿੱਚ ਪਾਵਨ ਦਿਹਾੜਾ ਕਦੋਂ ਆਉਂਣਾ ਹੈ॥ ਇਹ ਸਾਡੀ ਬੁੱਧੀ ਜਾਂ ਦਿਮਾਗ ਦੇ ਪਟਲ ਤੇ ਪਹਿਲਾਂ ਹੀ ਲਿਖਿਆ ਹੋਇਆ ਮਿਲੇਗਾ ਤੇ ਅਸੀਂ ਝੱਟ ਆਪਣੀ ਭਵਿਖ ਦੀ ਕਾਰਜ ਪ੍ਰਣਾਲੀ ਘੜ੍ਹ ਲਵਾਂਗੇ॥ ਕਿਸ ਕਿਸ ਨੂੰ ਮਿਲਣਾ, ਕਿਥੇ ਕਿਥੇ ਜਾਣਾ ਨਿਸਚਿਤ ਹੋ ਜਾਵੇਗਾ॥ ਆਪਣੇ ਜਾਣ ਵਾਸਤੇ ਕਦੋਂ ਛੁੱਟੀ ਲਈ ਬੇਨਤੀ ਪੱਤਰ ਦੇਣਾ ਹੈ॥ ਅਸੀਂ ਪ੍ਰਦੇਸ਼ ਤੋਂ ਆਪਣੇ ਦੇਸ਼ ਕਦੋਂ ਜਾਣਾ ਹੈ॥ ਭਵਿਖ ਦੇ ਕਾਰਜ ਲਈ ਵਿਉਂਤਬੰਦੀ ਸਾਡੇ ਦਿਮਾਗ਼ ਦੇ ਪਟਲ ਤੇ ਕੁੱਝ ਸੈਕਿੰਟਾਂ ਵਿੱਚ ਹੀ ਸਥਾਈ ਰੂਪ ਵਿੱਚ ਉੱਕਰ ਜਾਵੇਗੀ॥ ਪਾਠਕੋ ! ਥੋੜਾ ਜਿਹਾ ਸੋਚ ਕੇ ਦਸੋ ਕੀ ਇਹ ਸਰਲ ਪ੍ਰਾਪਤੀ ਸਾਨੂੰ ਹਰ ਵਰ੍ਹੇ ਅਨਿਸਚਿਤ ਮਿਤੀਆਂ ਮਨਾਉਣ ਨਾਲ ਪ੍ਰਾਪਤ ਹੋਵੇਗੀ? ਜੇ ਨਹੀਂ!!! ਤਾਂ ਆਓ ਅਸੀਂ ਆਪਣੇ ਪੂਜਣ ਯੋਗ ਗੁਰੂ ਸੰਤ ਸਤਿਗੁਰੂ ਰਵਿਦਾਸ ਜੀ ਦਾ ਪਾਵਨ ਜਨਮ ਦਿਹਾੜਾ ਮਨਾਉਂਣ ਦੀ ਪਾਵਨ ਮਿਤੀ ਨੂੰ ਹਰ ਵਰ੍ਹੇ ਲਈ ਨਿਸਚਿਤ ਕਰਕੇ ਮਨਾਈਏ॥ ਏਹੋ ਨਿਸਚਿਤ ਮਿਤੀਆਂ ਸਰਵਸ਼੍ਰੀ ਸੰਤ ਗੁਰੂ, ਕਬੀਰ ਜੀ ,ਨਾਮਦੇਵ ਜੀ, ਅਤੇ ਹੋਰ ਸੰਤਾਂ ਗੁਰੂਆਂ ਪ੍ਰਤੀ ਵੀ ਮਿਥੀਆਂ ਜਾਣ ਤਾਂ ਜੋ ਸਮਾਜ ਵਿੱਚ ਸ਼ਾਂਤੀ ਅਤੇ ਏਕਤਾ ਦਾ ਵਾਤਾ ਵਰਣ ਬਣ ਸਕੇ॥

ਅਸੀਂ ਆਪਣੇ ਗੁਰੂ ਸੰਤ ਗੁਰੂ ਰਵਿਦਾਸ ਜੀ ਦਾ ਪਾਵਨ ਪ੍ਰਕਾਸ਼ ਪੁਰਬ ਈ: ਸਨ ਅਨੁਸਾਰ ਗੁਰੂ ਮਹਾਰਾਜ ਜੀ ਦੀ ਨਾਮ ਲੇਵਾ ਸੰਗਤ ਦੇ ਚਰਨਾਂ ਵਿੱਚ ਕਿਉਂ ਰਖ ਰਹੇ ਹਾਂ॥ ਇਸ ਦਾ ਪਹਿਲਾ ਕਾਰਨ ਤਾਂ ਇਹ ਹੈ ਕਿ ਅਸੀਂ ਆਪਣਾਂ ਹਰ ਇਕ ਕਾਰਜ, ਜਨਮ ਦਿਹਾੜੇ ,ਇਤਿਹਾਸ ਦੀਆਂ ਘਟਨਾਂਵਾਂ ਦੀਆਂ ਮਿਤੀਆਂ, ਰਾਜਨੇਤਾਵਾਂ ਦੀਆਂ ਜਨਮ-ਮਰਨ ਮਿਤੀਆਂ ,ਭਾਰਤ ਦਾ ਗਣਤੰਤੱਰ ਤੇ ਸਵਤੰਤਰ ਦਿਵਸ ਅਤੇ ਹੋਰ ਸਾਰੇ ਸੰਸਾਰ ਦੇ ਦੇਸ਼ ਆਪਣੇ ਆਪਣੇ ਦੇਸ਼

ਸ਼੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਨਿਸਚਿਤ ਮਿਤੀ ਕਿਉਂ ਨਹੀਂ?

ਉਹ ਸਾਂਝਾ ਮੰਚ ਹੈ ਇਕ ਸਾਂਝੇ ਗ੍ਰੰਥ ਦੀ ਰਚਨਾ ਕਰਨੀ। ਅਜੇ ਅਸੀਂ ਦੂਜਿਆਂ ਨੂੰ ਰਜੇ ਹੋਏ ਵੇਖ ਵੇਖ ਡਕਾਰ ਮਾਰ ਰਹੇ ਹਾਂ।

ਸਾਡੇ ਆਪਣੇ ਪੇਟ ਖਾਲੀ ਹਨ। ਸਾਡੇ ਵਿਚੋਂ ਕੋਈ ਤਾਂ ਗੀਤਾ ਦਾ ਪੁਜਾਰੀ ਹੈ ਕੋਈ ਰਾਮਾਇਣ ਦਾ ਤੇ ਕੋਈ ਮਹਾਂਭਾਰਤ ਦਾ। ਕੋਈ ਗੌਤਮ ਬੁੱਧ ਦੀਆਂ ਪੁਸਤਕਾਂ ਪੜ੍ਹ-ਪੜ੍ਹ ਕੇ ਆਪਣੇ ਆਪ ਨੂੰ ਸੰਤੁਸ਼ਟ ਕਰੀ ਬੈਠੇ ਹਨ। ਬਹੁਤ ਸਾਰੇ ਰਾਧਾ ਸੁਆਮੀ ਬਣ ਕੇ ਆਪਣੇ ਆਪ ਨੂੰ ਜੀਵਨ ਤੋਂ ਮੁੱਕਤ ਹੋ ਜਾਣਾ ਸਮਝਦੇ ਹਨ। ਕੁੱਝ ਸਿੱਖ ਧਰਮ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗਵਾਈ ਲੈ ਰਹੇ ਹਨ। ਕੁੱਝ ਮੁਸਲਮਾਨ ਬਣ ਕੇ ਆਪਣਾ ਜਾਤੀ ਕਲੰਕ ਧੋਂਦੇ ਹਨ। ਕੁੱਝ ਇਸਾਈ ਬਣ ਕੇ ਮਾਣ ਪ੍ਰਾਪਤ ਕਰਨਾ ਚਾਹੁੰਦੇ ਹਨ। ਇਸ ਸਾਰੇ ਦਾ ਕਾਰਨ ਇਹ ਨਹੀਂ ਕਿ ਇਹਨਾ ਵਿੱਚ ਸੂਝ-ਬੂਝ ਦੀ ਘਾਟ ਹੈ। ਘਾਟ ਇਸ ਗਲ ਦੀ ਹੈ ਕਿ ਇਹ ਜਾਣ ਤਾਂ ਕਿਥੇ ਜਾਣ।ਇਹ ਜਦੋਂ ਆਪਣੀ ਮੰਜ਼ਲ ਵੱਲ ਨੂੰ ਵੇਖਦੇ ਹਨ ਤਾਂ ਅੱਗੇ ਮੰਜ਼ਲ ਦਿਖਾਈ ਨਹੀਂ ਦਿੰਦੀ ਤਾਂ ਅਸੀਂ ਮੋੜ ਕੱਟ ਕੇ ਦੂਜੀ ਗ਼ਲਤ ਮੰਜ਼ਲ ਤੇ ਪਹੁੰਚ ਜਾਂਦੇ ਹਾਂ।ਜੇਕਰ ਇਹਨਾ ਨੂੰ ਇਕ ਗ੍ਰੰਥ ਦੇ ਰੂਪ ਵਿਚ ਮੰਜ਼ਲ ਮਿਲ ਜਾਵੇ ਤਾਂ ਇਹ ਸਹੀ ਮੰਜ਼ਲ ਤੇ ਜ਼ਰੂਰ ਪਹੁੰਚਣਗੇ।ਕਿਉਂਕਿ ਇਹਨਾ ਵਿੱਚ ਬੱਲ ਹੈ, ਉੱਦਮ ਹੈ। ਅਗਵਾਈ ਨਹੀਂ।ਇਸ ਲਈ ਯਤਨ ਹੋਣਾ ਚਾਹੀਦਾ ਹੈ ਕਿ ਇਹਨਾਂ ਵਰਗਾਂ ਲਈ ਇੱਕ ਸਾਂਝਾ ਗ੍ਰੰਥ ਤਿਆਰ ਕੀਤਾ ਜਾਵੇ। ਦੂਜਿਆਂ ਦੇ ਗ੍ਰੰਥ ਪੂਜ-ਪੂਜ ਕੇ ਤੇ ਦੂਜਿਆਂ ਦੀ ਓਟ ਲੈ ਲੈ ਆਪੇ ਬਣੇ ਦਾਸ ਨਾ ਬਣੇ ਰਹੀਏ।

ਦੂਜਿਆਂ ਦੀਆਂ ਉਦਾਹਰਨਾਂ- ਹਿੰਦੂ ਧਰਮ ਨੂੰ ਹੀ ਲੈ ਲਓ। ਇਹਨਾ ਇੱਕ ਇੱਕ ਕਰਕੇ ਚਾਰ ਵੇਦ ਰਚ ਲਏ। ਫਿਰ ਉਪਨਿਸ਼ਦਾਂ ਨੂੰ 300 ਦੀ ਸੰਖਿਆ ਤਕ ਕਰ ਲਿਆ। 8 ਪੁਰਾਣਾ ਮਗਰੋਂ 18 ਉੱਪ-ਪੁਰਾਣ ਹੋਰ ਘੜ ਲਏ। ਫਿਰ ਮਹਾਂਭਾਰਤ ਅਤੇ ਰਾਮਾਇਣ ਆਦਿ। ਗਿਣਤੀ ਵਿੱਚ 47 ਸਮ੍ਰਿਤੀਆਂ ਰਚ ਕੇ ਇਕ ਵੱਡਾ ਸਾਰਾ ਅੰਬਾਰ ਲਾ ਲਿਆ। ਵੇਦਾਂ ਬਾਰੇ ਚਾਰ ਬ੍ਰਾਹਮਣ ਨਾਮ ਦੇ ਗ੍ਰੰਥ ਲਿਖੇ ਤੇ ਫਿਰ ਚਾਰ ਉਪ-ਵੇਦ ਵੀ। 6 ਦੀ ਸੰਖਿਆ ਤਕ ਆਰਣਿਕ ਗ੍ਰੰਥ ਲਿੱਖੇ ਤੇ 6 ਹੀ ਵੇਦ ਅੰਗ। ਤਿੰਨ ਪ੍ਰਕਾਰ ਦੇ ਸੂਤਰ ਗ੍ਰੰਥ ਤੇ 6 ਪ੍ਰਕਾਰ ਦੇ ਦਰਸ਼ਨ ਸ਼ਾਸਤਰ ਆਦਿ। ਏਨੇ ਵੱਡੇ ਸਾਹਿਤ ਦਾ ਹੀ ਕਾਰਣ ਹੈ ਕਿ ਇਸ ਦੀਆਂ ਜੜਾਂ ਬਹੁਤ ਡੂੰਗੀਆਂ ਹਨ। ਇਹਨਾ ਜੜ੍ਹਾਂ ਨੂੰ ਹਿਲਾਉਣ ਲਈ ਆਦਿ ਸਮਾਜਿ ਦਾ ਸਾਹਿਤ ਹੋਣਾ ਜ਼ਰੂਰੀ ਹੈ।ਬਾਕੀ ਧਰਮਾਂ ਵਿੱਚੋਂ ਜੈਨ ਧਰਮ ਵਾਲਿਆ ਦੇ ਅੰਗ ਅਤੇ ਉੱਪ ਅੰਗ 12 ਦੀ ਗਿਣਤੀ ਵਿੱਚ ਹਨ।ਬੁੱਧ ਧਰਮ ਦੇ ਤਿੰਨ ਪ੍ਰਕਾਰ ਦੇ ਤ੍ਰਿਪਿਤਕ ਹਨ ਤੇ ਕੁੱਝ ਜਾਤਕ ਗ੍ਰੰਥ ਵੀ। ਉਪਰੋਕਤ ਲਿਖੇ ਤਿਨ ਧਰਮਾਂ ਦਾ ਸਾਹਿਤ ਇਸ ਵਿੱਚ ਵਰਨਣ ਤੋਂ ਬਿਨਾ ਹੋਰ ਵੀ ਬਹੁਤ ਸਾਰਾ ਹੈ। ਇਸਾਈ ਧਰਮ ਅਤੇ ਮੁਸਲਮਾਨ ਧਰਮ ਦੇ ਵੀ ਬਾਇਬਲ ਅਤੇ ਕੁਰਾਨ ਆਪਣੇ 2 ਧਾਰਮਿਕ ਗ੍ਰੰਥ ਹਨ। 2ਗ ਘੱਟ ਗਿਣਤੀ ਸਿੱਖ ਧਰਮ ਨੇ ਵੀ ਥੋੜੇ ਜਿਹੇ ਸਮੇਂ ਵਿੱਚ ਹੀ ਆਪਣਾ ਧਾਰਮਿਕ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂਅ ਨਾਲ ਬਣਾ ਲਿਆ॥ ਭਾਵੇਂ ਸਿੱਖ ਗੁਰੂ ਵੇਦੀ ਤੇ ਸੋਢੀ ਖੱਤਰੀ ਵੰਸ਼ਾਂ ਵਿੱਚੋਂ ਸਨ ਤੇ ਇਹਨਾ ਨੂੰ ਹਿੰਦੂ ਧਰਮਿਕ ਗ੍ਰੰਥ ਪੜ੍ਹਨ ਦੀ ਕੋਈ ਰੋਕ-ਟੋਕ ਨਹੀਂ ਸੀ ਫਿਰ ਵੀ ਇਹਨਾ ਆਪਣਾ ਵੱਖਰਾ ਗ੍ਰੰਥ ਰਚ ਕੇ ਆਪਣੀ ਵੱਖਰੀ ਹੋਂਦ ਬਣਾ ਲਈ। ਪਰ ਅਸੀਂ ਭਾਰਤ ਦੇ ਮੂਲ ਵਾਸੀ ਜਿਹਨਾ ਦੀ ਵੱਖਰੀ ਹੋਂਦ ਤੇ ਸਭਿਅਤਾ ਸਦੀਆਂ ਤੋਂ ਵੱਖਰੀ ਬਣੀ ਹੋਈ ਹੈ ਅਜੇ ਤੱਕ ਆਪਣਾ ਇਸ਼ਟ ਘੜ੍ਹਨ ਦੇ ਅਯੋਗ ਬਣੇ ਹੋਏ ਹਾਂ। ਹੁਣ ਤਾਈਂ ਅਸੀਂ ਆਪਣੇ ਆਪ ਨੂੰ ਜਿਉਂਦੇ ਰੱਖਣ ਲਈ ਦੂਜਿਆਂ ਦੀ ਖਾਤਰ ਮਰਦੇ ਮਰਦੇ ਆਪਣੇ ਆਪ ਨੂੰ ਆਪ ਹੀ ਮਾਰ ਲਿਆ ਹੈ । ਜੇ ਕਰ ਅਸੀਂ ਆਪਣੇ ਆਪ ਲਈ ਮਰੀਏ ਤਾਂ ਅਸੀਂ ਸਦਾ-ਸਦਾ ਦੇ ਲਈ ਜਿਉਂਦੇ ਰਹਿ ਸਕਦੇ ਹਾਂ।

ਨਵਾਂ ਗ੍ਰੰਥ ਬਣਾਉਣ ਵਿਚ ਝਿਜਕ ਕਿਉਂ?- ਭਾਰਤ ਦੇ ਮੂਲ ਵਾਸੀ 85% ਲਈ ਨਵਾਂ ਧਾਰਮਿਕ ਗ੍ਰੰਥ ਕਿਵੇਂ ਤਿਆਰ ਕੀਤਾ ਜਾਵੇਗਾ ਇਹ ਦੂਜਿਆਂ ਗ੍ਰੰਥਾਂ ਨੂੰ ਵਾਚਣ ਤੇ ਸਾਫ ਪੱਤਾ ਲਗ ਜਾਂਦਾ ਹੈ।

ਰਿਗਵੇਦ ਨੂੰ ਹੀ ਲੈ ਲਉ। ਇਹ ਕਿਸੇ ਇਕ ਦੀ ਰਚਨਾ ਨਹੀਂ ਹੈ। ਸਗੋਂ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਥਾਵਾਂ ਤੇ ਪੈਦਾ ਹੋਏ ਰਿਸ਼ੀਆਂ ਮੁਨੀਆਂ ਦੀ ਬਾਣੀ ਇੱਕਤਰ ਕਰਕੇ ਇਕ ਗ੍ਰੰਥ ਦਾ ਰੂਪ ਦਿੱਤਾ ਗਿਆ ਹੈ। ਏਸੇ ਤਰਾਂ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਵਿੱਚ ਸਿਰਫ ਹਜ਼ਰੱਤ ਮੁਹੰਮਦ ਸਾਹਿਬ ਦੀ ਹੀ ਰਚਨਾ ਦਰਜ ਨਹੀਂ ਹੈ, ਸਗੋਂ ਇਹਨਾਂ ਤੋਂ ਪਹਿਲਾਂ ਹੋਏ ਪੀਰ ਪੈਗ਼ੰਬਰਾਂ ਦੀ ਬਾਣੀ ਜਾਂ ਇਹਨਾ ਤੇ ਲਿਖੀ ਉਸਤਤੀ ਨੂੰ ਇਕੱਠਾ ਕਰਕੇ ਇਕ ਧਾਰਮਕ ਗ੍ਰੰਥ ਦਾ ਰੂਪ ਦਿੱਤਾ ਗਿਆ ਹੈ। ਇਹੋ ਕੁੱਝ ਈਸਾਈਆਂ ਦੇ ਧਾਰਮਿਕ ਗ੍ਰੰਥ ਬਾਈਬਲ ਵਿੱਚ ਹੈ। ਸਿੱਖ ਧਰਮ ਨੇ ਵੀ ਆਪਣਾ ਗ੍ਰੰਥ ਵੱਖ-ਵੱਖ ਸਮੇਂ ਤੇ ਵੱਖ-ਵੱਖ ਥਾਵੇਂ ਪੈਦਾ ਹੋਏ ਤੇ ਵੱਖ-ਵੱਖ ਧਰਮ ਦੇ ਰਹਿਬਰਾਂ, ਗੁਰੂਆਂ ਤੇ ਸੰਤਾਂ ਅਤੇ ਹੋਰ ਮਹਾਂਪੁਰਖਾਂ ਦੀ ਬਾਣੀ ਨੂੰ ਇਕੱਤਰ ਕਰਕੇ ਇਕ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ"ਦਾ ਰੂਪ ਦਿੱਤਾ ਗਿਆ ਹੋਇਆ ਹੈ। ਤਾਂ ਫਿਰ ਕੀ ਕਾਰਨ ਹੈ ਕਿ ਅਸੀਂ ਬਹੁਸੰਖਿਅਕ ਮੂਲ ਵਾਸੀ ਆਪਣੇ ਵਿਚੋਂ ਪੈਦਾ ਹੋਏ ਰਹਿਬਰਾਂ, ਗੁਰੂਆਂ, ਸੰਤਾ ਤੇ ਹੋਰ ਮਹਾਂਪੁਰਖਾਂ ਦੀ ਬਾਣੀ ਅਤੇ ਇਹਨਾ ਪ੍ਰਤੀ ਲਿਖੀ ਬਾਣੀ ਨੂੰ ਇਕੱਤਰ ਕਰਕੇ ਇਕ ਆਦਿ ਵੰਸ਼ੀ ਗ੍ਰੰਥ ਕਿਉਂ ਨਹੀਂ ਬਣਾ ਸਕਦੇ।

ਨਵੇਂ ਗ੍ਰੰਥ ਦਾ ਨਾਂਅ- ਨਵੇਂ ਗ੍ਰੰਥ ਦਾ ਨਾਂਅ ਸਰਵ ਸੰਮਤੀ ਨਾਲ ਕੋਈ ਵੀ ਰੱਖਿਆ ਜਾ ਸਕਦਾ ਹੈ। ਪਰ ਮੈਂ ਇਸ ਗ੍ਰੰਥ ਦਾ ਨਾਮ "ਆਦਿ ਸਮਾਜਿ ਗ੍ਰੰਥ" ਜਾਂ "ਆਦਿ ਵੰਸ਼ੀ ਪਾਵਨ ਗ੍ਰੰਥ" ਮਨੋਨੀਤ ਕਰਦਾ ਹਾਂ। ਕਿਉਂਕਿ ਆਦਿ ਸ਼ਬਦ ਨਾਲ ਭਾਰਤ ਦੇ ਬਹੁਤ ਸਾਰੇ ਪ੍ਰਾਂਤਾਂ ਵਿੱਚ ਆਦਿ ਵੰਸੀ ਅਨੁਸੂਚਿਤ ਜਾਤਾਂ ਰਹਿੰਦੀਆਂ ਹਨ ਜਿਵੇਂ ਮਦਰਾਸ (ਤਮਿਲਨਾਡੂ) ਵਿੱਚ ਆਦਿ ਆਂਧ੍ਰ, ਆਦਿ ਦਰਾਵਿੜ, ਆਦਿ ਕਰਨਾਟਿਕ, ਪੰਜਾਬ ਵਿੱਚ ਆਦਿ ਧਰਮੀਂ, ਉੜੀਸਾ ਵਿੱਚ ਆਦਿ ਆਂਧ੍ਰ, ਯੂ:ਪੀ: ਵਿੱਚ ਆਦਿ ਵਾਸੀ। ਸਾਰੇ ਆਦਿ ਸਮਾਜਿ ਨੂੰ ਇੱਕ ਥਾਂ ਇੱਕਠੇ ਕਰਨਾਂ ਸਮੇਂ ਦੀ ਲੋੜ ਹੈ ਸਗੋਂ ਮੁੱਖ ਲੋੜ ਤੇ ਪੁੰਨ ਦਾ ਕੰਮ ਵੀ ਹੈ।

ਨਵੇਂ ਗ੍ਰੰਥ ਦਾ ਸਰੂਪ- ਆਦਿ ਕੌਮ ਦੇ ਅਵਤਾਰਾਂ, ਗੁਰੂਆਂ, ਰਿਸ਼ੀਆਂ , ਮੁੰਨੀਆਂ , ਸੰਤਾਂ ਤੇ ਹੋਰ ਮਹਾਂਪੁਰਖਾਂ ਦੀ ਬਾਣੀ ਇੱਕਤਰ ਕਰਕੇ ਕੋਈ ਵੀ ਤਰਤੀਬ ਦੇ ਕੇ ਲਿੱਖ ਸਕਦੇ ਹਾਂ। ਮੇਰਾ ਸੁਝਾਓ ਹੈ ਕਿ ਅਸੀਂ ਆਦਿ ਸਮਾਜਿ ਦਾ ਗ੍ਰੰਥ ਉਰਸ" ਦੇ ਆਧਾਰ ਤੇ ਸੰਪਾਦਨ ਕਰੀਏ । ਉਰਸ" ਗਿਣਤੀ ਵਿੱਚ 9 ਹਨ-1. ਸ਼ਿੰਗਾਰ ਰਸ 2. ਵੀਰ ਰਸ 3. ਕਰੁਣਾ ਰਸ 4. ਸ਼ਾਂਤ ਰਸ 5. ਰੌਦਰ ਰਸ 6. ਭਿਆਨਕ ਰਸ 7. ਅਦਭੁੱਤ ਰਸ 8. ਹਾਸ ਰਸ 9. ਬਭੀਤ ਰਸ। ਇਹਨਾਂ 9 ਰਸਾਂ ਤੋਂ ਬਿਨਾਂ ਹੋਰ ਭਾਗ ਵੀ ਜੋੜੇ ਜਾ ਸਕਦੇ ਹਨ ਜਿਵੇਂ 1. ਸੂਫੀ ਵਾਦ 2. ਜਾਤੀਵਾਦ 3. ਰ੍ਹਹੱਸਵਾਦ ਆਦਿ। ਇਸ ਗ੍ਰੰਥ ਨੂੰ ਇਕ ਹੋਰ ਰੂਪ ਵਿੱਚ ਵੀ ਰਚਣ ਦਾ ਸੁਝਾਓ ਭੈਂਟ ਕਰਦਾ ਹਾਂ। ਜੇ ਕਰ ਗ੍ਰੰਥ ਨੂੰ ਚਾਰ ਭਾਗਾਂ ਵਿੱਚ ਵੰਡ ਲਈਏ 1. ਵਿਆਹ ਕਾਰਜ ਖੰਡ 2. ਸ਼ੁਭ ਸੰਦੇਸ਼ ਖੰਡ 3. ਯੱਗ (ਮਹੋਛਾ) ਆਦਿ ਖੰਡ 4. ਆਦਿ ਪੁਰੱਖ ਆਰਾਧਨਾ ਖੰਡ, ਆਦਿ। ਇਹਨਾਂ ਰੁਝੇਵਿਆਂ ਵਿੱਚ ਵੱਧ ਰਹੇ ਸੰਸਾਰ ਕੋਲ ਧਾਰਮਿਕ ਜਾਂ ਹੋਰ ਦੁੱਖ ਸੁੱਖ ਦੇ ਕਾਰਜਾਂ ਲਈ ਬਹੁਤਾ ਸਮਾਂ ਬੈਠਣ ਦਾ ਨਹੀਂ ਹੈ। ਇਸ ਦਾ ਉਹੀ ਖੰਡ ਪੜ੍ਹਿਆ ਜਾਵੇ ਜਿਸ ਦਾ ਸਬੰਧ ਉਸ ਕਾਰਜ ਨਾਲ ਹੋਵੇ। ਜਿਵੇਂ ਵਿਆਹ ਸ਼ਾਦੀ ਦੇ ਸਮੇਂ ਵਿਆਹ ਕਾਰਜ ਖੰਡ ਹੀ ਪੜ੍ਹਿਆ ਜਾਵੇ ਜਿਸ ਵਿੱਚ ਸਿਰਫ ਵਿਆਹ ਸਬੰਧੀ ਹੀ ਬਾਣੀ ਦਰਜ ਕੀਤੀ ਗਈ ਹੋਵੇ।

ਏਸੇ ਪ੍ਰਕਾਰ ਸੋਗ ਸੰਦੇਸ਼ ਖੰਡ ਦੀ ਬਾਣੀ ਹੀ ਪੜ੍ਹੀ ਜਾਵੇ ਜਿਸ ਵਿੱਚ ਮਨੁੱਖ ਦੇ ਸੰਸਾਸਰ ਤੋਂ ਜਾਣ ਦਾ ਭਾਵ ਆਵਾਗਮਨ ਦਾ ਹੀ ਵਰਨਣ ਹੋਵੇ। ਤੀਜੇ ਖੰਡ ਵਿੱਚ ਮਹੋਛਾ, ਯੱਗ, ਜਾਂ ਅੰਨ ਪਾਣੀ ਨਾਲ ਸਬੰਧਤ ਬਾਣੀ ਪੜ੍ਹ ਕੇ ਹੀ ਭੋਗ ਪਾ ਦਿੱਤਾ ਜਾਵੇ। ਚੌਥੇ ਖੰਡ ਵਿੱਚ ਉਹ ਬਾਣੀ ਹੋਵੇ ਜੋ ਆਦਿ ਪੁਰਖ ਦੇ ਸਿਮਰਨ ਦਾ ਸੰਦੇਸ਼ ਅਤੇ ਉਪਦੇਸ਼ ਦਿੰਦੀ ਹੋਵੇ। ਇਸ ਵਿੱਚ ਵਰਨਣ ਦੋਹਾਂ ਸੁਝਵਾਂ ਵਿੱਚੋਂ ਕੋਈ ਵੀ ਸੁਝਾਅ ਅਪਨਾ ਲਿਆ ਜਾਵੇ। ਕੋਈ ਹੋਰ ਚੰਗਾ ਸੁਝਾਓ ਵੀ ਅਪਨਾਇਆ ਜਾ ਸਕਦਾ ਹੈ।

ਗ੍ਰੰਥ ਕਿਵੇਂ ਬਣੇ- ਗ੍ਰੰਥ ਬਨਾਉਣਾ ਬੜਾ ਕਠਨ ਤੇ ਸੂਝ ਬੂਝ ਵਾਲਾ ਕਾਰਜ ਹੋਵੇਗਾ । ਨਾ ਤੇ ਇਹ ਥੋੜ੍ਹੈ ਸਮੇਂ ਵਿੱਚ ਤਿਆਰ ਕੀਤਾ ਜਾ ਸਕਦਾ ਹੈ ਤੇ ਨਾ ਹੀ ਇਸ ਨੂੰ ਇੱਕ ਇਕੱਲਾ ਬਣਾ ਸਕੇਗਾ। ਇਸ ਤੇ ਖਰਚ ਵੀ ਕਾਫੀ ਆਵੇਗਾ। ਆਦਿ ਸਮਾਜਿ ਦੇ ਅਵਤਾਰਾਂ, ਗੁਰੂਆਂ ਤੇ ਸੰਤਾਂ ਨੂੰ ਇਤਿਹਾਸ ਵਿੱਚਂ ਖੋਜਣ ਦਾ ਤੇ ਫਿਰ ਇਹਨਾਂ ਦੀ ਬਾਣੀ ਨੂੰ ਇਕ ਥਾਂ ਇਕੱਠਾ ਕਰਨ ਦਾ ਕੁੱਝ ਸਮਾਂ ਵੀ ਲਗੇਗਾ।

ਇਹ ਕੰਮ ਮਹੀਨਿਆਂ ਦਾ ਨਹੀਂ ਸਗੋਂ ਕਈ ਸਾਲਾਂ ਦਾ ਹੈ। ਕਿੰਨਾ ਸਮਾਂ ਲਗੇਗਾ ਇਹ ਇਸ ਗਲ ਤੇ ਨਿਰਭਰ ਕਰੇਗਾ ਕਿ ਇਸ ਦੇ ਕਰਿੰਦੇ ਕਿੰਨੀ ਲਗਨ ਤੇ ਫੁਰਤੀ ਨਾਲ ਕੰਮ ਕਰਦੇ ਹਨ। ਮਾਇਆ ਦਾ ਵੀ ਕੀ ਪ੍ਰਬੰਧ ਹੈ। ਫਿਰ ਵੀ ਸਾਲਾਂ ਦਾ ਲਗਣਾ ਨਿਸਚਿਤ ਹੀ ਹੋਵੇਗਾ। ਬਾਣੀ ਖੋਜਣੀ ਤੇ ਇਸ ਨੂੰ ਸਮਝਣਾਂ ਵੀ ਕਠਨ ਕਾਰਜ ਹੋਵੇਗਾ। ਇਹ ਕਿਸੇ ਇਕ ਇਕੱਲੇ ਦਾ ਕੰਮ ਨਹੀਂ। ਦੇਸ਼ ਦਾ ਭਰਮਣ ਕਰਕੇ ਬਾਣੀ ਖੋਜ ਕੇ ਇੱਕਤਰ ਕਰਨੀ ਪਵੇਗੀ। ਉਥੋਂ ਦੇ ਲੋਕਾਂ ਨਾਲ ਸੰਪਰਕ ਕਰਕੇ ਇਸ ਨੂੰ ਸਮਝਣਾ ਵੀ ਹੋਵੇਗਾ। ਇਹ ਕਿਸੇ ਇੱਕ ਦੇ ਕਰਨ ਦਾ ਕੰਮ ਨਹੀ ।ਇਸ ਵਿੱਚ ਬਹੁਤੇ ਹੱਥਾਂ ਤੇ ਅੱਖਾਂ ਦੀ ਲੋੜ ਪਵੇਗੀ ਜੋ ਵਿਦਵਾਨਾ, ਬੁੱਧੀਜੀਵੀਆਂ ਤੇ ਸਾਹਿਤਕਾਰਾਂ ਦੀਆਂ ਹੋਣਗੀਆਂ। ਇਕ ਬਹੁਤ ਸਾਰੇ ਪੁਸਤਕ ਭੰਡਾਰ ਦੀ ਵੀ ਲੋੜ ਹੋਵੇਗੀ। ਪ੍ਰਿੰਟਿੰਗ ਪ੍ਰੈਸ ਵੀ ਇਸ ਨੂੰ ਜ਼ਰੂਰੀ ਚਹੀਦੀ ਹੈ ਤੇ ਮੰਚਾਂ ਰਾਹੀਂ ਪ੍ਰਚਾਰ ਦੀ ਵੀ ਲੋੜ ਹੋਵੇਗੀ।

ਗ੍ਰੰਥ ਕੌਣ ਬਣਾਵੇ- ਇਤਿਹਾਸ ਦਸਦਾ ਹੈ ਕਿ ਪੰਜਾਬ ਦੀ ਧਰਤੀ ਤੇ ਬਹੁਤ ਸਾਰੀਆਂ ਰਚਨਾਵਾਂ ਕੀਤੀਆਂ ਗਈਆਂ ।ਉਦਾਹਰਣ ਲਈ ਵੈਦ ਪੰਜਾਬ ਦੀ ਧਰਤੀ ਤੇ ਹੀ ਰਚੇ ਗਏ। ਗੁਰੂ ਗ੍ਰੰਥ ਸਾਹਿਬ ਪੰਜਾਬ ਦੀ ਧਰਤੀ ਦੀ ਦੇਣ ਹੈ। ਪੰਜਾਬ ਸਾਹਿਤ ਪੱਖੋਂ ਹੀ ਨਹੀਂ ਯੁੱਧ ਪਖੋਂ ਵੀ ਭਾਰਤ ਦੇਸ਼ ਦੀ ਅਗਵਾਈ ਕਰਦਾ ਰਿਹਾ ਹੈ। ਨਵੇਂ ਆਦਿ ਸਮਾਜਿ ਗ੍ਰੰਥ ਦੀ ਰਚਨਾਂ ਕਰਕੇ ਪੰਜਾਬ ਇਤਿਹਾਸ ਵਿੱਚ ਇਕ ਹੋਰ ਮੀਲ ਪੱਥਰ ਗਡੇਗਾ ਤੇ ਨਾਮਣਾ ਖਟੇਗਾ। ਸੁਭਾਗ ਨਾਲ ਸਾਨੂੰ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਏ ਸੁਸਾਇਟੀ ਪੰਜਾਬ, ਮਿਲ ਗਈ ਹੈ। ਜਿਸ ਨੇ ਆਦਿ ਸਮਾਜਿ ਦੀ ਉਨਤੀ ਲਈ ਬੀੜਾ ਚੁਕਿਆ ਹੋਇਆ ਹੈ ਤੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਕਈ ਸ਼ਲਾਗਾਯੋਗ ਕਦਮ ਪੁੱਟੇ ਹਨ। ਇਸ ਸੰਸਥਾ ਦੇ ਹਰ ਇਕ ਸਤਿਕਾਰਯੋਗ ਸੰਤ ਜੀ ਮਹਾਰਾਜ ਬੜੇ ਦੂਰ ਅੰਦੇਸ਼, ਉਦਮੀ ਅਗਾਂਹ ਵਧੂ , ਦਿਆਲੂ ਤੇ ਪਰਉਪਕਾਰੀ ਹਨ। ਇਹ ਮਹਾਨ ਅਮਰ ਪਵਿੱਤਰ ਸ਼ੁੱਭ ਕਾਰਜ ਵੀ ਇਹਨਾ ਦੇ ਕਰ ਕਮਲਾਂ ਦੀ ਛੋਹ ਨਾਲ ਹੀ ਸੰਪੰਨ ਹੋ ਸਕਦਾ ਹੈ। ਸਾਨੂੰ ਇਨਾਂ ਤੇ ਪੂਰਾ ਪੂਰਾ ਮਾਣ ਵੀ ਹੈ ਤੇ ਭਰੋਸਾ ਵੀ ਤੇ ਆਸ਼ਾ ਵੀ ਕਿਉਂਕਿ ਸੰਤਜਨ ਹੀ ਇਤਿਹਾਸ ਨੂੰ ਮੋੜਾ ਦੇਣ ਦੀ ਸਮਰੱਥਾ ਰਖੱਦੇ ਹਨ।

ਗ੍ਰੰਥ ਦੇ ਸ਼ਿੰਗਾਰ ਕੌਣ ਕੌਣ?- ਇਸ ਗ੍ਰੰਥ ਵਿੱਚ ਕਿਹੜੇ ਕਿਹੜੇ ਲਾਲ ਰਤਨਾ ਦਾ ਜੁੜਾਓ ਕਰਨਾ ਹੈ ਮੁੱਖ ਤੌਰ ਤੇ ਇਹ ਇਤਿਹਾਸ ਦਸੇਗਾ ਜਾਂ ਇਸ ਪ੍ਰਥਾਏ ਬਣਾਈ ਕੋਈ ਸਭਾ ਸਮਿਤੀ ਨਿਰਣਾ ਕਰੇਗੀ । ਕੁੱਝ ਕੁ ਪਵਿੱਤਰ ਹਸਤੀਆਂ ਵੱਲ ਅਸੀਂ ਸੰਕੇਤ ਕਰਦੇ ਹਾਂ । (1) ਸ੍ਰੀ ਗੁਰੂ ਰਵਿਦਾਸ ਜੀ (2) ਸ੍ਰੀ ਗੁਰੂ ਕਬੀਰ ਜੀ (3) ਪ੍ਰੇਮ ਰੱਸ ਮਤਵਾਲੀ ਸੰਤ ਮੀਰਾ ਬਾਈ ਜੀ (4) ਸੰਤ ਚੋਖਾ ਮੇਲਾ ਜੀ (5) ਸੰਤ ਨਦ ਨਾਰ ਜੀ ਦੋਵੇਂ, ਅਛੂਤ ਕੌਣ, ਵਿਚੋਂ, (6) ਸੰਤ ਬ੍ਰਹਮ ਦਾਸ ਜੀ ਪੂਨਾ ਪੈਕਟ (7) ਸੰਤ ਸਰਵਣ ਦਾਸ ਜੀ ਬਲੱਾਂ (8) ਸੰਤ ਨਾਮਦੇਵ ਜੀ (9) ਸੰਤ ਸਧਨਾ ਜੀ(10) ਸੰਤ ਤੁਕਾ ਰਾਮ ਜੀ, (11) ਸੰਤ ਦਾਦੂ ਦਿਆਲ ਜੀ (12) ਸੰਤ ਪਲਟੂ ਦਾਸ ਜੀ (13) ਸੰਤ ਮਲੂਕ ਦਾਸ ਜੀ (14) ਸੰਤ ਦਯਾ ਬਾਈ ਜੀ ਸਾਰੇ ਰਵਿਦਾਸ ਦਰਸ਼ਨਃ (15) ਸੰਤ ਤਰਲੋਚਨ ਜੀ(16) ਸੰਤ ਨਾਭਾ ਦਾਸ ਜੀ (17) ਸੰਤ ਧਨਾ ਜੀ (18) ਸੰਤ ਹੀਰਾ ਦਾਸ ਰਵਿਦਾਸ ਦੀਪ (19) ਸੰਤ ਈਸ਼ਰ ਦਾਸ, ਆਦਿ ਪ੍ਰਕਾਸ਼ (20) ਹੋਰ ਵਿਚਾਰਾਂ ਨਾਲ ਸਹਿਮਤ ਸੰਤ।

ਇੱਕ ਪ੍ਰਾਥਨਾ- ਇਸ ਲਈ ਅਸੀਂ ਭਾਰਤ ਦੇ ਆਦਿ ਸਮਾਜਿ ਦੇ ਸੰਤਾਂ, ਮਹਾਂ ਪੁਰਖਾਂ, ਬੁੱਧੀਜੀਵਿਆਂ, ਵਿਦਵਾਨਾਂ ਤੇ ਸਾਹਿਤਕਾਰਾਂ ਨੂੰ ਤੇ ਵਿਸ਼ੇਸ਼ ਕਰਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ, ਪੰਜਾਬ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਹ ਮਹਾਨ, ਅਮਰ, ਪਸਵਿੱਤਰ ਤੇ ਸ਼ੁਭ ਕਾਰਜ ਆਪਣੇ ਕਰ ਕਮਲਾਂ ਵਿੱਚ ਲੈਣ ਤੇ ਬਾਕੀ ਸਭ ਕਾਰਜਾਂ ਵਾਂਗ ਇਸ ਕਾਰਜ ਨੂੰ ਵੀ ਨੇਪਰੇ ਚਾੜ੍ਹਨ।

ਸਾਧੂ ਸੰਪ੍ਰਦਾਇ ਦੇ ਇਸ ਕਾਰਜ ਕਰਨ ਨਾਲ ਸੰਪ੍ਰਦਾਇ ਦੀ ਗਿਣਤੀ ਕ੍ਰਾਂਤੀਕਾਰੀਆਂ ਤੇ ਜੁੱਗ ਪਲਟੂਆਂ ਵਿੱਚ ਗਿ

ਦਾਅਵੇ, ਜੋ ਸਮੇਂ ਨਾਲ ਦਮ ਤੋੜ ਗਏ!

ਜਸਵੰਤ ਸਿੰਘ 'ਅਜੀਤ'

ਲੰਬੇ ਚਲ ਰਹੇ ਲਾਕਡਾਊਨ ਨੇ ਮਨੁਖ ਨੂੰ ਘਰਾਂ ਵਿੱਚ ਬੰਦ ਕਰਕੇ ਰਖ ਦਿਤਾ ਹੈ। ਨਾ ਤੁਸੀਂ ਕਿਸੇ ਨੂੰ ਮਿਲਣ ਜਾ ਸਕਦੇ ਹੋ ਤੇ ਹੀ ਕੋਈ ਤੁਹਾਨੂੰ ਮਿਲਣ ਲਈ ਆ ਸਕਦਾ ਹੈ। ਇਸ ਇਕਲ ਵਿੱਚ ਜੀਵੀ ਜਾ ਰਹੀ ਜ਼ਿੰਦਗੀ ਵਿੱਚ ਜ਼ਰੂਰੀ ਹੈ ਕਿ ਦਿਮਾਗ ਵਿੱਚ ਪੁਰਾਣੀਆਂ ਯਾਦਾਂ ਦੀਆਂ ਪਰਤਾਂ ਇੱਕ-ਇੱਕ ਕਰ ਖੁਲ੍ਹ ਤੁਹਾਡੇ ਸਾਹਮਣੇ ਅਣ-ਦਿਖਦੇ ਪਰਦੇ ਪੁਰ ਸਜੀਵ ਹੋ ਕੇ ਨਚਣ ਲਗ ਪੈਣ। ਬਸ, ਇਹੋ ਗਲ ਮੇਰੇ ਨਾਲ ਹੋਈ। ਇਨ੍ਹਾਂ ਦਿਨਾਂ ਵਿੱਚ ਖੁਲ੍ਹ ਰਹੀਆਂ ਯਾਦਾਂ ਦੀ ਪਰਤਾਂ ਵਿੱਚੋਂ ਅੱਜ ਇੱਕ ਤੁਹਾਡੇ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਵਰ੍ਹਾ 2004, ਦਾ ਸੀ, ਜਿਸ ਵਿੱਚ ਸਿੱਖ ਜਗਤ ਵਲੋਂ ਤਿੰਨ ਸ਼ਤਾਬਦੀਆਂ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੰਜਵੀਂ ਅਵਤਾਰ ਸ਼ਤਾਬਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦੀ ਚੌਥੀ ਸ਼ਤਾਬਦੀ ਅਤੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ, ਮਨਾਈਆਂ ਗਈਆਂ ਸਨ। ਇਨ੍ਹਾਂ ਸ਼ਤਾਬਦੀਆਂ ਨੂੰ ਆਪਸੀ ਸਹਿਯੋਗ ਨਾਲ ਮੰਨਾਉਣ ਲਈ ਪ੍ਰੋਗਰਾਮਾਂ ਦੀ ਰੂਪ-ਰੇਖਾ ਉਲੀਕਣ ਵਾਸਤੇ, ਇਸੇ ਵਰ੍ਹੇ (੨੦੦੪) ਦੇ ਅਰੰਭ ਵਿੱਚ ਦਿੱਲੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਦੀ ਇਕ ਸਾਂਝੀ ਬੈਠਕ ਹੋਈ। ਇਸ ਬੈਠਕ ਵਿੱਚ ਸ਼੍ਰੋਮਣੀ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ, ਜਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸਕੱਤ੍ਰ ਸ. ਮਨਜੀਤ ਸਿੰਘ ਕਲਕੱਤਾ, (ਜੋ ਅੱਜ ਇਸ ਨਸ਼ਵਰ ਸੰਸਾਰ ਨੂੰ ਅਲਵਿਦਾ ਕਹਿ ਗਏ ਹੋਏ ਹਨ) ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਸ. ਪ੍ਰਹਿਲਾਦ ਸਿੰਘ ਚੰਢੋਕ (ਇਹ ਵੀ ਇਸ ਸੰਸਾਰ ਨੂੰ ਤਿਆਗ ਗਏ ਹੋਏ ਹਨ) ਅਤੇ ਜਨਰਲ ਸਕੱਤ੍ਰ ਸ. ਹਰਭਜਨ ਸਿੰਘ ਮਠਾਰੂ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਦੋਹਾਂ ਧਿਰਾਂ ਦੀਆਂ ਕੁਝ ਵਿਸ਼ੇਸ਼ ਪ੍ਰਮੁਖ ਸ਼ਖਸੀਅਤਾਂ ਨੇ ਵੀ ਇਸ ਬੈਠਕ ਵਿੱਚ ਹਿੱਸਾ ਲਿਆ ਸੀ।

ਇਸ ਬੈਠਕ ਵਿੱਚ ਦੋਹਾਂ ਧਿਰਾਂ ਵਲੋਂ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਦਿੱਤੇ ਗਏ ਸੁਝਾਵਾਂ ਦੇ ਆਧਾਰ ਤੇ ਪ੍ਰੋਗਰਾਮਾਂ ਦੀ ਜੋ ਰੂਪ-ਰੇਖਾ ਤਿਆਰ ਕੀਤੀ ਗਈ, ਉਸਦੀ ਜਾਣਕਾਰੀ ਦਿੰਦਿਆਂ ਸ. ਮਨਜੀਤ ਸਿੰਘ ਕਲਕੱਤਾ ਨੇ ਦਸਿਆ ਕਿ ਜਿਵੇਂ ਕਿ 1975 ਵਿੱਚ ਸਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ, ਦੋਹਾਂ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਆਪਸੀ ਸਹਿਯੋਗ ਨਾਲ ਮਨਾਈ ਸੀ, ਉਸੇ ਤਰ੍ਹਾਂ ਹੀ ਇਹ ਤਿੰਨੇ ਸ਼ਤਾਬਦੀਆਂ ਵੀ ਉਨ੍ਹਾਂ ਵਲੋਂ ਮਿਲ-ਜੁਲ ਕੇ ਆਪਸੀ ਸਹਿਯੋਗ ਨਾਲ ਮਨਾਈਆਂ ਜਾਣਗੀਆਂ।

ਸ. ਮਨਜੀਤ ਸਿੰਘ ਕਲਕੱਤਾ ਨੇ ਦਸਿਆ ਕਿ ਇਸ ਸਬੰਧੀ ਹੋਈ ਸਾਂਝੀ ਬੈਠਕ ਵਿੱਚ ਪ੍ਰੋਗਰਾਮਾਂ ਦੀ ਜੋ ਰੂਪ-ਰੇਖਾ ਉਲੀਕੀ ਗਈ ਹੈ, ਉਸ ਅਨੁਸਾਰ ਇਕ ਤਾਂ ਕਰਤਾਰਪੁਰ ਸਾਹਿਬ ਤੋਂ ਖਡੂਰ ਸਾਹਿਬ ਤਕ ਚੇਤਨਾ ਮਾਰਚ ਦਾ ਆਯੋਜਨ ਕੀਤਾ ਜਾਇਗਾ। ਇਸਤੋਂ ਬਿਨਾਂ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀਆਂ ਕੈਸਿਟਾਂ ਤਿਆਰ ਕਰਵਾ ਕੇ ਵੰਡੀਆਂ ਜਾਣਗੀਆਂ। ਗੁਰੂ ਸਾਹਿਬ ਦੇ ਜੀਵਨ, ਕਾਰਜਾਂ ਅਤੇ ਬਾਣੀ ਪੁਰ ਅਧਾਰਤ ਪੰਜ ਸੈਮੀਨਾਰ ਆਯੋਜਿਤ ਕਰਨ ਦੇ ਨਾਲ ਹੀ ਇਸ ਸਬੰਧ ਵਿੱਚ ਪੰਜ ਪੁਸਤਕਾਂ ਵੀ ਛਾਪੀਆਂ ਜਾਣਗੀਆਂ।

ਉਨ੍ਹਾਂ ਹੋਰ ਦਸਿਆ ਕਿ ਇਸ ਮੌਕੇ ਤੇ ਪੰਜ ਸੌ ਨੌਜਵਾਨਾਂ ਦਾ ਇਕ ਜਥਾ ਤਿੱਆਰ ਕੀਤਾ ਜਾਇਗਾ, ਜਿਸਦੇ ਮੈਂਬਰ ਗਰੁਪਾਂ ਦੇ ਰੂਪ ਵਿੱਚ ਪਿੰਡ-ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਨਗੇ। ਸਿੱਖ ਧਰਮ ਅਤੇ ਇਤਿਹਾਸ ਨਾਲ ਸਬੰਧਤ ਫਿਲਮਾਂ ਵਿਖਾ ਕੇ ਨੌਜਵਾਨਾਂ ਨੂੰ ਸਿੱਖੀ ਵਿਰਸੇ ਨਾਲ ਜੁੜੇ ਰਹਿਣ ਲਈ ਉਤਸਾਹਿਤ ਕਰਨਗੇ ਅਤੇ ਵਿਰਸੇ ਨਾਲੋਂ ਟੁੱਟ ਚੁਕਿਆਂ ਨੂੰ ਪ੍ਰੇਰ ਕੇ ਮੁੜ ਵਿਰਸੇ ਨਾਲ ਜੋੜਨਗੇ।

ਸ. ਕਲਕੱਤਾ ਨੇ ਦਸਿਆ ਜਿਨ੍ਹਾਂ ਹੋਰ ਪ੍ਰੋਗਰਾਮਾਂ ਬਾਰੇ ਸਹਿਮਤੀ ਹੋਈ, ਉਨ੍ਹਾਂ ਅਨੁਸਾਰ ਸਾਰੇ ਖਾਲਸਾ ਸਕੂਲਾਂ ਅਤੇ ਖਾਲਸਾ ਕਾਲਜਾਂ ਵਿੱਚ ਗੁਰਮਤਿ ਕੇਂਦਰ ਸਥਾਪਤ ਕੀਤੇ ਜਾਣਗੇ ਅਤੇ ਸਿੱਖ ਇਤਿਹਾਸ ਅਤੇ ਧਰਮ ਨਾਲ ਸਬੰਧਤ ਸੀਰੀਅਲ ਤਿਆਰ ਕਰਵਾ ਕੇ ਵੱਖ-ਵੱਖ ਟੀਵੀ ਚੈਨਲਾਂ ਪੁਰ ਪ੍ਰਸਾਰਤ ਕਰਵਾਏ ਜਾਣਗੇ, ਤਾਂ ਜੋ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਤੇ ਸਿੱਖਾਂ ਵਲੋਂ ਮਾਨਵਤਾ ਦੀਆਂ ਕਦਰਾਂ-ਕੀਮਤਾਂ ਦੀ ਰਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਤੋਂ ਸਾਰਾ ਸੰਸਾਰ ਜਾਣੂ ਹੋ ਸਕੇ ਅਤੇ ਵਿਸ਼ਵ-ਭਰ ਵਿੱਚ ਸਿੱਖਾਂ ਦਾ ਮਾਣ-ਸਤਿਕਾਰ ਵੱਧ ਸਕੇ। ਇਸਤੋਂ ਬਿਨਾਂ ਇਹ ਫੈਸਲਾ ਵੀ ਕੀਤਾ ਗਿਆ ਕਿ ਸੰਸਾਰ ਭਰ ਦੀਆਂ ਸਿੱਖ ਜਥੇਬੰਦੀਆਂ,- ਸਿੰਘ ਸਭਾਵਾਂ, ਸੋਸਾਇਟੀਆਂ ਆਦਿ ਦਾ ਸਹਿਯੋਗ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸਬੰਧ ਵਿੱਚ ਸਮਾਗਮਾਂ ਅਤੇ ਸੈਮੀਨਾਰਾਂ ਦਾ ਆਯੋਜਨ ਕਰ ਉਸਦੇ ਸਰਬ-ਸਾਂਝੇ ਸੰਦੇਸ਼ ਨੂੰ ਸੰਸਾਰ ਭਰ ਵਿੱਚ ਪ੍ਰਚਾਰਨ ਤੇ ਪਹੁੰਚਾਣ ਦੇ ਉਪਰਾਲੇ ਕੀਤੇ ਜਾਣਗੇ।

ਉਨ੍ਹਾਂ ਦਸਿਆ ਕਿ ਇਸਤੋਂ ਇਲਾਵਾ ਦਸ ਹਜ਼ਾਰ ਸਿੱਖ ਨੌਜਵਾਨਾਂ ਦਾ ਇਕ ਇਕੱਠ ਕਰਕੇ ਉਨ੍ਹਾਂ ਨੂੰ ਸਿੱਖੀ ਰਹਿਤ, ਬਾਣੀ ਅਤੇ ਬਾਣੇ ਦੀ ਮਹਤੱਤਾ ਅਤੇ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾਇਆ ਜਾਇਗਾ। ਸ੍ਰੀ ਅਨੰਦਪੁਰ ਸਾਹਿਬ ਵਿਖੇ ਬੀਬੀਆਂ, ਜਿਨ੍ਹਾਂ ਨੇ ਭਵਿਖ ਦੀ ਪੀੜੀ ਦੀ ਸੰਭਾਲ ਕਰਨੀ ਹੈ ਅਤੇ ਲੜਕਿਆਂ ਜਿਨ੍ਹਾਂ ਨੇ ਭਵਿਖ ਦਾ ਵਾਰਸ ਬਣਨਾ ਹੈ, ਦੇ ਗੁਰਮਤਿ ਕੈਂਪ ਲਾਏ ਜਾਣਗੇ। ਸੰਗਤਾਂ ਨੂੰ ਹਰ ਮਹੀਨੇ ਦੀ ਪੰਜ ਤਾਰੀਖ ਨੂੰ ਅਨੰਦਪੁਰ ਸਾਹਿਬ ਤੋਂ ਪਰਿਵਾਰ ਵਿਛੋੜੇ, ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੀ ਯਾਤਰਾ ਕਰਵਾਉਣ ਅਤੇ ਉਥੋਂ ਦੇ ਇਤਿਹਾਸ ਬਾਰੇ ਜਾਣਕਾਰੀ ਉਪਲਬੱਧ ਕਰਵਾਉਣ ਦੇ ਪ੍ਰਬੰਧ ਕੀਤੇ ਜਾਣਗੇ।

ਉਸ ਬੈਠਕ ਵਿੱਚ ਕੁਝ ਹੋਰ ਵੀ ਪ੍ਰੋਗਰਾਮ ਉਲੀਕੇ ਗਏ, ਜਿਨ੍ਹਾਂ ਅਨੁਸਾਰ ਦਿੱਲੀ, ਮੁੰਬਈ, ਕਲਕੱਤਾ ਅਤੇ ਨਾਗਪੁਰ ਤੋਂ ਇਲਾਵਾ ਵਿਦੇਸ਼ਾਂ ਵਿੱਚ ਅਜਿਹੇ ਗੁਰਮਤਿ ਸਮਾਗਮ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਦਾ ਵਾਤਾਵਰਣ ਪੂਰਣ ਰੂਪ ਸਿੱਖੀ ਦਾ ਸਿਰਜਿਆ ਗਿਆ ਹੋਵੇਗਾ। ਦੇਸ ਦੇ ਵੱਖ-ਵੱਖ ਹਿਸਿਆਂ ਵਿੱਚ ਵਸ ਰਹੇ ਅਤੇ ਅਣਗੋਲੇ ਕੀਤੇ ਗਏ ਹੋਏ, ਗੁਰੂ ਨਾਨਕ ਨਾਮ ਲੇਵਾਵਾਂ ਨੂੰ ਪੰਥ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣਗੇ ਅਤੇ ਬਾਣੀ ਦੇ ਸ਼ੁਧ ਉਚਾਰਣ ਦੀ ਸਿਖਿਆ ਦੇਣ ਦੇ ਵਿਸ਼ੇਸ਼ ਉਪਰਾਲੇ ਹੋਣਗੇ।

ਡਾ. ਜਸਪਾਲ ਸਿੰਘ (ਵਰਤਮਾਨ ਸਾਬਕਾ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ) ਵਲੋਂ ਦਿਤੇ ਗਏ ਸੁਝਾਵ ਅਨੁਸਾਰ ਦੋ-ਪੜਾਵੀ, ਘਟ ਸਮੇਂ ਦੇ ਅਤੇ ਲੰਮੇਂ ਸਮੇਂ ਦੇ ਵੱਖ-ਵੱਖ ਪ੍ਰੋਗਰਾਮ ਉਲੀਕਣ ਦਾ ਫੈਸਲਾ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਤਾਬਦੀਆਂ ਦੀ ਗਲ ਕੇਵਲ ਗੁਰਮੁਖੀ ਵਿੱਚ ਹੀ ਨਾ ਹੋਵੇ। ਬਾਣੀ ਦੇ ਸੰਦੇਸ਼ ਨੂੰ ਸਰਬ-ਵਿਆਪੀ ਬਣਾਉਣ ਲਈ ਸੰਸਾਰ ਦੀਆਂ ਹੋਰ ਭਾਸ਼ਾਵਾਂ ਵਿੱਚ ਵੀ, ਉਸਨੂੰ ਭਾਵ-ਅਰਥਾਂ ਸਹਿਤ ਛਾਪ ਕੇ ਵੰਡਿਆ ਜਾਏ। ਇਸੇ ਉਦੇਸ਼ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਂ ਤੇ ਸਕੂਲ ਆਫ ਲੈਗੁਏਜੇਜ਼ ਦੀ ਵੀ ਸਥਾਪਨਾ ਕੀਤੀ ਜਾਏ। ਉਨ੍ਹਾਂ ਇਹ ਸੁਝਾਉ ਵੀ ਦਿੱਤਾ ਕਿ ਸਾਹਿਬਜ਼ਾਦਿਆਂ ਦੇ ਨਾਂ ਤੇ ਚਾਰ ਸਕੂਲ ਕਾਇਮ ਕੀਤੇ ਜਾਣ ਅਤੇ ਮਾਤਾ ਗੁਜਰੀ ਜੀ ਦੇ ਨਾਂ ਤੇ ਇਕ ਅਜਿਹੀ ਇੰਸਟੀਚਿਊਟ ਕਾਇਮ ਕੀਤੀ ਜਾਏ, ਜਿਸ ਰਾਹੀਂ 'ਸਿੱਖ ਧਰਮ ਵਿੱਚ ਇਸਤ੍ਰੀ ਦੇ ਸਥਾਨ' ਦੇ ਸੰਦੇਸ਼ ਨੂੰ ਸੰਸਾਰ ਭਰ ਵਿੱਚ ਪ੍ਰਚਾਰਿਆ ਜਾ ਸਕੇ। ਇਹ ਵੀ ਕਿਹਾ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਕ 'ਇੰਟਰ ਫੇਥ' ਸੰਸਥਾ ਦੀ ਸਥਾਪਨਾ ਕੀਤੀ ਜਾਏ। ਖਾਲਸਾ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕਾਂ ਦੇ ੧੫-੧੫ ਦਿਨਾਂ ਕੈਂਪ ਲਾਏ ਜਾਣ, ਜਿਨ੍ਹਾਂ ਵਿੱਚ ਸਿੱਖੀ ਜੀਵਨ ਜਾਚ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਬਾਰੇ ਜਾਣਕਾਰੀ ਦਿਤੀ ਜਾਏ। ਇਨ੍ਹਾਂ ਸਾਰੇ ਫੈਸਲਿਆਂ ਅਤੇ ਉਲੀਕੇ ਗਏ ਪ੍ਰੋਗਰਾਮਾਂ ਪੁਰ ਅਮਲ ਕਰਨ ਲਈ ਵੱਖ-ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਵੀ ਕੀਤਾ ਗਿਆ, ਜਿਨ੍ਹਾਂ ਦਾ ਕੇਂਦਰੀ ਕਮੇਟੀ ਦੇ ਨਾਲ ਸੰਪਰਕ ਕਾਇਮ ਰਹੇਗਾ।

ਇਸ ਮੌਕੇ ਤੇ ਜ. ਗੁਰਚਰਨ ਸਿੰਘ ਟੌਹੜਾ, ਜੋ ਬੈਠਕ ਦੀ ਪ੍ਰਧਾਨਗੀ ਕਰ ਰਹੇ ਸਨ, ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖੀ ਨੂੰ ਕੇਵਲ ਬਾਹਰੋਂ ਵਿਰੋਧੀਆਂ ਤੋਂ ਹੀ ਨਹੀਂ. ਸਗੋਂ ਅੰਦਰੋਂ ਆਪਣਿਆਂ ਵਲੋਂ ਵੀ ਚੁਨੌਤੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ, ਜਿਥੇ ਕਿ ਸਿੱਖੀ ਦੀਆਂ ਜੜਾਂ ਹਨ, ਵਿੱਚ ਹੀ ਸਿੱਖੀ ਨੂੰ ਢਾਹ ਲਗ ਰਹੀ ਹੈ।

ਉਨ੍ਹਾਂ ਸਵੀਕਾਰ ਕੀਤਾ ਕਿ ਜਿਨ੍ਹਾਂ ਨੇ ਸਿੱਖੀ ਪ੍ਰਤੀ ਵਚਨਬੱਧਤਾ ਨਿਭਾਹੁਣੀ ਸੀ, ਉਨ੍ਹਾਂ ਦੇ ਹੀ ਬੱਚੇ ਪਤਿਤ ਹੋ ਗਏ ਹਨ। ਉਨ੍ਹਾਂ ਦਸਿਆ ਕਿ ਸਿੱਖੀ ਦੀ ਭਾਵਨਾ ਤਾਂ ਹੈ, ਪ੍ਰੰਤੂ ਦਾੜ੍ਹੀ ਕੇਸ ਨਹੀਂ ਹਨ, ਜੋ ਕਿ ਬਹੁਤ ਚਿੰਤਾ ਦੀ ਗਲ ਹੈ। ਉਨ੍ਹਾਂ ਇਹ ਵੀ ਮੰਨਿਆ ਕਿ ਵਿਦਿਆਰਥੀਆਂ ਰਾਹੀਂ ਹੀ ਪਤਿਤ-ਪੁਣੇ ਵਿਰੁਧ ਲਹਿਰ ਪੈਦਾ ਕਰ ਕੇ ਇਸਨੂੰ ਠਲ੍ਹ ਪਾਈ ਜਾ ਸਕਦੀ ਹੈ।

ਅਤੇ ਅੰਤ ਵਿੱਚ: ਇਨ੍ਹਾਂ ਕੀਤੇ ਗਏ ਫੈਸਲਿਆਂ ਪੁਰ ਕਿਤਨਾ-ਕੁ ਅਮਲ ਹੋਇਆ ਇਹ ਤਾਂ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਮੁੱਖੀ ਹੀ ਦਸ ਸਕਦੇ ਹਨ। ਪਰ ਇਤਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਜੇ ਇਨ੍ਹਾਂ ਫੈਸਲਿਆਂ ਪੁਰ ਇਮਾਨਦਾਰੀ ਨਾਲ ਅਮਲ ਕੀਤਾ ਜਾਂਦਾ ਤਾਂ ਅੱਜ ਪੰਜਾਬ ਵਿੱਚ ਸਿੱਖੀ ਨਾਲੋਂ ਟੁੱਟਦੇ ਜਾ ਰਹੇ ਨੌਜਵਾਨਾਂ ਦੀਆਂ ਜੋ ਡਾਰਾਂ ਵੇਖਣ ਨੂੰ ਮਿਲ ਰਹੀਆਂ ਹਨ, ਉਹ ਨਾ ਮਿਲਦੀਆਂ ਅਤੇ ਨਾ ਹੀ ਇਸਦੀ ਹਵਾ ਪੰਜਾਬੋਂ ਬਾਹਰ ਵਲ ਵਧਣੀ ਸ਼ੁਰੂ ਹੋ ਸਕਦੀ।

ਪੰਜਾਬ ਦੇ ਸਹਿਕਾਰਤਾ ਵਿਭਾਗ ਦਾ "ਮਾਈ ਭਾਗੋ ਇਸਤਰੀ ਸ਼ਸਕਤੀਕਰਨ" ਉਦਮ

ਘਰਾਂ ਚ ਲਾਕਡਾਊਨ ਔਰਤਾਂ ਨੂੰ ਮਿਲਿਆ ਮਾਸਕ ਅਤੇ ਸੈਨੇਟਾਈਜਰ ਉਤਪਾਦਨ ਦਾ ਕੰਮ

ਪੰਜਾਬ ਦਾ ਸਹਿਕਾਰਤਾ ਵਿਭਾਗ ਪੰਜਾਬ ਦੇ ਸਹਿਕਾਰੀ ਮੈਬਰ ਕਿਸਾਨਾਂ ਦੀ ਬੇਹਤਰੀ ਲਈ ਯਤਨਸ਼ੀਲ ਹੈ। ਸਹਿਕਾਰੀ ਵਿਭਾਗ ਦੀ ਰਹਿਨੁਮਾਈ ਚ ਕੰਮ ਕਰਦੀਆਂ ਵੱਖ ਵੱਖ ਅਪੈਕਸ ਸਿਖਰ ਸਭਾਵਾਂ ਜਿਵੇਂ ਮਿਲਕਫੈਡ, ਮਾਰਕਫੈਡ, ਸਹਿਕਾਰੀ ਬੈਂਕ, ਪਨਕੋਫੈਡ ਆਦਿ ਅਦਾਰਿਆਂ ਰਾਹੀਂ ਕਿਸਾਨਾਂ ਅਤੇ ਗਾਹਕਾਂ ਦੀ ਸੇਵਾ ਦੇ ਨਾਲ ਨਾਲ ਘਰੇਲੂ ਸੁਆਣੀਆਂ ਲਈ ਰੋਜਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਦੇਂ ਹਨ। ਵਿਭਾਗ ਦੁਆਰਾ ਪਿੰਡ ਪੱਧਰ ਤੇ ਕਿਸਾਨ ਬੀਬੀਆਂ ਅਤੇ ਸੁਆਣੀਆਂ ਨੂੰ ਰੋਜਗਾਰ ਮੁਹੱਈਆ ਕਰਵਾਉਣ ਲਈ ਪਿੰਡ ਪੱਧਰ ਤੇ ਕੀਤੇ ਜਾਣ ਵਾਲੇ ਕੰਮਾਂ ਲ਼ਈ ਬਕਾਇਦਾ ਸਿਖਲਾਈ ਦਿੱਤੀ ਜਾਂਦੀ ਹੈ। ਪਿੰਡ ਪੱਧਰ ਤੇ ਤਿਆਰ ਕੀਤੇ ਵੱਖ ਵੱਖ ਸਾਮਾਨ ਦੀ ਵਿਕਰੀ ਲਈ ਵੀ ਪ੍ਰਬੰਧ ਕੀਤਾ ਜਾਂਦਾ ਹੈ। ਕੋਵਿਡ -19 ਦੀ ਮਹਾਂਮਾਰੀ ਦੌਰਾਨ ਜਿੱਥੇ ਸਹਿਕਾਰਤਾ ਵਿਭਾਗ ਦੀਆਂ ਸਮੂਹ ਸੰਸਥਾਵਾਂ ਦੁਆਰਾ ਦਿਨ ਰਾਤ ਜਰੂਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਰਹੀਆਂ, ਉਥੇ ਵਿਭਾਗ ਦੁਆਰਾ ਕੋਵਿਡ ਸਮੇਂ ਦੇ ਦੌਰਾਨ ਮਾਸਕਾਂ ਅਤੇ ਸੈਨੀਟਾਈਜਰ ਦੀ ਕਮੀ ਦੇ ਕਾਰਨ ਵਧਦੀਆਂ ਕੀਮਤਾਂ ਨੂੰ ਰੋਕਣ ਲਈ ਕੀਤਾ ਇੱਕ ਹੋਰ ਉਪਰਾਲਾ ਵੀ ਸਲਾਘਾਯੋਗ ਹੈ। ਇਸ ਉਪਰਾਲੇ ਤਹਿਤ ਲਾਕਡਾਊਨ ਦੇ ਸਮੇਂ ਘਰਾਂ ਵਿੱਚ ਬੰਦ ਸੁਆਣੀਆਂ ਨੂੰ ਸਿੱਖਿਅਤ ਕਰਕੇ ਮਾਸਕਾਂ ਅਤੇ ਸੈਨੀਟਾਈਜਰ ਦੇ ਉਤਪਾਦਨ ਲਈ ਲਾਇਆ ਗਿਆ। ਇਸ ਕੰਮ ਨਾਲ ਜਿੱਥੇ ਬਾਹਰ ਨਿਕਲਣ ਦੀ ਬਜਾਇ ਸੁਆਣੀਆਂ ਨੂੰ ਘਰ ਬੈਠ ਕੇ ਰੋਜਗਾਰ ਦੇ ਸਾਧਨ ਪੈਦਾ ਕੀਤੇ ਗਏ, ਉਥੇ ਸਹਿਕਾਰੀ ਸੰਸਥਾਵਾਂ ਤੋਂ ਬਿਨਾਂ ਦੂਸਰੇ ਸਰਕਾਰੀ ਵਿਭਾਗਾਂ ਨੂੰ ਸਸਤੇ ਰੇਟ ਤੇ ਕੱਪੜੇ ਦੇ ਤਿਆਰ ਕੀਤੇ ਵਧੀਆ ਕੁਆਲਿਟੀ ਦੇ ਮਾਸਕ ਉਪਲੱਬਧ ਹੋ ਸਕੇ। ਸਹਿਕਾਰਤਾ ਵਿਭਾਗ ਪੰਜਾਬ ਦੀ ਵਧੀਕ ਰਜਿਸਟਰਾਰ ਸ਼੍ਰੀਮਤੀ ਨਿਸ਼ਾ ਰਾਣਾ ਨੇ ਦੱਸਿਆ ਕਿ ਇਸ ਮਹਾਂਮਾਰੀ ਮੌਕੇ ਇਸ ਵਿਸ਼ੇਸ ਕੰਮ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਦੇ ਰਜਿਸਟਰਾਰ ਸਹਿਕਾਰੀ ਸਭਾਵਾਂ ਸ੍ਰੀ ਵਿਕਾਸ ਗਰਗ ਦੁਆਰਾ ਇਹ ਕੰਮ ਸਹਿਕਾਰੀ ਵਿਭਾਗ ਦੀ "ਮਾਈ ਭਾਗੋ ਇਸਤਰੀ ਸ਼ਸਕਤੀਕਰਨ ਸਕੀਮ" ਤਹਿਤ ਚੱਲ ਰਹੇ ਔਰਤਾਂ ਦੇ ਸਵੈ ਸਹਾਇਤਾ ਸਮੂਹਾਂ ਤੋਂ ਕਰਵਾਉਣ ਲਈ ਕਿਹਾ ਗਿਆ । ਵਿਭਾਗ ਦੁਆਰਾ ਇਸ ਕੰਮ ਲਈ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਵਿੱਚ 15 ਸਵੈ ਸਹਾਇਤਾ ਗਰੁੱਪਾਂ ਨੂੰ ਚੁਣਿਆ ਗਿਆ । ਇਸ ਕੰਮ ਲਈ ਲਗਾਏ ਗਏ ਮਹਿਲਾ ਗਰੁੱਪਾਂ ਵਿੱਚ ਲੁਧਿਆਣਾ ਦੇ ਚਾਰ ਗੁਰੂ ਅਰਜਨ ਦੇਵ ਜੀ, ਗਲੋਬਲ,

ਕਰੋਨਾ ਮਹਾਂਮਾਰੀ ਅਤੇ ਭਾਰਤੀ ਮਜ਼ਦੂਰਾਂ ਦੀ ਤ੍ਰਾਸਦੀ

ਐਸ ਐਲ ਵਿਰਦੀ
ਐਡਵੋਕੇਟ
91-98145 17499

ਕਰੋਨਾ ਮਹਾਂਮਾਰੀ ਕਾਰਨ ਬੰਦ ਹੋਈਆਂ ਕਰੋੜਾਂ ਉਦਯੋਗਿਕ ਇਕਾਈਆਂ ਦੇ ਬੇਰੋਜ਼ਗਾਰ ਹੋਏ ਕਰੋੜਾਂ ਮਜ਼ਦੂਰ ਭਾਰਤ ਦੀਆਂ ਸੜਕਾਂ ਉਤੇ ਖੱਜਲ-ਖੁਆਰ ਹੋ ਰਹੇ ਹਨ। ਭੁੱਖੇ-ਪਿਆਸੇ ਬੱਚੇ ਵਿਲਕ ਰਹੇ ਹਨ। ਔਰਤਾਂ ਦਾ ਰੋ ਰੋ ਕੇ ਬੁਰਾ ਹਾਲ ਹੈ। ਬੱਚੇ, ਬੁੱਢੇ, ਅਪੰਗ ਗੱਠੜੀਆਂ ਵਿਚ ਬੰਨ੍ਹਕੇ ਘਨੇੜੀਆਂ, ਸਾਈਕਲਾਂ, ਟੈਚੀਆਂ ਤੇ ਰੇਖੇ ਹੋਏ ਹਨ। ਘਰ ਦਾ ਛੋਟਾ ਛੋਟਾ ਸਮਾਨ ਉਹ ਸਿਰਾਂ 'ਤੇ ਚੁੱਕੀ ਫਿਰਦੇ ਹਨ। ਲਗਾਤਾਰ ਮੀਲਾਂ ਵੱਧੀ ਰਾਤ-ਦਿਨ ਤੁਰਨ ਕਾਰਨ ਮਜ਼ਦੂਰਾਂ ਦੇ ਪੈਰ ਲਹੂ-ਲੁਹਾਣ ਹਨ। ਸੜਕਾਂ ਉਤੇ ਉਹਨਾਂ ਦੇ ਐਕਸੀਡੈਂਟ ਹੋ ਰਹੇ ਹਨ। ਸੈਂਕੜੇ ਮਜ਼ਦੂਰ ਸੜਕਾਂ 'ਤੇ ਕੁਚਲੇ ਜਾ ਚੁੱਕੇ ਹਨ। ਪਲਿਸ ਤਸ਼ੱਦਦ ਤੋਂ ਬਚਣ ਲਈ ਮਜ਼ਦੂਰਾਂ ਰੇਲ ਲਾਈਨਾਂ ਉਤੇ ਚਲਦੇ ਮਾਰੇ ਜਾ ਰਹੇ ਹਨ। ਮਜ਼ਦੂਰਾਂ ਨਾਲ ਬਦਸਲੂਕੀ ਤੇ ਪਲਿਸ ਤਸ਼ੱਦਦ ਸ਼ਰੇਆਮ ਹੋ ਰਿਹਾ ਹੈ। ਸਰਕਾਰਾਂ ਵਲ੍ਹੋਂ ਮਜ਼ਦੂਰਾਂ ਦੇ ਘਰ ਵਾਪਸੀ ਲਈ ਲੁੜੀਦੇ ਆਵਾਜਾਈ ਦੋ ਸਾਧਨ ਨਹੀ ਜੁਟਾਏ ਜਾ ਰਹੇ। ਉਹਨਾਂ ਨੂੰ ਕਈ ਕਈ ਦਿਨ ਬੱਸ ਸਟੈਂਡਾ, ਰੇਲਵੇ ਸਟੇਸ਼ਨਾਂ 'ਤੇ ਕਦੇ ਇੱਧਰ, ਕਦੇ ਉਧਰ ਘੁਮਾ ਘੁਮਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਰੋਜ਼ਾਨਾ ਕਮਾਉਣ ਵਾਲੇ ਦਿਹਾੜੀਦਾਰ, ਮਿਸਤਰੀ, ਰਿਕਸ਼ੇ ਵਾਲੇ, ਥ੍ਰੀਵੀਲਰ ਵਾਲੇ, ਟੈਕਸੀ ਵਾਲੇ, ਡਰਾਈਵਰ, ਕੰਨਡਾਕਟਰ, ਰੇਹੜੀ-ਫੜੀ ਵਾਲੇ, ਫੇਰੀ ਵਾਲੇ, ਛੋਟੇ ਦੁਕਾਨਦਾਰ ਲਾਕਡਾਉਨ ਕਾਰਨ ਵਿਹਲੇ ਬੈਠੇ ਹਨ। ਉਹ ਪੈਸੇ ਪੈਸੇ ਲਈ ਤਰਸ ਰਹੇ ਹਨ ਤੇ ਪਿੰਡਾਂ-ਸ਼ਹਿਰਾਂ ਵਿਚ ਸਮਾਜ ਸੇਵੀ ਸੰਸਥਾਵਾਂ ਵਲ੍ਹੋਂ ਚਲਾਏ ਜਾ ਰਹੇ ਲੰਗਰਾਂ ਸਹਾਰੇ ਦਿਨ ਕਟੀ ਕਰ ਰਹੇ ਹਨ।

ਕਰੋਨਾ ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਕੇਦਰ ਸਰਕਾਰ ਨੇ 20 ਲੱਖ ਕਰੋੜ ਦਾ ਪੈਕਜ਼ ਤਾਂ ਦਿੱਤਾ, ਪਰ ਉਹ ਅਗਾਂਓ ਤਰੀਕ ਵਾਲਾ ਚੈਕ ਸਾਬਤ ਹੋ ਰਿਹਾ। ਹੋ ਸਕਦਾ ਕਰੋਨਾ ਦੀ ਆੜ ਵਿਚ ਸਰਮਾਏਦਾਰਾਂ ਨੂੰ ਲਾਭ ਹੋ ਜਾਵੇ ਕਿਉਕਿ ਕੇਦਰ ਤੇ ਕਈ ਰਾਜ ਸਰਕਾਰਾਂ ਮਜ਼ਦੂਰਾਂ ਲਈ ਸੁਰੱਖਿਤ ਕਨੂੰਨਾਂ ਨੂੰ ਪ੍ਰਭਾਵਹੀਣ ਕਰਨ ਲਈ ਬਦਲਾ ਕਰ ਰਹੀਆ ਹਨ। ਕੰਮ ਦੇ ਘੰਟੇ 8 ਤੋਂ ਵਧਾਕੇ 12 ਕੀਤੇ ਜਾ ਰਹੇ ਹਨ। ਪਾਰਟੀ ਸੱਤਾਧਾਰੀ ਹੋਵੇ ਜਾਂ ਵਿਰੋਧੀ ਧਿਰ ਦੋਵੇ ਵੋਟ ਰਾਜਨੀਤੀ ਕਰ ਰਹੀਆਂ ਹਨ। ਕੇਦਰ ਤੇ ਰਾਜ ਸਰਕਾਰਾਂ ਮਜ਼ਦੂਰਾਂ ਦੇ ਖਾਣ-ਪੀਣ, ਰਹਿਣ ਦੇ ਯੋਗ ਪ੍ਰਬੰਧ ਕਰਨ ਵਿਚ ਫੇਲ੍ਹ ਹੋਈਆਂ ਹਨ।

ਕਾਰਲ ਮਾਰਕਸ ਨੂੰ ਮਜ਼ਦੂਰਾਂ ਦਾ ਮਸੀਹਾ ਮੰਨਿਆ ਗਿਆ ਹੈ। ਮਾਰਕਸ ਇੱਕ ਮਹਾਨ ਦਾਰਸ਼ਨਿਕ, ਉਚ-ਕੋਟੀ ਦੇ ਵਿਦਵਾਨ ਅਤੇ ਸਮਾਜਵਾਦੀ ਸਾਹਿਤ ਦੇ ਰਚਣਹਾਰੇ ਸਨ। ਮਜ਼ਦੂਰਾਂ ਦੀ ਸੁੱਖ ਸਵਿਧਾ ਲਈ ਸਮਾਨਤਾ ਅਧਾਰਤ ਉਹਨਾਂ ਦਾ ਮਾਰਕਸਵਾਦੀ ਫਲਸਫਾ ਦੁਨੀਆਂ ਭਰ ਵਿੱਚ ਪ੍ਰਸਿੱਧ ਹੈ। ਉਹਨਾਂ ਦਾ ਇਨਰਲਾਬੀ ਲਹਿਰ ਦਾ ਮਹਾਨ ਦਸਤਾਵੇਜ਼ 'ਕਮਿਊਨਿਸਟ ਮੈਨੀਫੈਸਟੋ' 24 ਫਰਵਰੀ 1848 ਨੂੰ ਲੰਡਨ ਤੋਂ ਪ੍ਰਕਾਸ਼ਤ ਹੋਇਆ। ਇਹ ਰਚਨਾ ਛੋਟੀ ਹੈ, ਪਰ ਬੜੀ ਮਹਾਨ ਹੈ, ਜੋ ਪਰੋਲਤਾਰੀਆਂ (ਮਜ਼ਦੂਰਾਂ ਦੀ ਸਮਾਜਵਾਦੀ ਕਰਾਂਤੀ ਲਈ ਰਾਹ-ਦਰਸਾਊ ਦਸਤੇਵੇਜ਼ ਹੈ। ਇਸ ਰਚਨਾ ਦਾ ਤਰਜਮਾ ਦੁਨੀਆਂ ਭਰ ਦੀ ਹਰੇਕ ਜ਼ੁਬਾਨਾਂ ਵਿੱਚ ਹੋ ਚੁੱਕਾ ਹੈ। ਮਾਰਕਸ ਦੀ ਮਹਾਨ ਰਚਨਾ 'ਪੂੰਜੀ' ਵਿਸ਼ਵ ਪ੍ਰਸਿੱਧ ਹੈ। ਇਸ ਰਚਨਾ ਵਿੱਚ ਮਾਰਕਸ ਨੇ ਮਜ਼ਦੂਰ ਤੇ ਹਾਕਮ ਜਮਾਤਾਂ ਦੀ ਮੁਜਰਮਾਨਾ ਤੇ ਲੋਟੂ ਨੀਤੀ ਦੀ ਖੁੱਲ ਕੇ ਵਿਆਖਿਆ ਕੀਤੀ ਹੈ। ਮਾਰਕਸ ਕਹਿੰਦੇ ਹਨ ਕਿ ਹਰ ਹਾਲਤ ਵਿੱਚ ਸਰਵਹਾਰਾ (ਮਜ਼ਦੂਰ) ਵਰਗ ਨੂੰ ਸੰਗਠਤ ਹੋ ਕੇ ਸ਼ਕਤੀਸ਼ਾਲੀ ਬਣਨ ਦੀ ਲੋੜ ਹੈ। ਭਾਰਤੀ ਪ੍ਰਸਥਿਤੀਆਂ ਵਿੱਚ ਇਨਕਲਾਬ ਦੇ ਲਈ ਲੋਕ ਚੇਤਨਾ ਦਾ ਇਸ ਰੂਪ ਵਿੱਚ ਜਾਗਰੂਕ ਹੋਣਾ ਜ਼ਰੂਰੀ ਹੈ, ਤਾਂ ਜੋ ਦੇਸ਼ ਦੀਆਂ ਮੌਜੂਦਾ ਪ੍ਰਸਥਿਤੀਆਂ ਦੇ ਮੁਤਾਬਕ ਇੱਕ ਕ੍ਰਾਂਤੀਕਾਰੀ ਸਿਧਾਂਤ ਨੂੰ ਅਮਲ ਵਿੱਚ ਲਿਆਂਦਾ ਜਾ ਸਕੇ।

ਡਾਕਟਰ ਅੰਬੇਡਕਰ ਨੂੰ ਭਾਰਤ ਦੇ ਦਲਿਤ ਸ਼ੋਸ਼ਿਤ ਮਜ਼ਦੂਰਾਂ ਤੇ ਔਰਤਾਂ ਦਾ ਮਸੀਹਾ ਮੰਨਿਆ ਜਾਂਦਾ ਹੈ। ਡਾ. ਅੰਬੇਡਕਰ ਕਹਿੰਦੇ, "ਭਾਰਤ ਵਰਗੇ ਦੇਸ਼ ਵਿਚ ਜਿੱਥੇ ਸਧਾਰਨ ਜਨਤਾ, ਅਮੀਰ, ਗਰੀਬ, ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ, ਉਚ ਨੀਚ ਦੇ ਭੇਦਭਾਵ ਨੂੰ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ, ਵਿਧਾਤਾ ਦਾ ਵਿਧਾਨ ਜਾਂ ਕਿਸਮਤ ਮੰਨਦੀ ਹੋਵੇ, ਉੱਥੇ 'ਸਿਰਫ ਅਮੀਰਾਂ ਦੇ ਵਿਰੁੱਧ' ਉਹ ਕਿਸ ਤਰ੍ਹਾਂ ਇਕੱਠੀ ਹੋ ਸਕਦੀ ਹੈ? ਡਾ. ਅੰਬੇਡਕਰ ਸਪਸ਼ਟ ਕਹਿੰਦੇ ਕਿ ਭਾਰਤ ਵਿੱਚ ਧਰਮ ਅਤੇ ਸਮਾਜਿਕ ਵਿਵਸਥਾ ਵਿਚ ਸੁਧਾਰ ਕੀਤੇ ਬਿਨਾਂ ਤੁਸੀਂ ਆਰਥਿਕ ਸੁਧਾਰ ਨਹੀਂ ਕਰ ਸਕਦੇ।'' ਡਾ. ਅੰਬੇਡਕਰ ਦੇ 'ਸੁਧਾਰ' ਸ਼ਬਦ ਦਾ ਅਰਥ ਬਦਲਾਅ ਭਾਵ ਸੱਭਿਆਚਾਰਕ ਪ੍ਰੀਵਰਤਨ ਤੋਂ ਹੈ।

ਡਾਕਟਰ ਅੰਬੇਡਕਰ ਨੇ ਮਜ਼ਦੂਰਾਂ ਦੀ ਅਜ਼ਾਦੀ ਲਈ ਅਗਸਤ 1936 ਵਿਚ 'ਅਜ਼ਾਦ ਮਜ਼ਦੂਰ ਪਾਰਟੀ' ਬਣਾਕੇ ਉਦਯੋਗਿਕ ਕਾਮਿਆਂ ਵਾਸਤੇ ਕੰਮ ਦਾ ਸਮਾਂ ਨਿਸ਼ਚਿਤ ਕਰਾਉਣ, ਮਜ਼ਦੂਰਾਂ ਲਈ ਬਰਾਬਰ ਤਨਖਾਹ ਅਤੇ ਛੁੱਟੀਆਂ, ਸਾਫ-ਸੁਥਰੇ ਨਿਵਾਸ ਆਦਿ ਸਹੂਲਤਾਂ ਲਈ ਲਗਾਤਾਰ ਸੰਘਰਸ਼

ਕੀਤਾ। ਡਾ. ਅੰਬੇਡਕਰ ਨੇ ਮਜ਼ਦੂਰਾਂ ਦੇ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਭਾਰਤ ਵਿੱਚ ਮਜ਼ਦੂਰ ਜਮਾਤ ਦੇ ਦੋ ਦੁਸ਼ਮਣ ਹਨ। ਬ੍ਰਾਹਮਣਵਾਦ ਤੇ ਪੂੰਜੀਵਾਦ। ਬ੍ਰਾਹਮਣਵਾਦ ਮਜ਼ਦੂਰਾਂ ਨੂੰ ਇਕੱਠੇ ਨਹੀਂ ਹੋਣ ਦਿੰਦਾ ਅਤੇ ਪੂੰਜੀਵਾਦ ਇਹਨਾਂ ਦੀ ਲੁੱਟ ਕਰਦਾ ਹੈ।'' ਬ੍ਰਾਹਮਣਵਾਦ ਸਮਾਜ ਨੂੰ ਦੋ ਜਮਾਤਾਂ ਵਿੱਚ ਨਹੀਂ ਬਲਕਿ ਹਜ਼ਾਰਾਂ ਜਾਤਾਂ ਵਿੱਚ ਵੰਡਦਾ ਹੈ। ਫਿਰ ਇਹ ਵੰਡ ਤਕ ਹੀ ਸੀਮਤ ਨਹੀ ਉਹਨਾਂ ਦੀ ਸਾਂਝੀ ਸਰਗਰਮੀ ਨੂੰ ਵੀ ਰੋਕਦਾ ਹੈ। ਇਹ ਕੇਵਲ ਮੇਹਨਤ ਦੀ ਵੰਡ ਹੀ ਨਹੀਂ ਹੈ ਬਲਕਿ ਮੇਹਨਤਕਸ਼ਾਂ ਦੀ ਵੰਡ ਵੀ ਹੈ। ਭਾਰਤੀ ਪ੍ਰਸਥਿਤੀਆਂ ਵਿਚ ਜਾਤ ਤੇ ਧਰਮ, ਸਮਾਜਵਾਦ ਸਥਾਪਿਤ ਕਰਨ ਲਈ ਇੱਕ ਬਹੁਤ ਵੱਡੀ ਰੁਕਾਵਟ ਹਨ। ਮੁੱਖ ਸਮੱਸਿਆ ਮਜਦੂਰ ਸਮਾਜ ਦੇ ਸੰਗਠਨ ਦੀ ਹੈ, ਜਿਸ ਨੂੰ ਜਾਤ ਤੇ ਧਰਮ ਹੋਣ ਨਹੀਂ ਦਿੰਦੇ। ਮਜ਼ਦੂਤ ਜਮਾਤ ਦਾ ਸੰਗਠਨ ਹੀ ਨਹੀਂ ਤਾਂ ਇਨਕਲਾਬ ਕਿੱਦਾਂ ਹੋ ਜਾਊ? ਭਾਰਤੀ ਪ੍ਰਸਥਿਤੀਆਂ ਵਿੱਚ ਮਾਰਕਸਵਾਦ ਦਾ ਅਧਾਰ ਵੀ ਇਹੀ ਬਣਦਾ ਹੈ।

ਲੋਕ ਚੇਤਨਾ ਦੇ ਵਿਕਾਸ ਲਈ ਪ੍ਰੋਗਰਾਮ ਨੂੰ ਕਿਸ ਤਰ੍ਹਾਂ ਚਲਾਇਆ ਜਾਵੇ, ਇੱਥੇ ਡਾ.ਅੰਬੇਡਕਰ ਦਾ ਕਹਿਣਾ ਹੈ ਕਿ, "ਭਾਰਤੀ ਸਮਾਜਿਕ ਵਿਵਸਥਾ ਦੇ ਵਿਚਾਰਧਾਰਕ ਢਾਂਚੇ ਵਿੱਚੋਂ ਮੱਧਕਾਲੀਨ ਪ੍ਰਵਿਰਤੀਆਂ (ਜਾਤ ਪਾਤ, ਉਚ ਨੀਚ, ਧਾਰਮਿਕ ਅੰਧਵਿਸ਼ਵਾਸ, ਰੂੜ੍ਹੀਵਾਦੀ ਪ੍ਰੰਪਰਾਵਾਂ ਆਦਿ) ਦੇ ਸੁਧਾਰ ਦੀ ਅਤਿ ਜ਼ਰੂਰਤ ਹੈ।'' ਪ੍ਰੰਤੂ ਇਸ ਦਾ ਮਤਲਬ ਇਹ ਕਦੀ ਨਹੀਂ ਕਿ ਸਮਾਜ ਦੇ ਮੂਲ ਆਰਥਿਕ ਅਧਾਰ ਨੂੰ ਹੀ ਅੱਖੋਂ ਓਹਲੇ ਕਰ ਦੇਣਾ ਹੈ। ਜਿਵੇਂ ਕਿ ਬਹੁਤ ਸਾਰੇ ਅੰਬੇਡਕਰੀ ਅਕਸਰ ਕਰਦੇ ਹਨ। ਬਲਕਿ ਉਹਨਾਂ ਦਾ ਇਸ਼ਾਰਾ ਵਿਚਾਰਧਾਰਕ ਇਨਕਲਾਬ ਦੇ ਸਾਰੇ ਅੰਦੋਲਨਾਂ ਨੂੰ ਇਸ ਵੱਲ੍ਹ ਸੇਧਤ ਕਰਨ ਦਾ ਹੈ। ਡਾਕਟਰ ਅੰਬੇਡਕਰ ਭਾਰਤ ਵਿਚੋਂ ਭੁੱਖ ਮਰੀ, ਗਰੀਬੀ ਅਤੇ ਨਾਬਰਾਬਰਤਾ ਨੂੰ ਖਤਮ ਕਰਨ ਲਈ ਸੰਵਿਧਾਨ ਰਾਹੀਂ ਰਾਜਯ ਸਮਾਜਵਾਦ ਸਥਾਪਤ ਕਰਨਾ ਚਾਹੁਦੇ ਸਨ। ਉਨਾਂ ਦਾ ਕਹਿਣਾ ਸੀ ਕਿ ਭੁੱਖ ਮਰੀ, ਗਰੀਬੀ ਅਤੇ ਬੇਰੁਜਗਾਰੀ, ਉਦਯੋਗੀਕਰਨ ਨਾਲ ਹੀ ਖਤਮ ਹੋ ਸਕਦੀ ਹੈ ਤੇ ਉਦਯੋਗੀਕਰਨ ਲਈ ਰਾਜਯ ਸਮਾਜਵਾਦ ਜਰੂਰੀ ਹੈ। ਉਦਯੋਗ ਰਾਜ ਦੀ ਮਲਕੀਅਤ ਹੋਣੇ ਚਾਹੀਦੇ ਹਨ ਅਤੇ ਰਾਜ ਦੁਆਰਾ ਹੀ ਚਲਾਏ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਦਲਿਤ ਮਜ਼ਦੂਰ ਮੁਜ਼ਾਰੇ ਗਰੀਬ ਕਿਸਾਨਾਂ ਤੇ ਔਰਤਾਂ ਦਾ ਜੀਵਨ ਨਿਰਬਾਹ ਲੈਂਡਲਾਰਡ ਜ਼ਿਮੀਦਾਰਾਂ 'ਤੇ ਨਿਰਭਰ ਹੈ। ਜਿਸ ਕਾਰਨ ਉਹ ਗੁਲਾਮਾਂ ਜੈਸੀ ਜ਼ਿੰਦਗੀ ਜਿਉਂਦੇ ਹਨ ਅਤੇ ਜਿਮੀਂਦਾਰਾਂ ਦੇ ਬਰ ਬਰ ਅਤਿਆਚਾਰਾਂ ਦਾ ਸ਼ਿਕਾਰ ਹਨ। ਜ਼ਮੀਨ ਦੀ ਨਿੱਜੀ ਮਾਲਕੀ ਸਮਾਜਿਕ ਆਰਥਿਕ ਅਸਮਾਨਤਾ ਅਤੇ ਅਨਿਆਂ ਦਾ ਮੁੱਖ ਕਾਰਨ ਹੈ। ਸਾਰੇ ਲੋਕ ਅਜ਼ਾਦੀ ਦਾ ਆਨੰਦ ਮਾਣ ਸਕਣ ਇਸ ਲਈ ਜ਼ਮੀਨ ਦਾ ਕੌਮੀਕਰਨ ਹੋਣਾ ਜਰੂਰੀ ਹੈ। ਸਰਕਾਰ ਰੂਸ ਵਾਂਗ ਰਾਜੇ-ਰਜ਼ਵਾੜਿਆਂ ਤੋਂ ਜ਼ਮੀਨ ਆਪਣੇ ਹੱਥ ਵਿਚ ਲੈ ਕੇ 20-20 ਹਜ਼ਾਰ ਏਕੜ ਜ਼ਮੀਨ ਦੇ ਵੱਡੇ ਵੱਡੇ ਫਾਰਮ ਬਣਾਕੇ ਉਹਨਾਂ 'ਤੇ ਆ-ਧੁਨਿਕ ਮਸ਼ੀਨਰੀ ਨਾਲ ਸਮੂਹਿਕ ਤੌਰ 'ਤੇ ਖੇਤੀ ਕਰਵਾਏ। ਅਜਿਹਾ ਹੋਣ ਨਾਲ ਨਾ ਕੋਈ ਜਿਮੀਦਾਰ ਰਹੇਗਾ ਅਤੇ ਨਾ ਹੀ ਕੋਈ ਮਜ਼ਾਰਾ ਰਹੇਗਾ। ਸਭ ਲੋਕ ਰਲ ਮਿਲ ਕੇ ਕੰਮ ਕਰਨਗੇ, ਸਭ ਨੂੰ ਬਰਾਬਰ ਤਨਖਾਹ ਮਿਲੇਗੀ। ਸਮਾਨਤਾ ਕਾਰਨ ਕਿਸੇ ਨੂੰ ਕੋਈ ਵੀ ਦਬਾ ਨਹੀਂ ਸਕੇਗਾ।

ਉਹਨਾਂ ਕਿਹਾ, ਭਾਰਤ ਇਕ ਪੈਂਡੂ ਪ੍ਰਧਾਨ, ਖੇਤੀ ਅਧਾਰਤ ਦੇਸ਼ ਹੈ। ਪਿੰਡਾਂ ਵਿਚ ਲੋਕਾਂ ਨੂੰ ਸਿਰਫ਼ ਹਾੜੀ-ਛਾਉਣੀ ਕੰਮ ਮਿਲਦਾ ਹੈ ਬਾਕੀ ਸਾਰਾ ਸਾਲ ਉਹ ਵਿਹਲੇ ਰਹਿੰਦੇ ਹਨ। ਜਿਸ ਕਾਰਨ ਉਹ ਗਰੀਬ ਹਨ। ਜੇ ਸਰਕਾਰ 50-50 ਪਿੰਡਾਂ ਨੂੰ ਇਕ ਯੂਨਿਟ ਮੰਨਕੇ ਉਹਨਾਂ ਦੇ ਦਰਮਿਆਨ ਇਕ ਵੱਡੀ ਇੰਡਸਟਰੀ ਲਾਵੇ ਤਾਂ ਉਥੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਕੰਮ ਮਿਲੇਗਾ। ਇਸਨਾਲ ਜਿਥੇ ਬੇਰੋਜ਼ਗਾਰੀ ਤੇ ਗਰੀਬੀ ਨੂੰ ਠਿੱਲ੍ਹ ਪਵੇਗੀ ਉਥੇ ਲੋਕ ਖੁਸ਼ਹਾਲ ਵੀ ਹੋਣਗੇ ਅਤੇ ਦੇਸ਼ ਤਰੱਕੀ ਵੀ ਕਰੇਗਾ। ਉਹਨਾਂ ਇਹ ਵੀ ਕਿਹਾ ਕਿ ਬੀਮਾ ਰਾਜ ਦੀ ਅਜਾਰਾਦਾਰੀ ਹੋਣੀ ਚਾਹੀਦੀ ਹੈ ਅਤੇ ਹਰੇਕ ਨਾਗਰਿਕ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਆਪਣੀ ਉਜਰਤ ਮੁਤਾਬਿਕ ਜਿਵੇਂ ਕਾਨੂੰਨ ਰਾਹੀਂ ਤੈਅ ਹੋਵੇ, ਜੀਵਨ ਬੀਮਾ ਜਰੂਰ ਕਰਵਾਏ।

ਉਹਨਾਂ ਦਾ ਮੰਨਣਾ ਸੀ ਕਿ ਵਿਦਿਆ ਵਿਚ ਅਸੀਮ ਸ਼ਕਤੀ ਹੈ। ਸਮਾਜਿਕ ਗੁਲਾਮੀ ਨੂੰ ਖਤਮ ਕਰਨ ਲਈ ਵਿਦਿਆ ਇਕ ਕਾਰਗਰ ਹਥਿਆਰ ਹੈ। ਜੇ ਔਰਤ-ਮਰਦ ਨੂੰ ਸਮਾਨ ਸਿੱਖਿਆ ਦਿੱਤੀ ਜਾਵੇ ਤਾਂ ਉਹ ਅਮੀਰ-ਗਰੀਬ ਤੇ ਉੱਚ-ਨੀਚ ਦੇ ਭੇਦ-ਭਾਵ ਨੂੰ ਸਮਾਪਤ ਕਰ ਸਕਦੀ ਹੈ। ਸਿੱਖਿਆ ਨੂੰ ਸਮਾਜ ਸੁਧਾਰ ਦਾ ਤੰਤਰ ਬਣਨਾ ਚਾਹੀਦਾ ਹੈ। ਉਹਨਾਂ ਦਾ ਕਹਿਣਾ ਸੀ ਕਿ ਸਿੱਖਿਆ ਹਰ ਇਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਹੈ। ਇਸ ਦੀ ਪੂਰਤੀ ਲਈ ਉਹਨਾਂ ਸਿੱਖਿਆ ਦੇ ਅਧਿਕਾਰ ਨੂੰ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਰੱਖਣ ਅਤੇ14 ਸਾਲ ਤਕ ਹਰ ਬੱਚੇ ਨੂੰ ਮੁਫ਼ਤ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ ਕਿਉਕਿ ਉੱਚ ਸਿੱਖਿਆ ਹੀ ਮਨੁੱਖ ਦੇ ਸਭਿਅਤ ਹੋਣ ਦਾ ਇਕ ਮਾਤਰ ਸਾਰ ਹੈ।

ਡਾਕਟਰ ਅੰਬੇਡਕਰ ਕਹਿੰਦੇ ਦਲਿਤ ਮਜ਼ਦੂਰਾਂ ਅਤੇ ਹੋਰ ਪੀੜਤ ਜਮਾਤਾਂ ਨੂੰ ਸਮਝਾਇਆ ਜਾਣਾ ਚਾਹੀਦਾ ਹੈ ਕਿ ਉਹ ਸਿਰਫ ਇਸ ਲਈ ਗ਼ੁਲਾਮ ਹਨ ਕਿਉਂਕਿ ਉਹ ਵਿਵਸਥਾ ਵਿਰੁੱਧ ਬਗਾਵਤ ਨਹੀ ਕਰਦੇ। ਜੇ ਦਲਿਤ ਮਜ਼ਦੂਰ ਆਪਣੇ ਅੰਦਰ ਅੰਦੋਲਨ ਦੀ ਅੱਗ ਨੂੰ ਮਘਾਈ ਰੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸੰਘਰਸ਼ ਤੇ ਸੰਘਰਸ਼ ਕਰਕੇ ਲੋਟੂਆਂ ਨੂੰ ਅਹਿਸਾਸ ਕਰਾਉਦੇ ਰਹਿਣਾ ਪਵੇਗਾ। ਪਰ ਅਜਿਹਾ ਉਹ ਕਾਂਗਰਸ ਤੇ ਹੋਰ ਪਾਰਟੀਆਂ ਵਿੱਚ ਰਹਿਕੇ ਨਹੀਂ ਕਰ ਸਕਦੇ। ਪਾਰਟੀਆਂ ਆਪਣੇ ਮੁਫ਼ਾਦਾਂ ਦੀ ਰੱਖਿਆ ਲਈ ਉਹਨਾਂ ਦੀਆਂ ਪਾਰਟੀਆਂ 'ਚ ਰਹਿੰਦਿਆ ਅੰਦੋਲਨ ਕਰਨ ਦੀ ਕਦੇ ਇਜਾਜਤ ਨਹੀਂ ਦੇ ਸਕਦੀਆਂ। ਇਸ ਲਈ ਦਲਿਤ ਮਜ਼ਦੂਰਾਂ ਨੂੰ ਆਪਣੇ ਸੰਗਠਨ ਨੂੰ ਹੀ ਮਜ਼ਬੂਤ ਕਰਨਾ ਚਾਹੀਦਾ ਹੈ।

ਡਾਕਟਰ ਅੰਬੇਡਕਰ ਤੇ ਕਾਂਸ਼ੀ ਰਾਮ ਤੋਂ ਬਾਅਦ ਦਲਿਤ ਮਜ਼ਦੂਰਾਂ ਨੂੰ ਕੋਈ ਯੋਗ ਆਗੂ ਨਹੀ ਮਿਲਿਆ? 1950 ਤੋਂ ਲੈ ਕੇ ਹੁਣ ਤਕ ਰਿਜਰਬ ਸੀਟਾਂ 'ਤੇ 131 ਐਮ ਪੀ ਅਤੇ ਹਜ਼ਾਰ ਦੇ ਕਰੀਬ ਐਮ ਐਲ ਏ, ਹਰ ਵਾਰ ਬਣਦੇ ਹਨ ਜਿਹਨਾਂ ਦੀ ਗਿਣਤੀ ਹੁਣ ਤਕ ਕਈ ਹਜਾਰਾਂ ਹੋ ਗਈ ਹੈ।

ਪ੍ਰੰਤੂ ਇਹਨਾਂ ਰਿਜ਼ਰਵ ਸੀਟਾਂ 'ਤੇ ਚੁਣੇ ਗਏ ਇਹਨਾਂ ਰਾਜਨੀਤਕ ਲੋਕਾਂ ਦੀ 73 ਸਾਲਾਂ ਦੀ ਕਾਰਗੁਜ਼ਾਰੀ ਕੀ ਹੈ? ਇਹਨਾਂ ਨੇ ਦਲਿਤਾਂ ਨੂੰ ਹੋਰ ਅਧਿਕਾਰ ਤਾਂ ਕੀ ਲੈ ਕੇ ਦੇਣੇ ਸੀ, ਇਹ ਤਾਂ ਡਾ. ਅੰਬੇਡਕਰ ਦੁਵਾਰਾ ਸੰਵਿਧਾਨ ਵਿਚ ਲਿੱਖੇ ਦਲਿਤ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਵੀ ਲਾਗੂ ਨਹੀ ਕਰਵਾ ਸਕੇ। ਸਗੋਂ ਭਾਰਤੀ ਸਵਿਧਾਨ ਨੂੰ ਹੁਣ ਤਕ ਇਹਨਾਂ ਦੀਆਂ ਵੋਟਾਂ ਤੇ ਸਹਿਯੋਗ ਨਾਲ ਹੀ 126 ਵਾਰੀ ਬਦਲਿਆ ਗਿਆ ਹੈ। ਪਿਛਲੇ 5-6 ਸਾਲਾਂ ਵਿੱਚ ਹੀ ਭਾਰਤੀ ਸੰਵਿਧਾਨ ਨੂੰ ਇਹਨਾਂ ਦੀਆਂ ਵੋਟਾਂ ਨਾਲ 50 ਵਾਰ ਬਦਲ ਦਿੱਤਾ ਗਿਆ ਹੈ। ਇਹਨਾਂ ਆਮ ਆਦਮੀ ਜਾਂ ਦਲਿਤ ਸੋਸ਼ਿਤ ਮਜ਼ਦੂਰ ਕਿਸਾਨ ਔਰਤਾਂ ਦਾ ਜੀਵਨ ਨਿਰਭਾਅ ਸੌਖਾ ਬਣਾਉਣ ਲਈ ਸੰਵਿਧਾਨ 'ਚ ਤਰਮੀਮ ਕੀਤੀ ਜਾਂਦੀ ਤਾਂ ਖੁਸ਼ੀ ਹੁੰਦੀ, ਪਰ ਧਨਾਢ ਸਰਮਾਏਦਾਰਾਂ, ਮਾਲਕਾਂ ਅਤੇ ਕਾਰਪੋਰੇਟ ਅਦਾਰਿਆਂ ਨੂੰ ਖੁਸ਼ਹਾਲ ਬਣਾਉਣ ਲਈ ਇਹਨਾਂ ਮਜ਼ਬੂਰ ਗੁਲਾਮਾਂ ਨੇ ਹੱਸ ਹੱਸ ਵੋਟਾਂ ਪਾਈਆ। ਕਿਉਕਿ ਅਗਲੀ ਵਾਰ ਲਈ ਟਿਕਟ ਸਥਾਈ ਰੱਖਣ ਦਾ ਮਸਲਾ ਹੈ। ਜੋ ਕਿ ਦਲਿਤ ਸ਼ੋਸ਼ਿਤ ਮਜ਼ਦੂਰ ਗਰੀਬ ਸਮਾਜ

ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ..

ਰਾਇ ਭੋਇ ਤਲਵੰਡੀ ਜੋ ਭੱਟੀਆਂ ਦੀ,
ਨਨਕਾਣਾ ਸਾਹਿਬ ਓਹ ਬਣ ਗਿਆ ਖਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ,
ਨਾਨਕ ਪਾਤਸ਼ਾਹ ਹੋਇਆ ਪਰਕਾਸ਼ ਤੇਰਾ।

ਪੜਨ ਪਾਠਸ਼ਾਲਾ ਪਾਇਆ ਪਿਓ ਦਾਦੇ,
ਉਲਟਾ ਪਾਂਧੇ ਨੂੰ ਪੱਟੀ ਭੜਾਅ ਆਇਆ ।
ਅੱਵਲ ਅੱਲਾ ਦਾ ਨੂਰ ਬ੍ਰਹਿਮੰਡ ਸਾਰਾ,
ਲਿਖਕੇ ਪਾਂਧੇ ਦੇ ਹਥ ਪਕੜਾ ਆਇਆ।
ਉਲਟੀ ਗੰਗਾ ਵਗਾ ਕੇ ਜਗ ਅੰਦਰ,
ਸਿੱਧਾ ਮਨੁੱਖਾਂ ਨੂੰ ਰਾਹ ਦਿਖਾ ਆਇਆ।
ਇਕ "ਏਕੋ" ਤੋਂ ਬਿਨਾਂ ਨਾ ਹੋਰ ਦੂਜਾ,
"ਏਕੋ ਏਕੋ" ਦੀ ਕੂਕ ਸੁਣਾ ਆਇਆ।
ਜਨੇਊ ਵੰਡੇ ਮਨੁੱਖਤਾ , ਨਹੀਂ ਪਾਉਣਾ,
ਹੋਇਆ ਕੁੜਮ ਕਬੀਲਾ ਨਿਰਾਸ਼ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਪਤਨੀ ਪੁੱਤਾਂ ਤੇ ਗ੍ਰਹਿਸਥੀ ਜਿੰਦਗੀ ਨੂੰ ,
ਛਡ ਕੇ ਤੁਰ ਪਿਆ ਹੋਕੇ ਉਪਰਾਮ ਬਾਬਾ।
"ਨ ਕੋ ਹਿੰਦੂ ਨ ਮੁਸਲਮਾਨ " ਕਹਿਕੇ,
ਇਨਸਾਨੀਅਤ ਦਾ ਦਿੱਤਾ ਪੈਗਾਮ ਬਾਬਾ ।
ਨਾਲ ਲਿਆ ਮਰਦਾਨਾ ਭਾਈ ਸਾਹਿਬ ,
ਛਡ ਦਿੱਤੇ ਸਭ ਸੁਖ ਆਰਾਮ ਬਾਬਾ।
ਬੁਲੰਦ ਕਰਨ ਲਈ ਝੰਡਾ ਮਨੁਖਤਾ ਦਾ,
ਮਾਨਵ ਏਕੇ ਨੂੰ ਕਰਨ ਸਲਾਮ ਬਾਬਾ।
ਫਸਤਾ ਵੱਢਣ ਲਈ ਉਚ ਤੇ ਨੀਚ ਵਾਲਾ,
ਲੇਖੇ ਲੱਗਿਆ ਇਕ ਇਕ ਸਵਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਕਾਜੀ, ਜੋਗੀ ਤੇ ਪਾਂਧੇ ਮਨੁੱਖਤਾ ਨੂੰ,
ਠੇਕੇਦਾਰ ਬਣ ਧਰਮ ਦੇ ਪਾੜਦੇ ਸਨ।
ਖੁਦੀ, ਬਦੀ, ਹੰਕਾਰ ਤੇ ਈਰਖਾ ਵਿਚ ,
ਨਫਰਤਾਂ ਵੰਡਦੇ ਸਨ, ਨਕ ਚਾਹੜਦੇ ਸਨ।
ਵੰਡ ਮਨੁੱਖਤਾ ਮਜ਼ੂਬਾਂ ਤੇ ਫਿਰਕਿਆਂ ਵਿੱਚ,
ਘਿਰਣਾ -ਅਗ, ਸੰਸਾਰ ਨੂੰ ਸਾੜਦੇ ਸਨ।
ਵੰਡ ਕੇ, ਤੋੜ ਕੇ ਗਲੀ ਦੇ ਕਖਾਂ ਵਾਂਗੂੰ ,
ਬੰਦੇ ਪੈਰਾਂ ਦੇ ਹੇਠ ਲਿਤਾੜਦੇ ਸਨ।
ਭ੍ਰਿਸ਼ਟ ਹੋਏ ਸਨ ਧਰਮ ਅਸਥਾਨ ਜਿਹੜੇ,
ਹਰ ਥਾਂ ਕੂਕਿਆ ਬਚਨ ਬਿਲਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਮਥੁਰਾ, ਕਾਂਸ਼ੀ ਤੇ ਪੁਰੀ, ਸੁਮੇਰ-ਪਰਬਤ ,
ਮੱਕਾ, ਮਦੀਨਾ, ਬਗਦਾਦ, ਮੁਲਤਾਨ ਸਾਰੇ।
ਉਚੀ ਲੈਅ ਵਿੱਚ ਗਾ ਕੇ "ਭਗਤ ਬਾਣੀ "
ਮੋਹ ਲਏ ਗੁਣੀ, ਗਿਆਨੀ, ਵਿਦਵਾਨ ਸਾਰੇ।
ਜੰਗਲ, ਬੇਲੇ, ਪਹਾੜ, ਗਰਾਮ, ਨਗਰ
ਵੰਡਿਆ ਘਰ-ਘਰ ਸੁੱਚਾ ਗਿਆਨ ਸਾਰੇ।
ਭਜ ਉਠੀ ਮਿਰਗਾਵਲੀ ਭਬਕ ਸੁਣਕੇ,
ਧਰਮ ਗੁਰੂ ਸਨ ਹੋ ਗਏ ਹੈਰਾਨ ਸਾਰੇ।
ਝੁਕ ਗਏ ਚਰਨਾਂ ਤੇ ਬਣੇ ਮੁਰੀਦ ਬਹੁਤੇ,
ਜਿਹਨਾਂ ਕਰ ਲਿਆ ਦਾਤਾ ਵਿਸ਼ਵਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਰਕੜਾਂ ਰੋਹੀਆਂ ਤੇ ਜੰਗਲਾਂ ਬੇਲਿਆਂ ਵਿੱਚ,
ਸੌਂ ਕੇ ਰੋੜਾਂ ਤੇ ਅਕ ਆਹਾਰ ਕੀਤਾ।
ਵੰਡਿਆ ਗਿਆਨ ਹਰ ਹਾਲਤ ਵਿੱਚ ਖਿੜੇ ਮੱਥੇ,
ਸਮੁੱਚੀ ਮਨੁੱਖਤਾ ਤਾਈਂ ਪਿਆਰ ਕੀਤਾ।
ਭੰਡੀ ਜੁਗਾਂ ਤੋਂ ਨੀਚ ਤੇ ਭੰਡਿ ਕਹਿਕੇ ,
ਜਗ ਜਨਣੀ ਦਾ ਮਾਣ ਸਤਿਕਾਰ ਕੀਤਾ।
"ਵਿਸ਼ਵ ਕੁਟੰਬ", "ਸਰਬਤ ਦੇ ਭਲੇ" ਖਾਤਿਰ,
ਦਾਨਸ਼ਮੰਦਾਂ ਸੰਗ ਬੈਠ ਵਿਚਾਰ ਕੀਤਾ।
ਦੀਨ ਦੁਖੀਆਂ ਨੂੰ ਵੇਖ ਕੇ ਦਰਦ-ਮੰਦਾ,
ਦਿਲ ਰਹਿੰਦਾ ਸੀ ਸਦਾ ਉਦਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਮਲਕ ਭਾਗੋ ਦੇ ਛਡ ਕੇ ਮਾਹਲ ਪੂਵੇਲੇ,
ਰੁਖੀ -ਸੁੱਕੀ ਤੈਂ ਲਾਲੋ ਦੀ ਖਾਈ ਬਾਬਾ।
ਕਾਮੇ- ਕਿਰਤੀ ਦੀ ਕੁੱਲੀ ਵਿਚ ਚਰਨ ਪਾਕੇ,
ਸੁੱਚੀ ਕਿਰਤ ਨੂੰ ਬਖਸ਼ੀ ਵਡਿਆਈ ਬਾਬਾ।
ਸ਼ੀਂਹਾਂ ਛੀਂਬਾ ਤੇ ਹਸੂ ਲੋਹਾਰ ਵਰਗੇ ,
ਆਮ ਬੰਦੇ ਦੀ ਗੁੱਡੀ ਚੜ੍ਹਾਈ ਬਾਬਾ।
ਕਰਤਾਰ ਪੁਰ ਵਿੱਚ ਕਰਕੇ ਕਿਰਤ ਹੱਥੀਂ
ਸੰਗਤ ਪੰਗਤ ਦੀ ਰੀਤ ਚਲਾਈ ਬਾਬਾ।
ਮਿਲਿਆ ਆਸਰਾ ਜਿੱਥੇ ਨਿਆਸਰੇ ਨੂੰ ,
ਬੇਧਰਵਾਸੇ ਨੂੰ ਮਿਲਿਆ ਧਰਵਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ.....

ਸਜਣ ਠਗ, ਭੂਮੀਆ ਚੋਰ ਤੇ ਮਲਕ ਭਾਗੋ ,
ਕਉਡੇ ਭੀਲ ਤੇ ਕੋਹੜੀ ਫਕੀਰ ਵਰਗੇ।
ਕਾਮਰੂਪ ਦੀਆਂ ਮਸਤੀਆਂ ਕਈ ਨੂਰਾਂ
ਕਰਤੇ ਵਿਗੜੇ ਤਿਗੜੇ ਸਿਧੇ ਤੀਰ ਵਰਗੇ।
ਵਲ ਕੱਢੇ ਕਈ ਵਲੀ ਕੰਧਾਰੀਆਂ ਦੇ,
ਹਮਜਾ ਗੌਸ ਹੰਕਾਰੀ ਪੀਰ ਵਰਗੇ।
ਖੋਟ ਕਢ ਓਹ ਸਚ ਦੇ ਰਾਹ ਤੋਰੇ,
ਨਿਰਮਲ ਕਰ ਦਿੱਤੇ ਗੰਗਾ ਨੀਰ ਵਰਗੇ।
ਰਾਹ ਕੰਡਿਆਲਾ ਚੁਣ ਸੁਖ ਆਰਾਮ ਛੱਡੇ,
ਸਦਾ ਔਕੜਾਂ ਵਿਚ ਰਿਹਾ ਵਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ....

ਕਲਾਧਾਰ ਕੇ ਆਪ ਨਾਰਾਇਣ ਆਇਆ,
ਨਾਨਕ ਰੂਪ ਵਿੱਚ ਆਪ ਅਵਤਾਰ ਬਣਕੇ।
ਰਾਹ ਦਸੇਰਾ ਤੇ ਰਹਿਬਰ ਮਨੁੱਖਤਾ ਦਾ,
ਆਇਆ ਸੰਸਾਰ ਤੇ ਚਾਨਣ ਮੀਨਾਰ ਬਣਕੇ।
ਦੋਹੀ ਸਚ ਦੀ ਫੇਰੀ ਜਹਾਨ ਅੰਦਰ,
ਹਕ ਸਚ ਦਾ ਝੰਡਾ- ਬਰਦਾਰ ਬਣਕੇ ।
ਨਵੀਂ ਸੋਚ ਤੇ ਨਵੀਂ ਹੀ ਸੂਝ ਬਖਸ਼ੀ,
ਵਿਗਿਆਨਕ ਯੁਗ ਦਾ ਸ਼ਾਹ ਅਸਵਾਰ ਬਣਕੇ।
ਜਿਹਬਾ ਇਕ ਤੇ ਤੇਰੇ ਉਪਕਾਰ ਬਹੁਤੇ,
'ਲਾਲ' ਲਿਖੇ ਕਿੱਦਾਂ, ਦਾਤਾ ਦਾਸ ਤੇਰਾ।
ਮਿਟੀ ਧੁੰਦ ਤੇ ਹੋ ਗਿਆ ਜਗ ਰੌਸ਼ਨ...

-ਲਾਲ ਸਿੰਘ ਸੁਲਹਾਣੀ

ਲਾਲ ਸਿੰਘ ਸੁਲਹਾਣੀ
91-98721-55120

ਟੱਬਰ ਟੀਹਰ ਤੇ ਛੱਡ ਕੇ ਬਾਲ ਬੱਚੇ

ਮਰਹੂਮ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਕਰਨੈਲ ਸਿੰਘ ਭਾਵੜਾ ਆਦਿ ਨਾਲ ਮੇਰੀ ਇਕ ਯਾਦਗਾਰੀ ਤਸਵੀਰ (31 ਜੁਲਾਈ 1999 ਪਿੰਡ ਭੂਰੇ ਕਲਾਂ)

– ਲਾਲ ਸਿੰਘ ਸੁਲਹਾਣੀ

ਟੱਬਰ ਟੀਹਰ ਤੇ ਛੱਡ ਕੇ ਬਾਲ ਬੱਚੇ
ਘਰੋਂ ਚੱਲ ਪਿਆ ਜਗਤ ਉਧਾਰ ਖਾਤਰ।
ਸਾੜਾ ਈਰਖਾ ਕੱਢ ਦਵੈਤ ਦੂਈ
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਘਰ ਵਿਚ ਸੁੱਖ ਨਾਲ ਹੈਸਨ ਸੁੱਖ ਸਾਰੇ
ਮਾਣ ਤਾਣ ਸੀ ਚੰਗਾ ਸਮਾਜ ਅੰਦਰ।
ਕੁੜਮ ਕਬੀਲੇ 'ਚ ਹੈ ਸੀ ਠੁੱਕ ਵਾਹਵਾ,
ਪੁੱਛ ਗਿੱਛ ਸੀ ਰੀਤੀ ਰਿਵਾਜ ਅੰਦਰ।
ਰਾਏ ਭੋਇੰ ਤਲਵੰਡੀ ਭੱਟੀਆਂ ਦਾ,
ਕਾਲੂ ਪਟਵਾਰੀ ਸੀ ਮੁਗਲਾਂ ਦੇ ਰਾਜ ਅੰਦਰ।
ਬੇਦੀ ਕੁਲ ਦਾ ਹੈ ਸੀ ਫਰਜੰਦ ਨਾਨਕ
ਹੀਰਾ ਚਮਕਦਾ ਜਿਸ ਤਰਾਂ ਤਾਜ ਅੰਦਰ।
ਮਾਤਾ ਤ੍ਰਿਪਤਾ ਦੀ ਕੁੱਖ ਨੂੰ ਭਾਗ ਲਾਏ,
ਕੁਨਬਾ ਉਮੜਿਆ ਤੇਰੇ ਦੀਦਾਰ ਖਾਤਰ।
ਭੈਣ ਨਾਨਕੀ ਦੇ ਛੋਟੇ ਵੀਰ ਨਾਨਕ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਗੋਸ਼ਟਿ ਕੀਤੀ "ਸਤਿ ਪੁਰਖਾਂ" ਨਾਲ ਬਹਿ ਕੇ,
ਚਰਨ ਧੂੜ ਮੰਗੀ ਤਲਬਗਾਰ ਬਣਕੇ ।
ਸੋਧਣ ਚਲ ਪਿਆ ਧਰਤ ਲੋਕਾਈ ਤਾਈਂ
ਮਨੁੱਖੀ ਹੱਕਾਂ ਦਾ ਪਹਿਰੇਦਾਰ ਬਣਕੇ।
ਰਹੇ ਮਨੁੱਖ , ਮਨੁੱਖ ਬਣਕੇ ਧਰਤ ਉੱਤੇ,
ਰਹੇ ਮਨੁੱਖ ਮਨੁੱਖਾਂ ਦਾ ਯਾਰ ਬਣਕੇ ।
ਕੋਈ ਉੱਤਮ ਨਾ ਮੱਧਮ, ਨਾ ਨੀਚ ਹੋਵੇ ,
ਰਹੇ ਹਰ ਕੋਈ ਸਾਂਝਾ ਪਰਵਾਰ ਬਣਕੇ ।
ਟੀਚਾ ਮਿੱਥ ਲਿਆ ਔਖਾ ਜਿੰਦਗੀ ਦਾ,
ਜਗਤ ਬਗੀਚੇ ਦੀ ਬਸੰਤ ਬਹਾਰ ਖਾਤਰ।

ਸਤਨਾਮ ਦਾ ਛੱਟਾ ਦੇ ਠਾਰਨੇ ਨੂੰ ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਗਲ਼ ਲਾਇਆ ਤੈਂ ਕੰਮੀਂ ਕਮੀਣਾਂ ਤਾਈਂ,
ਨੀਚੋਂ ਨੀਚ ਨੂੰ ਰੱਜਵਾਂ ਪਿਆਰ ਦਿੱਤਾ ।
ਲਿਤਾੜੇ ਯੁੱਗਾਂ ਤੋਂ ਜਾਤ ਕੁਜਾਤ ਕਹਿਕੇ
ਉਹਨਾਂ ਲੋਕਾਂ ਨੂੰ ਦਿਲੋਂ ਸਤਿਕਾਰ ਦਿੱਤਾ ।
ਨੂਰ ਅੱਲਾ ਦਾ ਕਹਿਕੇ ਗਲ਼ ਲਾਇਆ,
ਤਪਦਾ ਲੁੱਛਦਾ ਹਿਰਦਾ ਠਾਰ ਦਿੱਤਾ ।
ਜਿਹੜਾ ਜਾਤ ਦਾ ਲੈਕੇ ਘੁਮੰਡ ਆਇਆ ,
ਉਹਦਾ ਬਾਣੀ ਨਾਲ ਤੋੜ ਹੰਕਾਰ ਦਿੱਤਾ ।
ਮਾਨਵ ਏਕੇ ਦਾ ਦਿੱਤਾ ਸੰਦੇਸ਼ ਸੁੱਚਾ ,
ਵਿਸ਼ਵ ਕੁਟੰਬ ਲਈ ਸੁੱਚੇ ਵਿਹਾਰ ਖਾਤਰ।
ਭਾਈ ਮਰਦਾਨੇ ਰਬਾਬੀ ਨੂੰ ਨਾਲ਼ ਲੈਕੇ ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਕਰਮ ਧਰਮ, ਪਾਖੰਡ ਜੋ ਧਰਮੀਆਂ ਦੇ,
ਬੇਬਾਕ ਤੈਂ ਪਾਜ ਉਘਾੜ ਦਿੱਤੇ ।
ਪਾਂਧੇ, ਜੋਤਸ਼ੀ , ਕਾਜੀ ਤੇ ਜੋਗੀਆਂ ਦੇ,
ਲਾਏ ਝੂਠ ਦੇ ਤੰਬੂ ਉਖਾੜ ਦਿੱਤੇ ।
ਵਲ਼ ਕੱਢੇ ਕਈ ਵਲ਼ ਕੰਧਾਰੀਆਂ ਦੇ,
ਕਾਰਨ ਉਜਾੜੇ ਦਾ, ਬਣੇ ਜੋ, ਤਾੜ ਦਿੱਤੇ ।
ਦੋਹੀ ਸੱਚ ਦੀ ਫੇਰੀ ਜਹਾਨ ਅੰਦਰ,
ਕੂੜ ਕੁਸੱਤ ਦੇ ਪੱਤਰੇ ਪਾੜ ਦਿੱਤੇ ।
ਭ੍ਰਿਸ਼ਟ ਹੋਏ ਸਨ ਧਰਮ ਸਥਾਨ ਜਿਹੜੇ
ਸੋਧੇ ਧਰਮ ਦੇ ਸੁੱਚੇ ਪਰਚਾਰ ਖਾਤਰ।
ਤਰਕ- ਸੰਗਤ ਧਰਮ ਪਰਚਾਰ ਕਰਕੇ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਜਦੋਂ ਵੇਖਿਆ ਅੰਤਰ ਧਿਆਨ ਹੋਕੇ,
ਜਲਦੀ ਪ੍ਰਿਥਵੀ ਤਦ ਨਜ਼ਰ ਆਈ ਬਾਬਾ ।
ਭੇਸ ਧਾਰ ਕੇ ਆਪ ਉਦਾਸੀਆਂ ਦਾ
ਸੋਧਣ ਤੁਰ ਪਿਆ ਧਰਤ ਲੋਕਾਈ ਬਾਬਾ ।
"ਰਾਜੇ ਸ਼ੀਹ ਤੇ ਕੁੱਤੇ ਮੁਕੱਦਮਾਂ" ਨੂੰ ਆਖ ,
ਮਜ਼ਲੂਮਾਂ ਦੀ ਵਾਜ ਉਠਾਈ ਬਾਬਾ ।
ਮਾਨਵ ਏਕਾ, ਸਰਬੱਤ ਦੇ ਭਲੇ ਖਾਤਰ
ਸੰਗਤ ਪੰਗਤ ਦੀ ਰੀਤ ਚਲਾਈ ਬਾਬਾ ।
ਹੋਵੇ ਹੱਕ ਇਨਸਾਫ ਦਾ ਬੋਲ ਬਾਲਾ
ਡਟ ਗਿਆ ਸੀ ਮਾਨਵ ਅਧਿਕਾਰ ਖਾਤਰ।
ਜਬਰੀ ਖੋਹੇ ਨਾ ਕਿਸੇ ਦਾ ਹੱਕ ਕੋਈ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਸਾਢੇ ਪੰਜ ਸੌ ਸਾਲਾ ਪਰਕਾਸ਼ ਉਤਸਵ
ਵਾਜੇ ਗਾਜਿਆਂ ਨਾਲ ਮਨਾਇਆ ਤੇਰਾ।
ਜਿਹੜੇ ਚਿੱਕੜ ਚੋਂ ਕੱਢਿਆ ਕਸ਼ਟ ਸਹਿਕੇ।
ਗੁਰਮੁਖ ਗਾਡੀ ਰਾਹ ਅਸੀਂ ਭੁਲਾਇਆ ਤੇਰਾ।
ਫਸ ਗਏ ਫੇਰ ਪੁਜਾਰੀ ਦੇ ਜਾਲ ਅੰਦਰ,
ਅਸੀਂ ਭੁੱਲਗੇ ਮੰਤਰ ਪੜ੍ਹਾਇਆ ਤੇਰਾ।
ਕਰਮਕਾਂਡ, ਪਾਖੰਡ ਫਿਰ ਹੋਏ ਹਾਵੀ,
ਭੁੱਲੇ ਸੱਚ ਦਾ ਰਾਹ ਵਿਖਾਇਆ ਤੇਰਾ।
ਵਾਰਿਸ ਬਣਗੇ 'ਲਾਲ' !ਮੁੜ ਮਲਕ ਭਾਗੋ
ਤੇਰਾ ਸੰਘਰਸ਼ ਸੀ "ਹੱਸੂ ਲੋਹਾਰ" ਖਾਤਰ।
ਨੇੜੇ ਫਟਕਣ ਨਹੀਂ ਦਿੱਤਾ ਭਾਈ ਲਾਲੋ,
ਜੀਵਨ ਲਾਇਆ ਤੈਂ ਜੀਹਦੇ ਪਿਆਰ ਖਾਤਰ।

– ਲਾਲ ਸਿੰਘ ਸੁਲਹਾਣੀ

ਬਹੁਜਨ ਸਮਾਜ ਪਾਰਟੀ ਹਲਕਾ ਸ੍ਰੀ ਮੁਕਤਸਰ ਸਾਹਿਬ ਸੀਨੀਅਰ ਆਗੂਆਂ ਨੇ ਤਹਿਸੀਲ ਦਾਰ ਰਾਂਹੀ ਮਾਨਯੋਗ ਰਾਜਪਾਲ ਦੇ ਨਾਮ ਯਾਦ ਪੱਤਰ ਸੌਂਪਿਆ। ਇਸ ਮੌਕੇ ਜਿਲ੍ਹਾ ਪ੍ਰਧਾਨ (ਬਸਪਾ) ਸਰਦਾਰ ਮੰਦਰ ਸਿੰਘ ਸਰਾਏਨਾਗਾ, ਹਲਕਾ ਪ੍ਰਧਾਨ ਜਗਦੇਵ ਅਲਾਰਮ, ਬਹੁਜਨ ਵਲੰਟੀਅਰ ਫੋਰਸ ਦੇ ਕਨਵੀਨਰ ਗੁਰਦੇਵ ਸਿੰਘ ਬਰੀਵਾਲਾ ਅਤੇ ਪਾਰਟੀ ਸੀਨੀਅਰ ਸਾਥੀ ਗੁਰਬਖਸ਼ ਸਿੰਘ ਰਿਟਾਇਰ ਭਲਾਈ ਅਫਸਰ, ਵੇਦ ਪ੍ਰਕਾਸ਼ ਆਦਿ ਹਾਜ਼ਰ ਸਨ।

ਐਸ ਡੀ ਐਮ ਸਰਦਾਰ ਰਾਮ ਸਿੰਘ ਨਿਹਾਲ ਸਿੰਘ ਵਾਲਾ ਜੀ ਨੂੰ ਮੈਮੋਰੰਡਮ ਦੇਣ ਸਮੇਂ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ ਅਤੇ ਹਲਕੇ ਦੇ ਹੋਰ ਬਸਪਾ ਆਗੂ।

ਐਸ ਡੀ ਐਮ ਸਾਹਿਬ ਧਰਮਕੋਟ ਡਾ: ਨਰਿੰਦਰ ਜੀ IAS ਨੂੰ ਮੈਮੋਰੰਡਮ ਦੇਣ ਸਮੇਂ ਜ਼ਿਲ੍ਹਾ ਮੋਗਾ ਇੰਚਾਰਜ ਨਿਰਭੈ ਸਿੰਘ ਭਿੰਡਰ ਅਤੇ ਹਲਕੇ ਦੇ ਹੋਰ ਸੀਨੀਅਰ ਆਗੂ ।

S D M om parkash varkar Sheela Rani Shri Chand ,Ramesh Kumar, Rinku kumar.

ਸ੍ਰੀਮਤੀ ਸਵਰਨਜੀਤ ਕੌਰ SDM ਸਾਹਿਬਾ ਬਾਘਾਪੁਰਾਣਾ ਜੀ ਨੂੰ ਮੈਮੋਰੰਡਮ ਦੇਣ ਸਮੇਂ ਜ਼ਿਲ੍ਹਾ ਪ੍ਰਧਾਨ ਬਸਪਾ ਮੋਗਾ ਹਰਦੇਵ ਸਿੰਘ ਤਖਾਣਵੱਧ ਅਤੇ ਹਲਕੇ ਦੇ ਸੀਨੀਅਰ ਆਗੂ।

ਰਾਜਪਾਲ ਪੰਜਾਬ ਨੂੰ ਮੰਗ ਪੱਤਰ ਭੇਜਿਆ

ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾ, ਬਸਪਾ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬਹਿਣੀਵਾਲ ਅਤੇ ਸ੍ਰੀ ਵਿਪੁਲ ਕੁਮਾਰ ਜੀ ਦੀ ਦੇਖ ਰੇਖ ਅਤੇ ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਜੀ ਗੜ੍ਹੀ ਜੀ ਦੀ ਗਤੀਸ਼ੀਲ ਅਗਵਾਈ ਅਨੁਸਾਰ ਪੰਜਾਬ ਵਿੱਚ ਕਰੋਨਾ ਮਹਾਂਮਾਰੀ ਦੌਰਾਨ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਆਮ ਗਰੀਬ ਤਬਕੇ ਦੇ ਲੋਕਾਂ ਤੋਂ ਇਲਾਵਾ ਮਿਡਲ ਕਲਾਸ ਦੇ ਲੋਕਾਂ ਨਾਲ ਵਿਤਕਰੇ ਬਾਜੀ ਕਰਨਾ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਪੰਜਾਬ ਵਿਚ ਕਈ ਥਾਈਂ ਆਮ ਲੋਕਾਂ ਨਾਲ ਜੁਲਮ ਜਿਆਦਤੀਆਂ ਕਰਨ ਦੀਆਂ ਘਟਨਾਵਾਂ ਤੋਂ ਇਲਾਵਾ ਸਰਕਾਰ ਦੀ ਸ਼ਹਿ ਤੇ ਕੁੱਝ ਪਿੰਡਾਂ ਦੀਆਂ ਪੰਚਾਇਤਾਂ ਵਲੋਂ ਪਰਵਾਸੀ ਮਜਦੂਰਾਂ ਨਾਲ ਧੱਕੇਸ਼ਾਹੀ ਕਰਨਾ ਅਤੇ ਜਿਲ੍ਹਾ ਸੰਗਰੂਰ ਦੇ ਇੱਕ ਪਿੰਡ ਵਿਖੇ ਕਾਂਗਰਸ ਸਰਕਾਰ ਦੀ ਸ਼ਹਿ ਤੇ ਧਨਾਢ ਲੋਕਾਂ ਵਲੋਂ ਅਨੁਸੂਚਿਤ ਜਾਤੀ ਦੇ ਮਜਦੂਰ ਨਾਲ ਦਰਿੰਦਗੀ ਵਾਲਾ ਸਲੂਕ, ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਨੂੰ ਮਿਹਨਤ ਅਨੁਸਾਰ ਵਾਜਬ ਭੱਤਾ ਨਾ ਦੇਣਾ, ਪੰਜਾਬ ਅੰਦਰ ਸ਼ਰਾਬ ਮਾਫੀਆ ਵਲੋਂ ਗਲੀ ਗਲੀ ਵਿੱਚ ਸ਼ਰਾਬ ਦੇ ਨਜਾਇਜ ਧੰਦੇ ਨੂੰ ਉਤਸ਼ਾਹਿਤ ਕਰਨਾ ਆਦਿ ਤੋ ਇਲਾਵਾ ਹੋਰ ਭਖਦੇ ਮੁੱਦਿਆਂ ਤੇ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਮਿਤੀ 21ਮਈ ਨੂੰ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਸਬ ਡਵੀਜਨ ਅਫਸਰਾਂ ਰਾਹੀਂ ਮਾਨਯੋਗ ਰਾਜਪਾਲ ਦੇ ਨਾਮ ਯਾਦ ਪੱਤਰ ਸੌਂਪਿਆ ਗਿਆ।

ਲਾਲ ਸਿੰਘ ਸੁਲਹਾਣੀ,
ਸੂਬਾ ਸਕੱਤਰ
ਬਹੁਜਨ ਸਮਾਜ ਪਾਰਟੀ ਪੰਜਾਬ
22-5-2020

ਪੰਜ ਸਾਲਾਂ ਦੇ ਅੰਦਰ ਅੰਦਰ ਬਹੁਜਨ ਸਮਾਜ ਨੂੰ ਦੇਸ਼ ਦਾ ਹੁਕਮਰਾਨ ਬਣਾਉਣਾ ਹੈ- ਕਾਂਸ਼ੀ ਰਾਮ

ਬਾਮਸੇਫ (ਮੁਲਾਜ਼ਮ ਜਥੇਬੰਦੀ) ਤੇ ਡੀ ਐਸ ਫੋਰ (ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ)ਨੂੰ ਰਜਿਸਟਰਡ ਕਰਵਾ ਕੇ ਸਾਹਿਬ ਕਾਂਸ਼ੀ ਰਾਮ ਨੂੰ ਘੇਰਨ ਅਤੇ ਬਾਂਹ ਮਰੋੜ ਕੇ ਝੁਕਾਅ ਲੈਣ ਦੀ ਉਮੀਦ ਵਿਚ ਬੈਠੀਆਂ ਕਾਲੀਆਂ ਭੇਡਾਂ ਦੇ ਸੁਪਨੇ ਚਕਨਾਚੂਰ ਕਰਕੇ ਉਹ ਹਾਥੀ ਦੀ ਮਸਤ ਚਾਲ ਅਗੇ ਈ ਅਗੇ ਵਧ ਰਹੇ ਸਨ। ਉਹਨਾਂ ਦੀ ਰਹਿਨੁਮਾਈ ਹੇਠ ਬਸਪਾ ਦੇਸ਼ ਦੀ ਰਾਜਨੀਤੀ ਵਿਚ ਚਰਚਿਤ ਹੋ ਚੁਕੀ ਸੀ। ਸਾਹਿਬ ਨਾਲ ਸੰਬੰਧਤ ਮੁਲਾਜ਼ਮ ਪੂਰੀ ਤਨਦੇਹੀ ਦਿਆਨਤਦਾਰੀ ਅਤੇ ਮਿਸ਼ਨਰੀ ਹੁੱਬ ਨਾਲ ਦਿਨ ਰਾਤ ਇਕ ਕਰਕੇ ਸਮਾਜ ਨੂੰ ਜਾਗਰਤ ਕਰ ਰਹੇ ਸਨ। ਪੰਜਾਬ ਦੀ ਮੁਲਾਜ਼ਮ ਜਥੇਬੰਦੀ ਵਿਚ ਮੈਂ ਚਰਚਿਤ ਹੋ ਚੁਕਿਆ ਸਾਂ ਤੇ ਮੇਰੀਆਂ ਸਰਗਰਮੀਆਂ ਦਾ ਘੇਰਾ ਵਸੀਹ ਹੋ ਗਿਆ ਸੀ । ਮੈ 1986 ਵਿਚ ਸ਼ਿਮਲਾ ਲੋਕ ਸਭਾ ਸੀਟ ਆਪਣੇ ਦਫਤਰ ਤੋਂ ਛੁਟੀ ਲੈਕੇ ਬਹੁਜਨ ਸਮਾਜ ਪਾਰਟੀ ਲਈ 15 -20 ਦਿਨ ਪ੍ਰਚਾਰ ਕਰਨ ਚਲਾ ਗਿਆ। ਉਮੀਦ ਵਾਰ ਬੀਬੀ ਦਾ ਨਾਮ ਤਾਂ ਵਿਸਰ ਗਿਆ ਹੈ ਪਰ ਰੇਖਾ ਪ੍ਰਿੰਟਿੰਗ ਪ੍ਰੈਸ ਸੀ ਉਹਨਾ ਦੀ ਸ਼ਿਮਲੇ ਵਿਚ । ਮਾਰਚ 1987 ਵਿਚ ਮੈਂ ਆਪਣਾ ਵਡਾ ਜਥਾ ਲੈਕੇ ਕਾਂਸ਼ੀ ਪੁਰ ਸੀਟ ਤੇ ਹੋ ਰਹੀ ਜ਼ਿਮਨੀ ਚੋਣ 'ਚ ਆਪਣੀ ਪਛਾਣ ਬਣਾ ਚੁੱਕਾ ਸੀ ਜਿਸ ਦਾ ਜ਼ਿਕਰ ਕਾਂਸ਼ੀ ਪੁਰ ਚੋਣ ਵਾਲੇ ਕਾਂਡ ਵਿਚ ਵਿਸਥਾਰਪੂਰਵਕ ਕੀਤਾ ਜਾ ਚੁੱਕਾ ਹੈ। ਇਸੇ ਸਾਲ ਮੁਕਤਸਰ ਸਾਹਿਬ ਵਿਖੇ ਇਕ ਸੰਮੇਲਨ ਤੋ ਬਾਅਦ ਫਿਰੋਜ਼ਪੁਰ ਵਿਚ ਰਾਤ ਠਹਿਰਨ ਅਤੇ ਕਾਰਜਕਰਤਾਵਾਂ ਨਾਲ ਮਿਲਣ ਦਾ ਸਾਹਿਬ ਕਾਂਸ਼ੀ ਰਾਮ ਦਾ ਪਰੋਗਰਾਮ ਸਾਨੂੰ ਮਿਲ ਗਿਆ। ਸਾਡੇ ਸਾਰੇ ਮੁਲਾਜ਼ਮਾਂ ਅਤੇ ਬਸਪਾ ਦੇ ਸਰਗਰਮ ਕਾਰਕੁੰਨਾਂ ਦੇ ਉਸ ਵਕਤ ਸਧਾਰਨ ਜਿਹੇ ਘਰ ਸਨ । ਕਿਸੇ ਦੇ ਘਰ ਵੀ ਕੋਈ ਢੰਗ ਦਾ ਬਾਥਰੂਮ ਨਹੀਂ ਸੀ। ਉਦੋਂ ਸਾਡੇ ਘਰਾਂ 'ਚ ਪੱਛਮੀ ਤਰਜ ਦੇ ਕਮੋਡ (commode) ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ । ਇਸ ਲਈ ਸਾਹਿਬ ਨੂੰ ਰਾਤ ਕਿਸ ਦੇ ਘਰ ਠਹਿਰਾਇਆ ਜਾਵੇ ਇਸ ਤੇ ਵਿਚਾਰ ਚਰਚਾ ਹੁੰਦੀ ਰਹੀ। ਅਖੀਰ ਬਾਮਸੇਫ ਦੇ ਇਕ ਕਾਰਕੁੰਨ ਬਾਬੂ ਮੁਲਖ ਰਾਜ ਦੇ ਪੁਤਰ ਸਤਪਾਲ ਜੇ ਈ ਦੇ ਘਰ ਟੈਂਕਾਂ ਵਾਲੀ ਬਸਤੀ ਵਿਖੇ ਠਹਿਰਾਉਣ ਦਾ ਪਰਬੰਧ ਕਰ ਲਿਆ ਗਿਆ।

ਮੈਂ ਮੁਕਤਸਰ ਦੇ ਪਰੋਗਰਾਮ ਤੋਂ ਬਾਅਦ ਸਾਹਿਬ ਕਾਂਸ਼ੀ ਦੇ ਨਾਲ ਰਾਤ 8:30-900 ਵਜੇ ਰਵਿਦਾਸ ਭਵਨ ਬਸਤੀ ਟੈਂਕਾਂ ਵਾਲੀ ਵਿਚ ਪੁੱਜਾ। ਮੇਰੇ ਬਾਮਸੇਫ ਦੇ ਸਾਥੀਆਂ ਨੇ ਸ਼ਾਨਦਾਰ ਪਰਬੰਧ ਕਰ ਲਿਆ ਸੀ। ਸਾਡੇ ਸਾਰੇ ਪਰਵਾਰ ਔਰਤਾਂ ਤੇ ਬਚਿਆਂ ਸਮੇਤ ਸਾਹਿਬ ਦੇ ਸੁਆਗਤ ਲਈ ਅਖਾਂ ਵਿਛਾਈ ਪਬਾਂ ਭਾਰ ਹਾਜਰ ਸਨ। ਰੇਲਵੇ ਦੇ ਸੁਪਰਡੈਂਟ ਉਘੇ ਅੰਬੇਡਕਰੀ ਬਾਬੂ ਦੌਲਤ ਰਾਮ ਨੇ ਸਾਹਿਬ ਨੂੰ ਦਿਲ ਦੀਆਂ ਗਹਿਰਾਈਆਂ ਵਿੱਚੋਂ ਜੀਅ ਆਇਆਂ ਆਖਿਆ। ਸਾਰੇ ਦਿਨ ਦੀ ਥਕਾਵਟ ਹੋਣ ਦੇ ਬਾਵਜੂਦ ਸਾਹਿਬ ਕਾਂਸ਼ੀ ਰਾਮ ਖੁਸ਼ੀ ਖੁਸ਼ੀ ਬੜਾ ਖੁੱਲ੍ਹ ਕੇ ਬੋਲੇ।

ਆਪਣੇ ਅੰਦਾਜ਼ ਵਿਚ ਉਹਨਾ ਪੂਰੇ ਦੇਸ਼ ਵਿਚ ਉਸਰ ਰਹੀ ਬਹੁਜਨ ਲਹਿਰ ਦੀ ਜਾਣਕਾਰੀ ਦਿਤੀ। ਉਹਨਾਂ ਨੇ ਆਪਣੇ ਸੰਘਰਸ਼ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਦਸਿਆ ਕਿ "ਸਾਡੇ ਬਜ਼ੁਰਗਾਂ ਦਾ ਸੁਪਨਾ ਪੂਰਾ ਕਰਨ ਲਈ ਮੈਂ ਆਪਣਾ ਜੀਵਨ ਸਮਾਜ ਨੂੰ ਸਮਰਪਿਤ ਕਰ ਚੁੱਕਾ ਹਾਂ। ਇਹ ਸੰਕਲਪ ਲੈਕੇ ਤੁਰਿਆ ਹਾ ਕਿ ਦੱਬੇ ਕੁਚਲੇ ਸਮਾਜ ਨੂੰ ਸਨਮਾਨਿਤ ਜਿੰਦਗੀ ਜਿਉਣ ਦੇ ਲਾਇਕ ਅਤੇ ਰਾਜ ਭਾਗ ਵਿਚ ਹਿੱਸੇਦਾਰ ਤੇ ਹੁਕਮਰਾਨ ਬਣਾਉਣ ਲਈ ਸਾਰੀ ਉਮਰ ਕੁਆਰਾ ਰਹਿਣ ਭਾਵ ਆਪਣਾ ਪਰਵਾਰ ਨਾ ਬਣਾਉਣ, ਬੈਂਕ ਬੈਲੈਂਸ ਨਾ ਬਣਾਉਣ ਅਤੇ ਪੂਰੀ ਦੁਨੀਆਂ ਵਿਚ ਸਾਢੇ ਤਿੰਨ ਹਥ ਜ਼ਮੀਨ (ਜਿਹੜੀ ਮਰਨ ਤੋਂ ਬਾਅਦ ਹਰ ਹਾਲਤ ਵਿਚ ਮਿਲ ਹੀ ਜਾਣੀ ਐ) ਦਾ ਮਾਲਕ ਵੀ ਨਾ ਬਣਨ ਦਾ ਸੰਕਲਪ ਲੈਕੇ ਤੁਰਿਆ ਹਾਂ। ਗੁਰੂ ਰਵਿਦਾਸ ਦਾ ਸੁਪਨਾ ਬੇਗਮਪੁਰਾ ਵਸਾਉਣ ਦਾ ਸੀ ਪਰ ਸਾਡਾ ਸਮਾਜ ਉਹਨਾਂ ਦਾ ਉਹ ਆਦੇਸ਼ ਉਦੇਸ਼ ਤੇ ਉਪਦੇਸ਼ ਭੁਲਾ ਕੇ ਉਹਨਾਂ ਦੇ ਨਾਮ ਤੇ ਢੋਲਕੀਆਂ ਛੈਣੇ ਵਜ-ਾਉਣ ਵਿਚ ਮਸ਼ਰੂਫ ਹੈ।"

"ਬਾਬਾ ਸਾਹਿਬ ਡਾ: ਭੀਮ ਰਾਓ ਨੇ ਆਪਣੇ ਸਾਰੇ ਸੁਖ ਆਰਾਮ ਛੱਡਕੇ ਦਲਿਤ ਸੋਸ਼ਿਤ ਸਮਾਜ ਨੂੰ ਰਾਜ ਪਾਟ ਦਾ ਮਾਲਕ ਬਣਾਉਣ ਲਈ ਸੰਘਰਸ਼ ਵਿੱਢਿਆ। ਉਹਨਾਂ ਦੀ ਸੋਚ ਸੀ ਕਿ ਪੜ੍ਹ ਲਿਖ ਕੇ ਮੇਰੇ ਸਮਾਜ ਦੇ ਲੋਕ ਰਾਜ ਭਾਗ ਦੀ ਸਥਾਪਤੀ ਲਈ ਅਗੇ ਆਉਣਗੇ। ਪਰ ਉਹ ਬਾਬਾ ਸਾਹਿਬ ਦੀ ਗਲ ਭੁਲ ਕੇ ਗਾਂਧੀ ਦੇ ਹਰੀਜਨ ਬਣਕੇ ਰਹਿ ਗਏ ਹਨ । ਇਸ ਲਈ ਮੈਂ ਬਾਰ ਬਾਰ ਇਹ ਸੋਚਦਾ ਸੀ ਕਿ ਜਦੋਂ ਤਕ ਇਹ ਲੋਕ ਰਾਜ ਭਾਗ ਦੇ ਮਾਲਕ ਨਹੀ ਬਣ ਜਾਂਦੇ ਉਦੋਂ ਤਕ ਏਹਨਾਂ ਦਾ ਕਲਿਆਣ ਨਹੀਂ ਹੋ ਸਕਦਾ। ਪਰ ਇਹ ਗਲ ਮੈਂ ਕਿਸੇ ਨੂੰ ਬੋਲਦਾ ਨਹੀ ਸੀ। ਮੇਰੇ ਦਿਮਾਗ ਵਿਚ ਇਹ ਗਲ ਆਉਂਦੀ ਸੀ ਅਰ ਮੈਂ ਪਰੇਸ਼ਾਨ ਹੋਕੇ ਚੁਪ ਕਰਕੇ ਬੈਠ ਜਾਂਦਾ ਸੀ। ਬੋਲਣ ਲਾਇਕ ਇਹ ਗਲ ਨਹੀ ਸੀ। ਬਾਮਸੇਫ ਬਣਾਉਣ ਤੋਂ ਬਾਅਦ, 1978 ਤੋਂ ਬਾਅਦ, ਬਹੁਜਨ ਸਮਾਜ ਪਾਰਟੀ ਬਣਾਉਣ ਤੋਂ ਪਹਿਲਾਂ ਜਦ ਮੈਨੂੰ ਇਹ ਲਗਣ ਲੱਗਾ ਕਿ ਇਹ ਕੰਮ ਹੋਣਾ ਚਾਹੀਦਾ ਹੈ ਜਦ ਤਕ ਇਹ ਇਸ ਦੇਸ਼ ਦੇ ਹੁਕਮਰਾਨ ਨਹੀ ਬਣ ਜਾਂਦੇ ਤਦ ਤਕ ਇਹਨਾਂ ਦੀਆਂ ਮੁਸ਼ਕਲਾਂ ਦਾ ਹਲ ਨਹੀ ਹੋ ਸਕਦਾ । ਇਸ ਲਈ ਇਸ ਦਿਸ਼ਾ ਵਿੱਚ ਅਗੇ ਵਧਣਾ ਚਾਹੀਦਾ ਹੈ। ਏਸੇ ਲਈ ਉਸ ਤੋਂ ਬਾਅਦ ਇਸ ਦਿਸ਼ਾ ਵਿੱਚ ਅਗੇ ਵਧਣ ਦਾ ਫੈਸਲਾ ਕੀਤਾ ਕਿ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਹਥ ਸਤਾ ਆਉਣੀ ਚਾਹੀਦੀ ਹੈ ਅਰ ਉਸ ਸਤਾ ਦਾ ਸਹੀ ਉਪਯੋਗ ਕਰਕੇ ਬਹੁਜਨ ਸਮਾਜ ਦਾ ਹੌਸਲਾ ਵਧਾਉਣਾ ਚਾਹੀਦਾ ਹੈ। ਜਦੋਂ ਮੈਂ 1982 ਵਿਚ ਡੀ ਐਸ ਫੋਰ ਬਣਾ ਰਿਹਾ ਸੀ ਤਾਂ ਇਸ ਗਲ ਦਾ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ 1932 ਵਿਚ ਬਾਬਾ ਸਾਹਿਬ ਨੇ ਕਿਹਾ ਸੀ ਕਿ "ਜਾਉ ਆਪਣੀਆਂ ਦੀਵਾਰਾਂ ਤੇ ਲਿਖ ਦਿਓ ਕਿ ਅਸੀ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ।" 1982 ਵਿਚ ਪੰਜਾਹ ਸਾਲ ਬਾਅਦ ਮੈਂ ਚੁਪਕੇ ਚੁਪਕੇ ਇਸ ਬਾਰੇ ਸੋਚਦਾ ਸੀ। ਮੈਂ ਕਿਸੇ ਨੂੰ ਬੋਲਦਾ ਨਹੀ ਸੀ। ਕਦੀ ਮੈਨੂੰ ਲਗਦਾ ਸੀ ਕਿ ਲੋਕ ਮੇਰਾ ਮਜ਼ਾਕ ਉਡਾਉਣਗੇ । ਭਾਈ ਇਹ ਲੋਕ, ਭਿਖਾਰੀ ਲੋਕ, ਦੱਬੇ ਕੁਚਲੇ ਲੋਕ ਕਿਆ ਸਰਕਾਰ ਬਣਾਉਣਗੇ, ਕਿਆ ਸਰਕਾਰ ਚਲਾਉਣਗੇ। ਇਸ ਤਰ੍ਹਾਂ ਉਸ ਵਕਤ ਤਕ ਮੈਂ ਐਸਾ ਦਬੀ ਆਵਾਜ ਵਿਚ ਬੋਲਦਾ ਸੀ। ਲੇਕਿਨ ਅਜ ਮੈਂ ਬੇਸ਼ਰਮ ਹੋਕੇ ਬੜੀ ਬੇਸ਼ਰਮੀ ਨਾਲ ਬੋਲਦਾ ਹਾਂ ,ਚਿਲਾਉਂਦਾ ਹਾਂ ਅਰ ਮਨੂਵਾਦੀਆਂ ਨੂੰ ਡਰਾਉਂਦਾ ਹਾਂ ਕਿ ਬਈ ਪੰਜ ਸਾਲਾਂ ਦੇ ਅੰਦਰ ਅੰਦਰ ਬਹੁਜਨ ਸਮਾਜ ਨੂੰ ਦੇਸ਼ ਦਾ ਹੁਕਮਰਾਨ ਬਣਾਉਣਾ ਹੈ। ਅਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜ ਸਾਲ ਦੇ ਅੰਦਰ ਅੰਦਰ ਬਹੁਜਨ ਸਮਾਜ ਨੂੰ ਦੇਸ਼ ਦਾ ਹੁਕਮਰਾਨ ਬਣਾਉਣਾ ਹੈ।"

ਲਾਲ ਸਿੰਘ ਸੁਲਹਾਣੀ
91-98721-55120

ਅਗਲੇ ਦਿਨ ਸਾਹਿਬ ਕਾਂਸ਼ੀ ਰਾਮ ਸਵੇਰੇ ਅਠ ਕੁ ਵਜੇ ਤਕ ਤਿਆਰ ਹੋ ਚੁੱਕੇ ਸਨ ਤੇ ਮੈਂ ਉਹਨਾਂ ਨੂੰ ਆਪਣੇ ਦਸ਼ਮੇਸ਼ ਨਗਰ ਵਿਚਲੇ ਸਧਾਰਨ ਜਿਹੇ ਘਰ ਵਿਚ ਲੈ ਆਇਆ। ਉਹਨਾਂ ਮੇਰੇ ਪਰਵਾਰ ਨਾਲ, ਮੇਰੇ ਛੋਟੇ ਛੋਟੇ ਬਚਿਆਂ ਨਾਲ ਪਿਆਰ ਕੀਤਾ। ਸੁਖ ਸਾਂਦ ਪੁੱਛੀ। ਹਲਕੀਆਂ ਫੁਲਕੀਆਂ ਪਰਵਾਰਕ ਗਲਾਂ ਕਰਕੇ ਹਸਦੇ ਹਸਾਉਂਦੇ ਰਹੇ। ਜਲ ਪਾਣੀ ਤੋ ਇਲਾਵਾ ਮੇਰੀ ਪਤਨੀ ਬਲਵੰਤ ਹਥ ਨਾਲ ਵਟੀਆਂ ਸੇਵੀਆਂ ਦੁਧ 'ਚ ਉਬਾਲ ਕੇ ਲੈ ਆਈ। ਸਾਹਿਬ ਬੜੇ ਚਾਅ ਨਾਲ ਛਕਦਿਆਂ ਕਹਿਣ ਲਗੇ " ਤੂੰ ਤਾਂ ਸੇਵੀਆਂ ਬਹੁਤ ਸਵਾਦ ਬਣਾਈਆਂ ਨੇ ਬਈ ਲਗਦੈ ਸੇਵੀਆਂ ਖਾਣ ਫਿਰ ਆਉਣਾ ਪਊ।"

ਉਸ ਤੋਂ ਬਾਅਦ ਮੇਰੇ ਘਰ ਲਾਗੇ ਨਾਮਦੇਵ ਚੌਕ 'ਚ ਬਾਮਸੇਫ ਦੇ ਸਾਡੇ ਛੋਟੇ ਜਿਹੇ ਦਫਤਰ ਵਿਚ ਕੁਝ ਚੋਣਵੇਂ ਮੁਲਾਜਮ ਸਾਥੀਆਂ ਨੂੰ ਮਿਲਕੇ/ ਸੰਬੋਧਨ ਕਰਕੇ ਉਹ ਅਗਲੇ ਪੜਾਅ ਲਈ ਰਵਾਨਾ ਹੋ ਗਏ।

ਮਹਿੰਦੀ ਰੰਗਾ !!

ਹਸੂੰ ਹਸੂੰ ਕਰਦੇ ਚਿਹਰੇ ਵਾਲੀ ਸੁਹਿਰਦ ਕੁੜੀ, ਮਨ ਕਿਤੇ ਵੀ ਦੁੱਖ ਵੇਖੇ ਤੇ ਪਸੀਜ ਜਾਏ, ਆਪਣਾ ਆਪ ਵਿਛਾ ਦੇਣਾ ਲੋਚੇ । ਰੱਸੀ ਵਰਗੀ ਜ਼ਿੰਦਗੀ ਤੇ ਤੁਰਦਿਆਂ ਵੀ ਤੁਹਾਡੇ ਵੱਲ ਮੁਸਕਰਾ ਕੇ ਹੀ ਵੇਖੇਗੀ ਤੇ ਤੁਸੀਂ ਆਸੀਸ ਦਿੱਤੇ ਬਿਨਾਂ ਨਾ ਰਹਿ ਪਾਓਗੇ । ਅਜਿਹੇ ਲੋਕ ਕੁਝ ਕਰਦੇ ਦੇਰੀ ਜ਼ਰੂਰ ਕਰਦੇ ਨੇ, ਸ਼ਾਇਦ ਤਾਂ ਕਿ ਉਹਨਾਂ ਦੇਰ ਤੱਕ ਫਿਜ਼ਾਵਾਂ 'ਚ ਰਹਿਣਾ ਹੁੰਦਾ ਏ, ਦੇਰ ਤੱਕ ਦਿਲਾਂ 'ਚ ਧੜਕਣਾ ਹੁੰਦਾ ਹੈ। ਗੁਰਲਗਨ ਨੂੰ ਤੁਹਾਡੇ ਚੌ ਬਹੁਤਿਆਂ ਨੇ ਜ਼ਰੂਰ ਸੁਣਿਆ ਹੋਏਗਾ, ਕਿਤੇ ਕੋਈ ਗੀਤ, ਲੋਕ ਗੀਤ ਜਾਂ ਕੋਈ ਗ਼ਜ਼ਲ ਗਾਉਂਦਿਆਂ ਉਸਦਾ ਇਹ ਪਹਿਲਾ ਗੀਤ ਆ ਤੇ ਉਸਨੂੰ ਇਸ ਖ਼ੁਸ਼ੀ ਦੀ ਬਹੁਤ ਬਹੁਤ ਮੁਬਾਰਕਬਾਦ।

ਬੋਲ ਉਸਦੀ ਅਵਾਜ਼ 'ਚ ਮਿੱਠੇ ਹੋ ਹੋ ਜਾਂਦੇ ਨੇ, ਉਸਦੀ ਅਵਾਜ਼ 'ਚ ਇੰਨੀ variation ਆ ਕਿ ਕਿਸੇ ਵੀ ਭਾਸ਼ਾ ਨੂੰ ਸੌਖਿਆਂ ਤੇ ਬੜਾ ਅੱਛਾ ਨਿਭਾ ਲੈਂਦੀ ਆ, ਇੱਕ ਵਾਰ ਉਸਨੇ ਹੱਸਦੇ ਹੱਸਦੇ ਕੋਈ English song ਸੁਣਾਇਆ ਤਾਂ ਹੈਰਾਨ ਰਹਿ ਗਿਆ ਸਾਂ। ਆਸ ਕਰਦੇ ਆਂ ਕਿ ਆਉਂਦਾ ਵਕਤ ਉਸਦੀ ਪ੍ਰਤਿਭਾ ਨੂੰ ਜ਼ਰੂਰ ਪਛਾਣੇਗਾ।

Black bee ਵਾਲੇ ਵੀਰ ਸੁਖਪਾਲ ਦਰਸ਼ਨ ਹੁਣਾਂ ਦਾ ਧੰਨਵਾਦ ਵੀ ਤੇ ਵਧਾਈਆਂ ਵੀ ਅਤੇ ਉਸਦੇ ਸੱਭ ਆਪਣਿਆਂ ਦੇ ਨਾਲ ਨਾਲ ਕਿੱਟੂ ਕਮਲ, ਬਲਜੀਤ ਅਟਵਾਲ, ਰਮਨ ਤੂਰ ਵਰਗੇ ਉਸਦੇ ਸੱਭ ਦੋਸਤਾਂ ਨੂੰ ਮੁਬਾਰਕਬਾਦ ਤੇ ਸਾਨੂੰ ਚਾਅ ਇਸ ਗੱਲ ਦਾ ਹੈ ਕਿ ਉਸਦਾ ਇਹ ਪਲੇਠਾ ਗੀਤ ਆਪਣਾ ਹੈ ।

– ਸੇਵਕ ਸਿੰਘ ਐਡਮਿੰਟਨ

ਇੰਨਾ ਪਿਆਰ ਨੀ ਸੰਭਾਲ ਸਾਥੋਂ ਹੋਣਾ

ਹਰਦੀਪ ਭੈਣ ਨਾਲ ਸ਼ਾਇਦ ਦੋ ਦਿਨ ਪਹਿਲਾਂ ਹੀ ਪਹਿਲੀ ਵਾਰ ਗੱਲ ਹੋਈ ਹੈ। ਕਈ ਵਾਰ ਕਿਸੇ ਨਾਲ ਮੁਦਤਾਂ ਰਹਿ ਕੇ ਵੀ ਕਿਸੇ ਨੂੰ ਜਾਣ ਨੀਂ ਪਾਉਂਦੇ।ਤੇ ਭੈਣ ਨੇ ਮੇਰੇ ਪ੍ਰੋਫਾਈਲ ਦੀ ਕੱਲੀ ਕੱਲੀ ਪੋਸਟ ਨੂੰ ਪੜ੍ਹ ਕੇ ਮੈਨੂੰ ਧੁਰ ਅੰਦਰ ਤਕ ਜਾਣ ਲਿਆ।ਹੈਰਤ ਵੀ ਹੋਈ ਖ਼ੁਸ਼ੀ ਵੀ। ਇੰਨੀਆਂ ਮੁਹੱਬਤਾਂ ਦੇਣ ਲਈ ਧੁਰ ਅੰਦਰੋਂ ਦੁਆਵਾਂ, ਮੁਹੱਬਤਾਂ, ਪਿਆਰ ਤੇ ਸਤਿਕਾਰ।

"ਮਹਿੰਦੀ ਰੰਗਾ" ਗੀਤ ਸੁਣਦਿਆਂ ਬੜਾ ਅਨੰਦ ਆਉਂਦੈ। ਇਹ ਗੀਤ ਸੇਵਕ ਸਿੰਘ ਦੀ ਕਲਮ 'ਚੋਂ ਉਪਜ ਗੁਰਲਗਨ ਦੀ ਆਵਾਜ਼ ਨਾਲ ਰਲ ਕੇ ਅੱਜ ਹਰ ਇੱਕ ਦੇ ਦਿਲ ਨੂੰ ਟੁੰਬ ਰਿਹਾ ਹੈ। ਗੁਰਲਗਨ ਨੂੰ ਮੈਂ ਪੰਜਾਬੀ ਲੋਕਧਾਰਾ ਰਾਹੀਂ ਜਾਣਦੀ ਸਾਂ। ਉਹ ਇੱਕ ਆਦਰਸ਼ ਅਧਿਆਪਕਾ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਖਿੜੇ ਮੱਥੇ ਜੀ ਆਇਆਂ ਕਹਿੰਦੀ ਹੈ। ਆਪਣੀ ਉਭਰਦੀ ਗਾਇਨ ਕਲਾ ਨਾਲ ਉਸ ਨੇ ਸਰੋਤਿਆਂ 'ਚ ਪਹਿਲਾਂ ਹੀ ਥਾਂ ਬਣਾ ਲਈ ਸੀ ਜਦੋਂ ਕਦੇ ਉਹ ਸੁਰਿੰਦਰ ਕੌਰ ਦਾ ਗੀਤ 'ਮਹਿਰਮ ਦਿਲਾਂ ਦੇ ਮਾਹੀ ਮੋੜੇਗਾ ਕਦ ਮੁਹਾਰਾਂ' ਤੇ ਕਦੇ ਕੋਈ ਪਾਕਿ-ਸਤਾਨੀ ਗੀਤ (Farah Anwer) 'ਹੁਣ ਮੇਰੇ ਕੋਲੋਂ ਨਹੀਓਂ ਦੁੱਖ ਹੁੰਦੇ ਸਹਿਣ ਵੇ' ਆਪਣੇ ਹੀ ਅੰਦਾਜ਼ ਪੇਸ਼ ਕਰਦੀ ਹੈ।

ਗੁਰਲਗਨ ਸਦਾ ਹੰਸੂ -ਹੰਸੂ ਕਰਦੀ ਰਹਿੰਦੀ ਹੈ ਤੇ ਆਪਣੀ ਮੁਸਕਾਨ ਨੂੰ ਆਪਣੀ ਸਭ ਤੋਂ ਵੱਡੀ ਸਾਰਥਕ ਊਰਜਾ ਮੰਨਦੀ ਹੈ।

ਕਦੇ ਉਹ ਰੋਸਿਆਂ ਤੇ ਰੁਝੇਵਿਆਂ ਦੇ ਰੌਲ਼ੇ ਨੂੰ ਛੱਡ ਕੌਫ਼ੀ ਦੀ ਚੁਸਕੀ ਸੰਗ ਪੀੜਾਂ ਨੂੰ ਪੀਣ ਦੀ ਗੱਲ ਕਰਦੀ ਹੈ ਤੇ ਕਦੇ ਕੁਦਰਤ ਸੰਗ ਕੁਦਰਤ ਹੋ ਜਾਣ ਨੂੰ ਕਹਿੰਦੀ ਹੈ। ਅੱਜ ਤੜਕੇ ਜਿਹੇ ਉਸ ਮੈਨੂੰ ਕਿਹਾ ਕਿ ਡਰ ਨੂੰ ਮਹਿਸੂਸ ਕਰੋ ਪਰ ਫਿਰ ਇਸ ਨੂੰ ਕਰ ਦਿਓ।

ਹੁਣੇ ਹੁਣੇ ਪ੍ਰੀਤ ਖ਼ੁਆਬਾਂ ਨੂੰ ਉਣਦਾ ਗੀਤ 'ਮਹਿੰਦੀ ਰੰਗਾ' ਲੈ ਕੇ ਤੁਹਾਡੇ ਰੂਬਰੂ ਹੋਈ ਹੈ।ਗੀਤ ਦਾ ਸੰਗੀਤ ਮਨ ਨੂੰ ਮੁਗਧ ਕਰ ਦਿੰਦਾ ਹੈ। ਗੀਤਕਾਰ ਸੇਵਕ ਸਿੰਘ ਦੀ ਕਲਮ 'ਚੋਂ ਨਿਕਲੇ ਏਸ ਗੀਤ ਵਿਚਲੇ ਸ਼ਬਦ ਖ਼ਾਸ ਖਿੱਚ ਦਾ ਕਾਰਨ ਬਣਦੇ ਨੇ; ਖ਼ਾਸਕਰ 'ਬੂਟੜਾ' ਝੂਟੜਾ' ਸੂਟੜਾ।

ਮੈਂਡੜਾ/ ਤੈਂਡੜਾ/ ਵਾਲੜਾ ਜਿਹੀ ਸ਼ਬਦਾਵਲੀ 16ਵੀਂ ਤੋਂ 18ਵੀਂ ਸਦੀ 'ਚ ਪ੍ਰਚਲਤ ਸੀ। ਅੱਜ ਵੀ ਅਜਿਹੇ ਸ਼ਬਦ ਪਾਠਕ ਦਾ ਧਿਆਨ ਖਿੱਚਦੇ ਨੇ। ਅਜਿਹੀਆਂ ਕੋਸ਼ਿਸ਼ਾਂ ਭਵਿੱਖ ਵਿੱਚ ਵੀ ਹੁੰਦੀਆਂ ਰਹਿਣਗੀਆਂ ਇਹੋ ਆਸ ਰੱਖਦੇ ਹਾਂ। ਸਮੁੱਚੀ ਟੀਮ ਹੀ ਵਧਾਈ ਦੀ ਹੱਕਦਾਰ ਹੈ। ਅਖ਼ੀਰ 'ਚ ਗੁਰਲਗਨ ਨੂੰ ਇਸ ਪ੍ਰਾਪਤੀ ਦੀਆਂ ਢੇਰ ਮੁਬਾਰਕਾਂ ਦਿੰਦੀ ਹੋਈ ਕਹਿਣਾ ਚਾਹਾਂਗੀ -

ਤੇਰੇ ਬੋਲਾਂ ਦੀ ਕੇਹੀ ਸੁਰਖ਼ ਲੋਅ
ਚੁਫ਼ੇਰੇ ਬਿਖਰੀ ਵਿਸਮਾਦੀ ਖ਼ੁਸ਼ਬੋ

– ਡਾ. ਹਰਦੀਪ ਕੌਰ ਸੰਧੂ

ਸ੍ਰੀ ਸੁਰਿੰਦਰਪ੍ਰੀਤ ਘਣੀਆਂ ਵੱਲੋ ਸਾਡੀ ਪਿਆਰੀ ਬੱਚੀ 'ਗੁਰਲਗਨ' ਦੇ ਗਾਏ ਗੀਤ "ਮਹਿੰਦੀ ਰੰਗਾ" ਬਾਰੇ ਖ਼ੂਬਸੂਰਤ ਅਲਫ਼ਾਜ਼

ਗੁਰਲਗਨ ਬੁਨਿਆਦੀ ਤੌਰ ਤੇ ਬੇਸ਼ੱਕ ਅਧਿਆਪਨ ਜਿਹੇ ਪਵਿੱਤਰ ਕਾਰਜ ਨਾਲ ਜੁੜੀ ਹੋਈ ਹੈ ਪਰ ਕੁਦਰਤ ਨੇ ਉਸ ਨੂੰ ਕਈ ਕਲਾਵਾਂ ਨਾਲ ਮਾਲੋ ਮਾਲ ਕੀਤਾ ਹੋਇਆ ਹੈ। ਸਾਡੇ ਪਰਮ ਲੇਖਕ ਮਿੱਤਰ ਲਾਲ ਸਿੰਘ ਸੁਲਹਾਣੀ ਦੀ ਹੋਣਹਾਰ ਸਪੁੱਤਰੀ ਗੁਰਲਗਨ ਵਧੀਆ ਡਾਂਸਰ ਹੈ, ਇੱਕ ਆਦਰਸ਼ ਅਧਿਆਪਕਾ ਹੈ। ਇੱਥੇ ਮੈਂ ਉਸ ਦੀ ਸਭ ਤੋਂ ਉੱਭਰਵੀ ਗਾਇਨ ਕਲਾ ਬਾਰੇ ਗੱਲ ਕਰਨੀ

ਪਿੰਡਾਂ ਨੂੰ ਸਮਰੱਥਾਵਾਨ ਬਨਾਉਣ ਦੀ ਲੋੜ

ਗੁਰਮੀਤ ਪਲਾਹੀ
91-98158-02070

ਪਰ ਅੱਜ ਲੋੜ ਪਿੰਡ ਨੂੰ ਸਮਰੱਥਾਵਾਨ ਬਨਾਉਣ ਦੀ ਹੈ। ਭਾਵੇਂ ਪਿੰਡ ਦੇ ਕਾਫੀ ਸਾਧਨ ਹਥਿਆ ਲਏ ਗਏ ਹਨ, ਪਰ ਹਾਲੀ ਵੀ ਬਹੁਤ ਕੁਝ ਪਿੰਡ ਦੀ ਕੁੱਖ ਵਿੱਚ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ। ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂ ਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੇਤੀ ਅਧਾਰਤ ਉਦਯੋਗਾਂ ਨੂੰ ਪਿੰਡਾਂ 'ਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ 'ਚ ਰੁਜ਼ਗਾਰ ਸਿਰਜਨ ਹੋ ਸਕੇ। ਪਿੰਡਾਂ 'ਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ। ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤਾਂ ਦਿੱਤੀਆਂ ਜਾਣ, ਚੰਗੇ ਘਰ ਉਸਾਰੇ ਜਾਣ, ਬੁਨਿਆਦੀ ਢਾਂਚਾ ਉਸਾਰਿਆ ਜਾਵੇ ਅਤੇ ਰੁਜ਼ਗਾਰ ਦੇ ਸਾਧਨ ਪਿੰਡਾਂ ਵਿੱਚ ਹੀ ਪੈਦਾ ਕੀਤੇ ਜਾਣ ਤੇ ਪਿੰਡ ਨੂੰ ਆਤਮ ਨਿਰਭਰ ਬਣਾਇਆ ਜਾਏ, ਤਦੇ ਪਿੰਡ ਸਮਰੱਥਾਵਾਨ ਬਣੇਗਾ।

ਭਿਆਨਕ ਬੇਰੁਜ਼ਗਾਰੀ ਤੇ ਫਿਰ ਰੋਜ਼ਗਾਰ ਦੀ ਚਾਹਤ ਵਿੱਚ ਵਾਧਾ, ਮਿਹਨਤ ਅਤੇ ਆਮਦਨ ਵਿੱਚ ਕਮੀ, ਘੱਟ ਮੰਗ, ਵੱਧ ਬਿਮਾਰੀ ਅਤੇ ਗਰੀਬੀ, ਇਸ ਸਮੇਂ ਦਾ ਸੱਚ ਹੈ, ਜੋ ਆਮ ਆਦਮੀ ਦੀ ਝੋਲੀ ਅਚਾਨਕ ਪਾ ਦਿੱਤਾ ਗਿਆ ਹੈ। ਮਿਹਨਤ ਕਰਨ ਵਾਲਾ ਮਜ਼ਦੂਰ ਕੰਮ ਕਰਨਾ ਚਾਹੁੰਦਾ ਹੈ, ਉਸ ਕੋਲ ਕੰਮ ਨਹੀਂ ਹੈ। ਨਕਦ-ਨਾਮਾ ਕੋਲ ਨਹੀਂ, ਦੋ ਡੰਗ ਰੋਟੀ ਨਸੀਬ ਨਹੀਂ ਹੋ ਰਹੀ। ਦੇਸ਼ ਵਿੱਚ ਲੌਕ-ਡਾਊਨ ਨੇ ਸਭ ਕੁਝ ਬੰਦ ਕਰ ਦਿੱਤਾ ਹੈ। ਬੇਵਸ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਤੁਰ ਪਏ, ਕੋਈ ਪੈਦਲ, ਕੋਈ ਸਵਾਰੀ ਤੇ, ਕੋਈ ਰੇਲ ਗੱਡੀ ਤੇ, ਕੋਈ ਹੋਰ ਸਾਧਨ ਨਾਲ, ਇਸ ਆਸ ਨਾਲ ਕਿ "ਘਰ ਪਹੁੰਚਾਂਗੇ", ਘੱਟ ਖਾ ਲਵਾਂਗੇ , ਪਰ ਦਹਿਸ਼ਤ ਵਿਚੋਂ ਤਾਂ ਨਿਕਲਾਂਗੇ। ਪਰ ਪਿੰਡ ਵਿੱਚ ਰੋਜ਼ਗਾਰ ਕਿਥੇ ਹੈ? ਪਿੰਡ ਵਿੱਚ ਨਕਦੀ ਕਿਥੇ ਹੈ? ਪਿੰਡ ਵਿੱਚ ਸਹੂਲਤ ਕਿਥੇ ਹੈ? ਪਿੰਡ ਕੋਲ ਰੋਟੀ ਕਿਥੇ ਹੈ? ਸਭੋ ਕੁਝ ਉਲਟ-ਪੁਲਟ ਹੋ ਗਿਆ ਹੈ।

ਦੇਸ਼ ਦੋ ਤਿਹਾਈ ਪਿੰਡਾਂ 'ਚ ਵਸਦਾ ਹੈ। ਪਰ ਸਰਕਾਰਾਂ ਦਾ ਪਿੰਡਾਂ ਦੀ ਤਰੱਕੀ, ਪਿੰਡਾਂ 'ਚ ਰੁਜ਼ਗਾਰ, ਪਿੰਡਾਂ 'ਚ ਸਿੱਖਿਆ ਅਤੇ ਸਿਹਤ ਸੇਵਾਵਾਂ ਵੱਲ ਧਿਆਨ ਹੀ ਨਹੀਂ ਗਿਆ। ਹੁਣ ਜਦੋਂ ਲੌਕਡਾਊਨ ਹੋਇਆ ਹੈ, ਸ਼ਹਿਰਾਂ 'ਚੋਂ ਲੋਕ ਆਪਣੇ ਪਿਤਰੀ ਸੂਬਿਆਂ ਅਤੇ ਪਿੰਡਾਂ ਵੱਲ ਵਹੀਰਾਂ ਘੱਤ ਤੁਰ ਪਏ ਹਨ, ਤਾਂ ਕਈ ਨਵੀਆਂ ਚਣੌਤੀਆਂ ਖੜੀਆਂ ਹੋ ਗਈਆਂ ਹਨ। ਇਹਨਾ ਚਣੌਤੀਆਂ ਵਿਚੋਂ ਵਿਸ਼ੇਸ਼ ਕਰਕੇ ਜਿਥੇ ਸਿਹਤ ਅਤੇ ਜੀਵਨ ਦੀ ਰੱਖਿਆ ਕਰਨ ਦੀ ਚਣੌਤੀ ਹੈ, ਉਥੇ ਕਰੋੜਾਂ ਸਾਧਨ-ਹੀਣ ਲੋਕਾਂ ਦੇ ਖਾਣ-ਪਹਿਨਣ ਦੀ ਵੱਡੀ ਚਣੌਤੀ ਵੀ ਹੈ। ਇਹ ਚਣੌਤੀ ਸ਼ਹਿਰਾਂ ਨਾਲੋਂ ਪਿੰਡਾਂ ਲਈ ਵੱਧ ਹੈ, ਕਿਉਂਕਿ ਪਿੰਡ ਦੇਸ਼ ਦੀ ਆਜ਼ਾਦੀ ਦੇ 72 ਵਰ੍ਹਿਆਂ ਬਾਅਦ ਵੀ ਸਮਰੱਥਾਵਾਨ ਨਹੀਂ ਬਣ ਸਕੇ। ਬਾਵਜੂਦ ਇਸ ਗੱਲ ਦੇ ਕਿ ਸੈਂਕੜੇ ਨਹੀਂ ਹਜ਼ਾਰਾਂ ਸਕੀਮਾਂ ਪਿੰਡਾਂ ਦੇ ਸਰਬ ਪੱਖੀ ਵਿਕਾਸ ਲਈ ਬਣਾਈਆਂ ਗਈਆਂ, ਪਰ ਇਹ ਸਕੀਮਾਂ ਪਿੰਡ ਅਤੇ ਪਿੰਡ ਦੇ ਲੋਕਾਂ ਦਾ ਉਸ ਪੱਧਰ ਤੱਕ ਕੁਝ ਵੀ ਸੁਆਰ ਨਹੀਂ ਸਕੀਆਂ, ਜਿਸਦੀ ਲੋੜ ਸੀ। ਜੇਕਰ ਅਜਿਹਾ ਹੁੰਦਾ ਤਾਂ ਅੱਜ ਸੰਕਟ ਦੇ ਸਮੇਂ ਇਹ ਹਫੜਾ-ਤਫੜੀ ਵੇਖਣ ਨੂੰ ਨਾ ਮਿਲਦੀ। ਉਹ ਲੋਕ ਜਿਹੜੇ ਨੌਕਰੀ ਅਤੇ ਰੁਜ਼ਗਾਰ ਜਾਂ ਕੰਮ ਧੰਦੇ ਦੀ ਖ਼ਾਤਰ ਪਿੰਡ ਛੱਡਕੇ ਸ਼ਹਿਰਾਂ ਵੱਲ ਚਲੇ ਗਏ ਸਨ। ਉਹ ਵਿੱਦਿਆਰਥੀ ਜਿਹੜੇ ਪਿੰਡਾਂ ਇਲਾਕਿਆਂ 'ਚੋਂ ਸ਼ਹਿਰ ਵਿੱਚ ਪੜ੍ਹਾਈ ਕਰਨ ਗਏ ਸਨ, ਉਹ ਵੱਡੀ ਗਿਣਤੀ 'ਚ ਪਿੰਡਾਂ ਵੱਲ ਪਰਤ ਆਏ ਹਨ। ਜਿਸ ਨਾਲ ਪਿੰਡ ਜਿਹੜੇ ਪਹਿਲਾਂ ਹੀ ਬੁਨਿਆਦੀ ਲੋੜਾਂ ਸਮੇਤ ਸਰਬਜਨਕ ਸੁਵਿਧਾਵਾਂ ਤੋਂ ਸੱਖਣੇ ਹਨ, ਉਹਨਾਂ ਉਤੇ ਹੋਰ ਭਾਰ ਪੈ ਗਿਆ ਹੈ। ਜਿਸ ਨਾਲ ਸ਼ਹਿਰਾਂ ਨਾਲੋਂ ਵੱਧ ਪਿੰਡਾਂ ਦੇ ਲੋਕਾਂ ਵਿੱਚ ਸਮਾਜਿਕ ਸਥਿਰਤਾ ਅਤੇ ਸ਼ਾਂਤੀ ਉਤੇ ਬੁਰਾ ਪ੍ਰਭਾਵ ਪਿਆ ਹੈ। ਇਸ ਵਿਆਪਕ ਘਰ ਵਾਪਸੀ ਦੇ ਕਾਰਨ ਪਿੰਡਾਂ-ਕਸਬਿਆਂ ਵਿੱਚ ਅਜੀਬ ਕਿਸਮ ਦੀ ਕਸ਼ਮਕਸ਼ ਦੇਖਣ ਨੂੰ ਮਿਲ ਰਹੀ ਹੈ। ਸਥਾਨਕ ਲੋਕ, ਇਹਨਾ ਪ੍ਰਵਾਸੀ ਮਜ਼ਦੂਰਾਂ ਨੂੰ ਸ਼ਹਿਰੀਏ ਸਮਝਕੇ ਉਹਨਾ ਨਾਲ ਦੂਰੀ ਬਣਾ ਰਹੇ ਹਨ। ਥੋੜ੍ਹੀ ਬਹੁਤੀ ਜ਼ਮੀਨ-ਜ਼ਾਇਦਾਦ ਜਾਂ ਦੋ ਖਣ ਕੋਠੇ-ਕੋਠੀਆਂ ਦੇ ਝਗੜੇ ਵੀ ਵੇਖਣ ਨੂੰ ਮਿਲਣ ਲੱਗ ਪਏ ਹਨ।

ਸੂਬੇ ਦੇ ਆਪਣੇ ਸ਼ਹਿਰਾਂ ਤੋਂ ਪਿੰਡਾਂ ਵੱਲ ਹੀ ਮਜ਼ਦੂਰਾਂ ਦਾ ਪਲਾਇਣ ਨਹੀਂ ਵਧਿਆ, ਸਗੋਂ ਵਰ੍ਹਿਆਂ ਤੋਂ ਦੂਜੇ ਸੂਬਿਆਂ 'ਚ ਪ੍ਰਵਾਸ ਹੰਢਾ ਰਹੇ ਮਜ਼ਦੂਰ ਆਪਣੇ ਘਰਾਂ ਨੂੰ ਪਰਤੇ ਹਨ। ਇਹਨਾ ਵੱਖਰੇ ਸੂਬਿਆਂ 'ਚ ਉਥੋਂ ਦੇ ਸਭਿਆਚਾਰ, ਬੋਲੀ ਦਾ ਵੀ ਉਹਨਾ ਉਤੇ ਪ੍ਰਭਾਵ ਹੈ। ਅਤੇ ਸ਼ਹਿਰੀ ਸਭਿਆਚਾਰ ਦਾ ਵੀ। ਇਹਨਾ ਮਜ਼ਦੂਰਾਂ ਨੇ ਸ਼ਹਿਰਾਂ ਵਿੱਚ ਰਹਿਕੇ ਮਗਨਰੇਗਾ ਮਜ਼ਦੂਰਾਂ ਨਾਲੋਂ ਵੱਧ ਕਮਾਈ ਕੀਤੀ ਹੈ, ਇਹ ਮਜ਼ਦੂਰ ਹੁਣ ਮਗਨਰੇਗਾ ਮਜ਼ਦੂਰਾਂ ਨੂੰ ਆਪਣੇ ਨਾਲੋਂ ਮਿਲਦੀ ਅੱਧੀ ਦਿਹਾੜੀ ਉਤੇ ਪਿੰਡਾਂ 'ਚ ਕਿਵੇਂ ਕੰਮ ਕਰਨਗੇ? ਕਿਵੇਂ ਰੁਜ਼ਗਾਰ ਕਰਨਗੇ? ਕਿਉਂਕਿ ਸ਼ਹਿਰਾਂ 'ਚ ਰਹਿੰਦਿਆਂ ਇਹਨਾ ਮਜ਼ਦੂਰਾਂ ਦੀਆਂ ਪਤਨੀਆਂ, ਛੋਟੇ ਬੱਚੇ ਤੱਕ ਕੰਮ ਕਰਦੇ ਹਨ ਅਤੇ ਇੰਜ ਗੁਜ਼ਰ-ਬਸਰ ਕਰਦਿਆਂ ਆਪਣੀ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ।

ਘਰਾਂ ਨੂੰ ਪਰਤਣ ਵਾਲੇ ਸ਼ਹਿਰਾਂ 'ਚ ਰਹਿਣ ਵਾਲੇ ਇਹ ਪੀੜਤ ਲੋਕ ਉਂਜ ਸ਼ਹਿਰਾਂ 'ਚ ਸੁਖਾਵੀਆਂ ਹਾਲਤਾਂ ਵਿੱਚ ਨਹੀਂ ਸਨ ਰਹਿ ਰਹੇ। ਕਿਧਰੇ ਇੱਕ-ਇੱਕ ਕਮਰੇ 'ਚ 15 ਜਾਂ 20 ਬੰਦੇ, ਕਿਧਰੇ ਫੈਕਟਰੀਆਂ ਦੇ ਗੁਦਾਮਾਂ ਵਿੱਚ ਹੀ ਨਿਵਾਸ। ਕਿਧਰੇ ਤੰਗ ਗਲੀਆਂ, ਸਲੱਮ ਬਸਤੀਆਂ ਵਿੱਚ ਰਹਿੰਦੇ ਇਹ ਲੋਕ ਕਿਧਰੇ ਸਾਫ਼ ਪੀਣ ਵਾਲੇ ਪਾਣੀ ਦੀ ਬੁਤੋਂ ਦਾ ਸਾਹਮਣਾ ਕਰਦੇ ਹਨ, ਕਿਧਰੇ ਬਰਸਾਤਾਂ 'ਚ ਬਦਬੂ ਮਾਰਦੇ ਪਾਣੀ ਤੋਂ ਤੰਗ ਹੁੰਦੇ, ਮੱਛਰਾਂ, ਮੱਖੀਆਂ ਦੀ ਮਾਰ ਝੱਲਦੇ ਹਨ। ਕੰਮ ਨਾ ਮਿਲਣ ਦੀ ਹਾਲਤ ਵਿੱਚ ਇਹ ਭੁੱਖੇ ਸੌਣ ਲਈ ਵੀ ਮਜ਼ਬੂਰ ਹੁੰਦੇ ਹਨ। ਤ੍ਰਾਸਦੀ ਇਹ ਕਿ ਇਹੋ ਜਿਹੇ ਭੈੜੇ ਬਸਰ ਕੀਤੇ ਜਾ ਰਹੇ ਜੀਵਨ 'ਚ ਲੌਕਡਾਊਨ 'ਚ ਕੋਰੋਨਾ ਦਹਿਸ਼ਤ ਦੀ ਮਾਰ ਝੱਲਣ ਤੋਂ ਉਹਨਾ ਦਾ ਮਨ, ਉਹਨਾ ਦਾ ਤਨ, ਆਤੁਰ ਹੋ ਗਿਆ। ਇਹ ਜਾਣਦਿਆਂ ਵੀ ਕਿ ਉਹਨਾ ਦੇ ਆਪਣੇ ਪਿੰਡ ਕੋਈ ਸਵਰਗ ਨਹੀਂ, ਉਥੇ ਉਹਨਾ ਦੇ ਰੈਣ-ਬਸੇਰੇ ਚੰਗੇ ਨਹੀਂ, ਉਹ ਫਿਰ ਵੀ ਮੋਹ 'ਚ ਓਧਰ ਤੁਰ ਪਏ, ਇਹ ਸੋਚਕੇ ਕਿ ਚਲੋ ਜੇਕਰ ਦੁੱਖ, ਭੁੱਖ, ਗਰੀਬੀ ਨਾਲ ਮਰਨਾ ਹੀ ਹੋਇਆ ਤਾਂ ਜਨਮ ਭੂਮੀ 'ਚ ਕਿਉਂ ਨਾ ਮਰੀਏ?

ਜਿਵੇਂ ਦੇਸ਼ ਵਿੱਚ ਅਮੀਰਾਂ-ਗਰੀਬਾਂ 'ਚ ਦੂਰੀ ਹੈ, ਉਹਨਾ ਦੇ ਕੰਮ, ਰਹਿਣ ਸਹਿਣ ਦੀਆਂ ਹਾਲਤਾਂ ਵਿੱਚ ਵਧੇਰਾ ਅੰਤਰ ਹੈ, ਉਵੇਂ ਹੀ ਸ਼ਹਿਰੀ ਤੇ ਪੇਂਡੂ ਜ਼ਿੰਦਗੀ ਵਿੱਚ ਵੱਡਾ ਅੰਤਰ ਹੈ। ਇੱਕ ਪਾਸੇ ਸ਼ਹਿਰ ਜਗਮਗਾਉਂਦੇ ਹਨ, ਬੁਨਿਆਦੀ ਢਾਂਚੇ ਨਾਲ ਉਤਪੋਤ ਹਨ, ਚੰਗੇ ਪੰਜ ਤਾਰਾ ਹੋਟਲਾਂ ਵਰਗੇ ਅਮੀਰ ਬੱਚਿਆਂ ਲਈ ਸਕੂਲ, ਕਾਲਜ ਪੰਜ ਤਾਰਾ, ਹਸਪਤਾਲ ਹਨ, ਉਥੇ ਪਿੰਡਾਂ 'ਚ ਇਹ ਵਿਖਾਈ ਹੀ ਨਹੀਂ ਦਿੰਦੇ। ਸ਼ਹਿਰੀ ਸਭਿਅਤਾ ਨੂੰ ਚੰਗੇਰਾ ਬਣਾਈ ਰੱਖਣ ਲਈ ਮਜ਼ਦੂਰਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ, ਕਾਰਖਾਨਿਆਂ ਨੂੰ ਚਲਾਉਣ ਲਈ ਵੀ ਇਹਨਾ ਦੀ ਵਰਤੋਂ ਹੁੰਦੀ ਹੈ ਅਤੇ ਇਹਨਾ ਮਜ਼ਦੂਰਾਂ ਕਿਰਤੀਆਂ ਨੂੰ ਮਾੜੀਆਂ ਮੋਟੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰੀ ਸਕੂਲ, ਸਰਕਾਰੀ ਹਸਪਤਾਲ, ਈ.ਆਈ. ਹਸਪਤਾਲਾਂ ਰਾਹੀਂ ਸੁਵਿਧਾ ਦਿੱਤੀ ਜਾਂਦੀ ਹੈ, ਜਿਸ ਦੀ ਘਾਟ ਪਿੰਡਾਂ 'ਚ ਰੜਕਦੀ ਹੈ। ਅਨਾਜ ਵੰਡ ਪ੍ਰੋਗਰਾਮ ਤੋਂ ਲੈ ਕੇ ਅਧਾਰ ਕਾਰਡ ਤੱਕ ਦੀਆਂ ਸੁਵਿਧਾਵਾਂ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ 'ਚ ਘੱਟ ਹਨ ਜਾਂ ਕਹੀਏ ਨਾ-ਮਾਤਰ ਹਨ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ 'ਚ ਨਾ ਮੰਨੋਰੰਜਨ ਦੇ ਸਾਧਨ ਹਨ, ਨਾ ਖੇਡ ਸਟੇਡੀਅਮ ਜਾਂ ਖੇਡਣ ਕੁੱਦਣ ਵਾਲੇ ਮੈਦਾਨ।

ਪਿੰਡ ਦੀ ਇਹੋ ਜਿਹੀ ਹਾਲਤ ਸਰਕਾਰੀ ਨੀਤੀਆਂ ਦਾ ਸਿੱਟਾ ਹੈ, ਜਿਹਨਾ ਵੱਲ 72 ਸਾਲਾਂ ਵਿੱਚ ਪਿੰਡਾਂ ਦੇ ਵਿਕਾਸ ਵੱਲ ਕੋਈ ਬੱਝਵਾਂ ਯਤਨ ਹੀ ਨਹੀਂ ਹੋਇਆ। ਪਿੰਡਾਂ ਦੇ ਵਿਕਾਸ ਦਾ ਅਰਥ ਗਲੀਆਂ-ਨਾਲੀਆਂ ਬਨਾਉਣ, ਰਸਤੇ ਪੱਕੇ ਕਰਨ, ਪਾਣੀ , ਬਿਜਲੀ ਦੀ ਅੱਧੀ-ਅਧੂਰੀ ਸਪਲਾਈ, ਮਾੜੇ ਮੋਟੇ ਸਕੂਲ ਜਾਂ ਡਾਕਟਰੀ ਅਮਲੇ ਤੋਂ ਬਿਨ੍ਹਾਂ ਡਿਸਪੈਂਸਰੀਆਂ ਖੋਲ੍ਹਣ ਨੂੰ ਮੰਨ ਲਿਆ ਗਿਆ ਹੈ। ਅੱਜ ਵੀ ਪਿੰਡਾਂ 'ਚ ਬਦਬੂ ਮਾਰਦੇ ਛੱਪੜ ਹਨ। ਅੱਜ ਵੀ ਰੂੜੀਆਂ ਨਾਲ, ਕੱਚਰੇ ਨਾਲ ਪਿੰਡ ਗ੍ਰਸਿਆ ਪਿਆ ਹੈ। ਅੱਜ ਵੀ ਰਾਤ-ਬਰਾਤੇ ਗਰਭਵਤੀ ਮਾਵਾਂ, ਬੱਚੇ ਦਾਈਆਂ ਹੱਥੀਂ ਅਵੇਰੇ-ਸਵੇਰੇ ਜੰਮਦੀਆਂ ਹਨ। ਕਹਿਣ ਨੂੰ ਭਾਵੇਂ ਟਰੇਂਡ ਦਾਈਆਂ, ਆਸ਼ਾ ਵਰਕਰਾਂ ਦੀ ਨਿਯੁੱਕਤੀ ਦੀਆਂ ਗੱਲਾਂ ਵੀ ਸਰਕਾਰ ਕਰਦੀ ਹੈ , ਪਿੰਡ 'ਚ ਬਾਲਵਾੜੀ ਖੋਲ੍ਹਣ ਤੇ ਚਲਾਉਣ ਨੂੰ ਵੀ ਆਪਣੀ ਵੱਡੀ ਪ੍ਰਾਪਤੀ ਮੰਨਦੀ ਹੈ ਪਰ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਕਈ ਸਵਾਲ ਖੜੇ ਕਰਦੀ ਹੈ। ਬੱਚਿਆਂ ਦੀ ਪਰਵਰਿਸ਼, ਗਰਭਵਤੀ ਮਾਵਾਂ ਨੂੰ ਸਹੂਲਤਾਂ, ਬੁਢਾਪੇ 'ਚ ਬਜ਼ੁਰਗਾਂ ਦੀ ਦੇਖਭਾਲ ਆਦਿ ਦੇ ਪ੍ਰਬੰਧ ਪਿੰਡਾਂ 'ਚ ਸ਼ਹਿਰਾਂ ਦੇ ਮੁਕਾਬਲੇ ਬਹੁਤ ਘੱਟ ਦਿਸਦੇ ਹਨ। ਅਸਲ 'ਚ ਇਹ ਸਰਕਾਰਾਂ ਦੀ ਪਿੰਡਾਂ ਵੱਲ ਬੇਰੁਖੀ ਅਤੇ ਦੇਸ਼ ਨੂੰ ਸ਼ਹਿਰੀਕਰਨ ਵੱਲ ਲੈ ਕੇ ਜਾਣ ਦੀਆਂ ਨੀਤੀਆਂ ਦਾ ਨਤੀਜਾ ਹੈ। ਕਿਉਂਕਿ ਸ਼ਹਿਰੀਕਰਨ ਸਮਾਜ, ਸੌਖਿਆਂ ਕਾਰਪੋਰੇਟ ਜਗਤ ਦਾ ਹੱਥ ਦਾ ਖਿਡੌਣਾ ਬਣਦਾ ਹੈ, ਜਿਥੇ ਲੋਕਾਂ ਨੂੰ ਉਸ ਵਲੋਂ ਅਣ ਦਿਸਦੇ ਢੰਗਾਂ ਨਾਲ ਜਲਦੀ ਲੁਟਿਆ ਜਾ ਸਕਦਾ ਹੈ, ਇਸੇ ਕਰਕੇ ਸ਼ਹਿਰੀਕਰਨ ਦੇ ਨਾਮ ਉਤੇ ਜਦੋਂ ਵੀ ਦਾਅ ਲੱਗਦਾ ਹੈ, ਪਿੰਡ ਦੀ ਜ਼ਮੀਨ ਹਥਿਆਈ ਜਾਂਦੀ ਹੈ, ਸੜਕਾਂ, ਇਮਾਰਤਾਂ, ਯੂਨੀਵਰਸਿਟੀਆਂ, ਮੌਲਜ਼ ਉਸਾਰੇ ਜਾਂਦੇ ਹਨ, ਜੋ ਬਾਅਦ ਵਿੱਚ ਲੋਕਾਂ ਦੀ ਲੁੱਟ ਦਾ ਸਾਧਨ ਬਣਾ ਲਏ ਜਾਂਦੇ ਹਨ।

ਕਹਿਣ ਨੂੰ ਤਾਂ ਕਿਹਾ ਜਾਂਦਾ ਹੈ ਕਿ ਭਾਰਤ ਦੇਸ਼ ਮਹਾਨ ਦੀ ਰੂਹ ਪਿੰਡ ਹਨ। ਭਾਰਤ ਮਹਾਨ ਪਿੰਡਾਂ ਵਿੱਚ ਵਸਦਾ ਹੈ, ਪਰ ਜਿਸ ਕਿਸਮ ਦੀ ਗਰੀਬੀ, ਪਛੜਾਪਨ, ਜਾਤੀਵਾਦ, ਧਾਰਮਿਕ ਜਨੂੰਨ, ਜਾਤ ਪਾਤ ਦਾ ਫ਼ਰਕ, ਪਿਛਾਹ ਖਿੱਚੂ ਵਿਚਾਰ, ਧੱਕੇ-ਸ਼ਾਹੀਆਂ ਪਿੰਡਾਂ 'ਚ ਹਨ, ਉਹ ਦੇਸ਼ ਦੇ ਪੱਛੜੇਪਨ ਦੀ ਮੂੰਹ ਬੋਲਦੀ ਤਸਵੀਰ ਹਨ। ਇਸ ਭਿਅੰਕਰ ਤਸਵੀਰ ਵਿੱਚ ਇੱਕ ਕਾਲਾ ਧੱਬਾ ਪਿੰਡ ਦਾ ਅੱਧਾ-ਅਧੂਰਾ ਕਥਿਤ ਵਿਕਾਸ ਹੈ, ਜੋ ਦੇਸ਼ ਨੂੰ ਦੁਨੀਆ ਦੇ ਪੱਛੜੇ ਦੇਸ਼ਾਂ ਦੀ ਸੂਚੀ 'ਚ ਸ਼ੁਮਾਰ ਕਰ ਦਿੰਦਾ ਹੈ। ਇਹੋ ਜਿਹਾ ਬਦਰੰਗ ਪਿੰਡ ਦਾ ਕਾਨੂੰਨ ਹੈ, ਜੋ ਕਹਿਣ ਨੂੰ ਤਾਂ ਸਥਾਨਕ ਸਰਕਾਰਾਂ ਅਰਥਾਤ ਪੰਚਾਇਤਾਂ ਦੇ ਦਮ-ਖਮ ਤੇ ਚਲਾਏ ਜਾਣ ਦੀ ਗੱਲ ਕੀਤੀ ਜਾਂਦੀ ਹੈ, ਪਰ ਉਹਨਾ ਉਤੇ ਕਬਜ਼ਾ ਵੱਡਿਆਂ ਚੌਧਰੀਆਂ ਦਾ ਹੈ, ਜੋ ਕਾਨੂੰਨ ਨੂੰ ਮੋਮ ਦੇ ਨੱਕ ਵਾਂਗਰ ਮੋੜ ਲੈਂਦੇ ਹਨ। ਕਿਥੇ ਸੁਣੀ ਜਾਂਦੀ ਹੈ ਆਮ ਆਦਮੀ ਦੀ? ਕਿਥੇ ਸੁਣੀ ਜਾਂਦੀ ਹੈ ਗਰੀਬ ਦੀ ਇਸ ਲੋਕਤੰਤਰ ਵਿੱਚ? ਉਹ ਲੋਕਤੰਤਰ ਜਿਥੇ ਵੋਟਾਂ ਸਾਮ-ਦਾਮ-ਦੰਡ ਦਾ ਫਾਰਮੂਲਾ ਵਰਤਕੇ ਪੈਸਾ, ਸ਼ਰਾਬ, ਧਮਕੀਆਂ ਨਾਲ ਖਰੀਦ ਲਈਆਂ ਜਾਂਦੀਆਂ ਹਨ ਅਤੇ ਇਹ ਵਰਤਾਰਾ ਸ਼ਹਿਰ ਨਾਲੋਂ ਵੱਧ ਪਿੰਡ 'ਚ ਹੈ, ਜਿਥੇ ਪਿੰਡ ਦਾ ਸਰਪੰਚ ਬਣਨ ਲਈ ਲੱਖਾਂ ਰੁਪੱਈਏ ਖ਼ਰਚ ਦਿੱਤੇ ਜਾਂਦੇ ਹਨ।

ਅਸਲ ਅਰਥਾਂ 'ਚ ਪਿੰਡ ਉਜਾੜਿਆ ਜਾ ਰਿਹਾ ਹੈ। ਅਸਲ 'ਚ ਪਿੰਡ ਦਬਾਇਆ ਜਾ ਰਿਹਾ ਹੈ। ਅਸਲ 'ਚ ਪਿੰਡ ਲੁੱਟਿਆ ਜਾ ਰਿਹਾ ਹੈ। ਇਹ ਉਜਾੜਾ, ਦਾਬਾ, ਲੁੱਟ-ਖਸੁੱਟ ਬਿਲਕੁਲ ਉਤੇ ਕਿਸਮ ਦੀ ਹੈ, ਜਿਸ ਕਿਸਮ ਦੀ ਲੁੱਟ-ਖਸੁੱਟ ਵੱਡੇ ਸਾਧਨਾਂ ਵਾਲੇ ਮੱਗਰਮੱਛ, ਗੈਰ-ਸਾਧਨਾਂ ਵਾਲੇ ਲੋਕਾਂ ਦੀ ਕਰਦੇ ਹਨ। ਖੇਤੀ 'ਚ ਕਿਸਾਨਾਂ ਦੀ ਲੁੱਟ ਹੈ। ਉਸਦੀ ਉਪਜ ਦੀ ਲੁੱਟ ਹੈ। ਮਜ਼ਦੂਰਾਂ ਦੀ ਕਿਰਤ ਦੀ ਲੁੱਟ ਹੈ। ਇਸ ਲੁੱਟ-ਖਸੁੱਟ ਵਿੱਚ ਸ਼ਹਿਰ ਚਮਕਦਾ ਹੈ, ਦਮਕਦਾ ਹੈ ਤੇ ਸਮਰੱਥਾਵਾਨ ਬਣਦਾ ਹੈ।

ਪਰ ਅੱਜ ਲੋੜ ਪਿੰਡ ਨੂੰ ਸਮਰੱਥਾਵਾਨ ਬਨਾਉਣ ਦੀ ਹੈ। ਭਾਵੇਂ ਪਿੰਡ ਦੇ ਕਾਫੀ ਸਾਧਨ ਹਥਿਆ ਲਏ ਗਏ ਹਨ, ਪਰ ਹਾਲੀ ਵੀ ਬਹੁਤ ਕੁਝ ਪਿੰਡ ਦੀ ਕੁੱਖ ਵਿੱਚ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ। ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂ ਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੇਤੀ ਅਧਾਰਤ ਉਦਯੋਗਾਂ ਨੂੰ ਪਿੰਡਾਂ 'ਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ 'ਚ ਰੁਜ਼ਗਾਰ ਸਿਰਜਨ ਹੋ ਸਕੇ। ਪਿੰਡਾਂ 'ਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ। ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤਾਂ ਦਿੱਤੀਆਂ ਜਾਣ, ਚੰਗੇ ਘਰ

ਮੁਸਤੈਦੀ ਨਾਲ ਬਤੌਰ ਡਿਊਟੀ ਮਜਿਸਟ੍ਰੇਟ ਡਿਊਟੀ ਨਿਭਾ ਰਹੇ ਨੇ ਇੰਜੀ: ਸਤਨਾਮ ਸਿੰਘ ਮੱਟੂ

ਪਿਛਲੇ ਸਾਲ ਦੇ ਅਖੀਰ ਵਿੱਚ ਦੁਨੀਆਂ ਦੇ ਲਈ ਕਰੋਨਾ ਕੋਵਿਡ-19 ਮਹਾਂਮਾਰੀ ਇੱਕ ਚੁਣੌਤੀ ਦੇ ਰੂਪ 'ਚ ਸਾਹਮਣੇ ਦਿੱਖਣ ਕਾਰਨ ਸਾਡੇ ਦੇਸ਼ ਅੰਦਰ ਮਾਰਚ 20 'ਚ ਲਾਕਡਾਊਨ / ਕਰਫਿਊ ਲਾਉਣਾ ਪਿਆ।ਲਾਕਡਾਊਨ ਅਜੇ ਵੀ ਚਲ ਰਿਹਾ ਹੈ ।ਇਸ ਸੰਕਟਮਈ ਸਥਿਤੀ 'ਚ ਸਮੇਤ ਸਿਹਤ ਵਿਭਾਗ ਮੂਹਰਲੀ ਕਤਾਰ 'ਚ ਸਮੁੱਚਾ ਪ੍ਰਸਾਸਨ ਜਿਵੇਂ ਪੁਲਿਸ ਵਿਭਾਗ, ਸਫਾਈ ਕਰਮਚਾਰੀ, ਬਿਜਲੀ ਮਹਿਕਮਾ,ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਹਿਮ ਰੋਲ ਅਦਾ ਕਰ ਰਹੇ ਹਨ। ਘਨੌਰ ਹਲਕੇ 'ਚ ਤਾਇਨਾਤ ਇੰਜਨੀਅਰ ਸਤਨਾਮ ਸਿੰਘ ਮੱਟੂ ਆਪਣੀ ਡਿਊਟੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਸਹਾਇਕ ਇੰਜੀਨੀਅਰ ਇਮਾਨਦਾਰੀ ਨਾਲ ਨਿਭਾਉਣ ਲਈ ਪਹਿਲਾਂ ਹੀ ਸੋਸ਼ਲ ਮੀਡੀਆ ਦੀ ਚਰਚਾ 'ਚ ਰਿਹਾ ਹੈ। ਜਿਹੜੇ ਇਨਸਾਨ ਸਖਤ ਮਿਹਨਤ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਉਨ੍ਹਾਂ ਦੇ ਸੁਪਨੇ ਜਰੂਰ ਇੱਕ ਦਿਨ ਪੂਰੇ ਹੁੰਦੇ ਹਨ। ਉਹ ਹਮੇਸ਼ਾ ਲੋਕਾਂ ਨੂੰ ਪਾਣੀ ਦੀ ਸੰਭਾਲ ਬਾਰੇ ਜਾਗਰੂਕ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਕਿਸੇ ਸ਼ਾਇਰ ਦੀਆਂ ਇਹ ਸਤਰਾਂ ਉਸ ਤੇ ਸੱਚ ਢੁੱਕਦੀਆਂ ਹਨ:

'ਹਿੰਮਤ ਕਰੇ ਇਨਸਾਨ ਤੋ ਕਿਆ ਕਾਮ ਹੈ ਮੁਮਕਿਨ,
ਵੋ ਕੌਨ ਸਾ ਮਾਮਲਾ ਹੈ ਜੋ ਹੱਲ ਨਹੀਂ ਹੋ ਸਕਦਾ'

ਲਾਕਡਾਊਨ ਦੌਰਾਨ ਵੱਖ-ਵੱਖ ਥਾਵਾਂ ਤੇ ਡਿਊ-ਟੀਆਂ ਦੇਣ ਲਈ ਬਤੌਰ ਡਿਊਟੀ ਮਜਿਸਟ੍ਰੇਟ ਲਾਏ ਯੋਗ ਅਧਿਕਾਰੀਆਂ 'ਚੋਂ ਪੰਜਾਬ ਸਰਕਾਰ ਵਲੋਂ ਇੰਜੀ: ਸਤਨਾਮ ਸਿੰਘ ਮੱਟੂ ਨੂੰ ਵੀ ਇਹ ਡਿਊਟੀ ਲਈ ਤਾਇਨਾਤ ਕੀਤਾ ਗਿਆ।ਉਹ ਆਪਣੇ ਨਾਲ ਮਿਲੀ ਫੋਰਸ ਦੇ ਸਹਿਯੋਗ ਨਾਲ ਲੋਕਾਂ ਨੂੰ ਬੜੇ ਪਿਆਰ ਨਾਲ ਕਰੋਨਾ ਮਹਾਂਮਾਰੀ ਬਾਰੇ ਸਮਝਾ ਕੇ ,ਜਾਗਰੂਕ ਕਰਕੇ ਘਰਾਂ ਅੰਦਰ ਰਹਿਣ ਲਈ ਪ੍ਰੇਰ ਰਹੇ ਹਨ।ਬਿਨ੍ਹਾਂ ਮਾਸਕ ਬਾਹਰ ਨਿਕਲਿਆਂ ਨੂੰ ਮਾਸਕ ਵੀ ਆਪਣੇ ਕੋਲੋਂ ਦਿੰਦੇ ਰਹੇ ਹਨ।ਘਨੌਰ ਏਰੀਏ 'ਚ ਹੀ ਉਹ ਪਹਿਲਾਂ ਹੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਸਹਾਇਕ ਇੰਜੀਨੀਅਰ ਡਿਊਟੀ ਨਿਭਾ ਰਹੇ ਹਨ। ਉਹ ਲਾਕ ਡਾਊਨ ਦੌਰਾਨ ਵੀ ਪਾਣੀ ਸਬੰਧੀ ਲੋਕਾਂ ਦੀ ਕਿਸੇ ਵੀ ਮੁਸ਼ਕਲ ਨੂੰ ਆਪਣੇ ਵਿਭਾਗੀ ਕਰਮਚਾਰੀਆਂ ਨੂੰ ਹੱਲਾਸ਼ੇਰੀ ਦੇ ਕੇ ਪਹਿਲ ਦੇ ਆਧਾਰ ਤੇ ਹੱਲ ਕਰਵਾਉਂਦੇ ਰਹੇ ਹਨ। ਕਈ ਵਾਰੀ ਪਾਣੀ ਦੀ ਸਪਲਾਈ ਸਾਫ ਸੁਥਰੀ ਅਤੇ ਨਿਰਵਿਘਨ ਦੇਣ ਲਈ ਮੇਨਟੀਨੇਂਸ ਲਈ ਸਮਾਨ ਉਪਲੱਭਦ ਨਾ ਹੋਣ ਕਰਕੇ ਸਬੰਧਤ ਸਮਾਨ ਦੀਆਂ ਦੁਕਾਨਾਂ ਨੂੰ ਕਰਫਿਊ ਦੌਰਾਨ ਉੱਚ ਅਧਿਕਾਰੀ ਪਾਸੋਂ ਖੋਲਣ ਦੀ ਇਜ਼ਾਜ਼ਤ ਲੈ ਕੇ ਸਮਾਨ ਪ੍ਰਾਪਤ ਕਰਕੇ ਕੰਮ ਕਰਾਇਆ।ਮਹਿਕਮੇ ਦੇ ਫੀਲਡ 'ਚ ਕੰਮ ਕਰਦੇ ਕਰਮਚਾਰੀਆਂ ਨੇ ਜਿਥੇ ਆਪਣੀ ਡਿਊਟੀ ਇੰਜੀ: ਸਤਨਾਮ ਸਿੰਘ ਮੱਟੂ ਦੀ ਨਿਗਰਾਨੀ ਹੇਠ ਤਨਦੇਹੀ ਅਤੇ ਮੁਸਤੈਦੀ ਨਾਲ ਨਿਭਾਈ ਹੈ ,ਉਥੇ ਹੀ ਉਨ੍ਹਾਂ ਨੇ ਸਿਹਤ ਵਿਭਾਗ ਵਲੋਂ ਦਰਸਾਏ ਪੂਰੇ ਪ੍ਰਹੇਜ਼ਾਂ ਨੂੰ ਧਿਆਨ 'ਚ ਰੱਖਦਿਆਂ ਲੋਕ ਸੇਵਾ ਦੀ ਭਾਵਨਾ ਨੂੰ ਬਰਕਰਾਰ ਰੱਖਦੇ ਹੋਏ ਨਿਰਵਿਘਨ ਕਲੋਰੀਨ ਯੁਕਤ ਪਾਣੀ ਦੀ ਸਪਲਾਈ ਨੂੰ ਨਿਰੰਤਰ ਦੇਣ ਦਾ ਹਰ ਸੰਭਵ ਯਤਨ ਕੀਤਾ ਹੈ।ਉਨ੍ਹਾਂ ਕਰੋਨਾ ਦੀ ਰੋਕਥਾਮ ਲਈ ਆਪਣੀ ਬਤੌਰ 'ਡਿਊਟੀ ਮਜਿਸਟ੍ਰੇਟ' ਡਿਊਟੀ ਨੂੰ ਨਾਕਿਆਂ ਤੇ ਜਾਂ ਹੋਰ ਸਬਜ਼ੀ ਮੰਡੀ ਵਾਲੀਆਂ ਥਾਵਾਂ ਆਦਿ ਤੇ ਜਾ ਕੇ ਬੜੇ ਹੀ ਸਲੀਕੇ ਨਾਲ ਸਿਹਤ ਵਿਭਾਗ / ਪ੍ਰਸਾਸ਼ਨ ਦੀਆਂ ਗਾਈਡਲਾਈਨਜ ਨੂੰ ਬਿਨ੍ਹਾਂ ਕਿਸੇ ਵਿਵਾਦ ਦੇ ਮੂਹਰਲੀ ਕਤਾਰ ਵਿੱਚ ਨਿਡਰਤਾ, ਬੇਬਾਕੀ ਅਤੇ ਸੇਵਾ ਭਾਵਨਾ ਨਾਲ ਵਧੀਆ ਤਰੀਕੇ ਨਾਲ ਲਾਗੂ ਕਰਵਾਉਣ 'ਚ ਆਪਣੀ ਕਾਬਲੀਅਤ ਦਾ ਮੁਜ਼ਾਹਰਾ ਕੀਤਾ ਹੈ। ਜਲ ਵਿਭਾਗ 'ਚ ਫੀਲਡ ਕਰਮਚਾਰੀਆਂ ਲਈ ਸੈਨੇਟਾਈਜ਼ਰ,ਮਾਸਕ ਆਦਿ ਦਾ ਪ੍ਰਬੰਧ ਕਰਾਉਣਾ ਨੂੰ ਕਰਵਾਉਣ ਲਈ ਉਨ੍ਹਾਂ ਆਪਣੀ ਜੇਬ 'ਚੋਂ ਖਰਚ ਕਰਨ ਤੋਂ ਕਦੇ ਸੰਕੋਚ ਨਹੀਂ ਕੀਤਾ, ਜੋ ਅਖਬਾਰੀ ਖਬਰਾਂ ਅਤੇ ਸੋਸ਼ਲ ਮੀਡੀਆ ਦੀ ਚਰਚਾ 'ਚ ਆਉਣ ਦਾ ਕਾਰਨ ਵੀ ਬਣਿਆ ਹੈ ।ਜਦੋਂ ਲੋਕ ਲਾਕਡਾਊਨ ਦੌਰਾਨ ਘਰਾਂ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਨਾਲ ਲੰਮਾ ਸਮਾਂ ਇੱਕਠੇ ਰਹਿ ਕੇ ਬਤੀਤ ਕੀਤੇ ਉੱਥੇ ਹੀ ਇੰਜੀ: ਸਤਨਾਮ ਸਿੰਘ ਮੱਟੂ ਨੇ ਆਪਣੇ ਪਰਿਵਾਰ ਤੋਂ ਇਸ ਔਖੇ ਅਤੇ ਨਾਜ਼ਕ ਸਮੇਂ ਦੌਰਾਨ ਦੂਰ ਰਹਿ ਕੇ ਤਿਆਗ ਦੀ ਭਾਵਨਾ ਨੂੰ ਬੁਲੰਦ ਹੌਸ਼ਲੇ ਨਾਲ ਬਰਕਰਾਰ ਬਣਾਈ ਰੱਖਿਆ।

ਸਤਨਾਮ ਸਿੰਘ ਮੱਟੂ ਸਹਿਤ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ।ਉਸਦੀਆਂ ਸਮਾਜ ਨੂੰ ਕੋਈ ਨਾ ਕੋਈ ਸੇਧ ਦਿੰਦੀਆਂ ਰਚਨਾਵਾਂ ਅਤੇ ਗੀਤ ਜੋ ਕਿ ਧਾਰਮਿਕ, ਸਭਿਆਚਾਰ, ਸਮਾਜਿਕ ਵਿਸ਼ਿਆਂ ਅਤੇ ਸਾਹਿਤਕ ਸ਼ਖਸੀਅਤਾਂ ਬਾਰੇ ਹੁੰਦੇ ਹਨ, ਪੰਜਾਬੀ ਟ੍ਰਿਬਿਊਨ, ਅਜੀਤ, ਦੇਸ਼ ਸੇਵਕ ਆਦਿ ਤੋਂ ਇਲਾਵਾ ਕੇਨੈਡਾ,ਅਮਰੀਕਾ ਤੋਂ ਛੱਪਣ ਵਾਲੇ ਅਖਬਾਰਾਂ ਵਿੱਚ ਨਿਰੰਤਰ ਛੱਪ ਰਹੀਆਂ ਹਨ। ਉਸਦੇ ਲੇਖ ਅਤੇ ਗੀਤ ਪੰਜਾਬੀ ਮੈਗਜ਼ੀਨਾਂ ਪੰਜਾਬੀ ਦਰਪਣ, ਖੇਤੀ ਦੁਨੀਆਂ,ਵਿਕਾਸ ਜਾਗ੍ਰਿਤੀ, ਪ੍ਰਤੀਮਾਨ, ਗੁਸਈਆ ਆਦਿ ਵਿੱਚ ਅਕਸਰ ਛੱਪਦੇ ਹਨ ।ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਆਜ਼ਾਦ ਪੰਜਾਬੀ ਮੰਚ ਕੁਆਲਾਲੰਪਰ (ਮਲੇਸ਼ੀਆ) ਵਲੋਂ ਕਰਵਾਏ ਸੰਮੇਲਨ ਵਿੱਚ ਚੋਟੀ ਦੇ ਪੰਜਾਬੀ ਲੇਖਕਾਂ ਨਾਲ ਸਤਨਾਮ ਸਿੰਘ ਮੱਟੂ ਦੀ ਸਮੂਲੀਅਤ ਅਤੇ ਸਾਹਿਤਕ ਖੇਤਰ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਸਨਮਾਨ ਮਿਲਣਾ ਮਾਣ ਵਾਲੀ ਗੱਲ ਹੈ।ਪੰਜਾਬ ਸਰਕਾਰ ਵਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਆਪਣੀ ਡਿਊਟੀ ਵਧੀਆ ਤਰੀਕੇ ਨਿਭਾਉਣ ਕਰਕੇ ਉਸ ਨੂੰ ਪੰਜਾਬ ਸਰਕਾਰ ਵਲੋਂ ਸ਼੍ਰ. ਸਾਧੂ ਸਿੰਘ ਜੰਗਲਾਤ ਅਤੇ ਜੀਵ ਮੰਤਰੀ ਨੇ ਸਨਮਾਨ ਪੱਤਰ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਹੈ।

ਮੇਜਰ ਸਿੰਘ ਨਾਭਾ
91-94635-53962

ਮਿਲਣਸਾਰ, ਹਲੀਮੀ, ਸਾਦਗੀ, ਈਮਾਨਦਾਰੀ ਅਤੇ ਦ੍ਰਿੜ ਇਰਾਦੇ ਵਾਲਾ ਸਤਨਾਮ ਸਿੰਘ ਮੱਟੂ ਆਪਣੀ ਨਿਵੇਕਲੀ ਪਹਿਚਾਣ ਲਈ ਉਸ ਨੂੰ 'ਵਿਸ਼ਵ ਪੰਜਾਬੀ ਮੰਚ' ਦੇ ਮੈਂਬਰ ਹੋਣ ਦਾ ਮਾਣ ਹੈ ਉਥੇ ਹੀ ਉਸ ਨੇ ਸਥਾਨਕ ਸਾਹਿਤਕ ਸਭਾਵਾਂ 'ਪੰਜਾਬੀ ਸਾਹਿਤ ਸਭਾ' ਦੇ ਮੈਂਬਰ ਅਤੇ 'ਤ੍ਰਵੈਣੀ ਸਾਹਿਤ ਪ੍ਰੀਸ਼ਦ' ਦੇ ਪ੍ਰੈਸ ਸਕੱਤਰ ਵਜੋਂ ਸਰਗਰਮ ਸਾਂਝ ਪਾਈ ਹੋਈ ਹੈ ।

ਉਸ ਨੇ ਜ਼ਿੰਦਗੀ ਦੀਆਂ ਤੰਗੀਆਂ ਤਰੁਸੀਆਂ ਨੂੰ ਆਢੇ ਹੱਥੀਂ ਲੈਂਦੇ ਹੋਏ ਜਿਸ ਤਰ੍ਹਾਂ ਸਫਲਤਾ ਦੇ ਰਸਤੇ ਤੇ ਚਲਣ ਦਾ ਵਲ ਸਿਖਿਆ ਹੈ ਜੋ ਕਿ ਉਸ ਨੇ ਇਸ ਕਰੋਨਾ ਵਿਰੁੱਧ ਜੰਗ ਵਿੱਚ ਫਰੰਟ ਲਾਈਨ ਤੇ ਸਫਲਤਾਪੂਰਵਕ ਡਿਊਟੀ ਨਿਭਾ ਕੇ ਕਰ ਦਿਖਾਇਆ ਹੈ।ਸਰਕਾਰ ਨੂੰ ਕਰੋਨਾ ਵਿਰੁੱਧ ਜੰਗ 'ਚ ਮੂਹਰਲੀ ਕਤਾਰ 'ਚ ਕੰਮ ਕਰਦੇ ਇਹੋ ਜਿਹੇ ਯੋਧਿਆਂ ਦਾ ਬਣਦਾ ਮਾਣ-ਸਨਮਾਨ ਕਰਨ 'ਚ ਪਹਿਲ ਕਦਮੀ ਕਰਨੀ ਚਾਹੀਦੀ ਹੈ ਜਿਸ ਨਾਲ ਹੋਰ ਕਰਮਚਾਰੀਆਂ / ਅਧਿਕਾਰੀਆਂ ਲਈ ਵੀ ਉਤਸ਼ਾਹ ਮਿਲੇ।

ਲੌਕਡਾਊਨ ਦੌਰਾਨ ਸਾਹਿਤਕਾਰ ਅਧਿਆਪਕ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੇ ਨੇ- ਕ੍ਰਿਸ਼ਨ ਕੁਮਾਰ

ਮਾਹਿਲਪੁਰ: ਸਿੱਖਿਆ ਵਿਭਾਗ ਦੇ ਸਾਹਿਤਕਾਰ ਅਤੇ ਕਲਾਕਾਰ ਅਧਿਆਪਕ ਲੌਕਡਾਊਨ ਦੌਰਾਨ ਬੜੀ ਸ਼ਲਾਘਾਯੋਗ ਭੂਮਿਕਾ ਨਿਭਾਅ ਰਹੇ ਹਨ।ਉਕਤ ਵਿਚਾਰ ਪੰਜਾਬ ਰਾਜ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਨੇ ਜ਼ੂਮ ਐਪ ਤੇ ਅਯੋਜਿਤ ਸਾਹਿਤਕਾਰ ਅਧਿਆਪਕ ਮਿਲਣੀ ਮੌਕੇ ਆਪਣੇ ਸੰਬੋਧਨ ਵਿਚ ਅਧਿਆਪਕਾਂ ਨੂੰ ਸ਼ਾਬਾਸ਼ੇ ਦਿੰਦਿਆਂ ਪ੍ਰਗਟ ਕੀਤੇ। ਉਹਨਾਂ ਇਸ ਗੱਲ ਤੇ ਵੀ ਤਸੱਲੀ ਪ੍ਰਗਟ ਕੀਤੀ ਕਿ ਇਸ ਔਖ ਦੀ ਘੜੀ ਵਿਚ ਅਧਿਆਪਕਾਂ ਨੇ ਆਪਣੀ ਕਲਾ ਦਾ ਭਰਪੂਰ ਇਸਤੇਮਾਲ ਕਰਕੇ ਬੱਚਿਆਂ ਨੂੰ ਆਨਲਾਈਨ ਪੜ੍ਹਾਈ ਨਾਲ ਜੋੜਿਆ ਹੋਇਆ ਹੈ। ਅਜਕਲ ਸਰਕਾਰੀ ਸਕੂਲਾਂ ਦੇ ਬੱਚੇ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਵਿਭਾਗ ਵਲੋਂ ਮੀਡੀਏ ਦਾ ਵੱਖ ਵੱਖ ਸਾਧਨਾਂ ਟੀ ਵੀ, ਯੂ ਟਿਊਬ,ਵੈ ਬਸਾਈਟਸ ,ਦੀਕਸ਼ਾ ਐਪ ਆਦਿ ਤੇ ਪੜ੍ਹਾਏ ਜਾ ਰਹੇ ਪਾਠਕ੍ਰਮ ਨਾਲ ਜੁੜੇ ਹੋਏ ਹਨ।ਇੱਥੇ ਹੀ ਬਸ ਨਹੀਂ ਸਗੋਂ ਉਹਨਾਂ ਦੁਆਰਾ ਘਰ ਘਰ ਜਾ ਕੇ ਬੱਚਿਆਂ ਹੱਥ ਪਾਠ ਪੁਸਤਕਾਂ ਵੀ ਪੁੱਜਦੀਆਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਹਾਲਤਾਂ ਨਾਲ ਨਜਿੱਠਣ ਲਈ ਅਧਿਆਪਕਾਂ, ਮਾਪਿਆਂ ਅਤੇ ਸਮਾਜ ਦੇ ਸਹਿਯੋਗ ਦੀ ਵਿਸ਼ੇਸ਼ ਲੋੜ ਹੈ।ਅਸੀਂ ਸਾਰੇ ਇਕਜੁੱਟ ਹੋ ਕੇ ਹੀ ਇਸ ਬਿਮਾਰੀ ਨਾਲ ਟੱਕਰ ਲੈ ਸਕਦੇ ਹਾਂ ਅਤੇ ਨਾਲ ਹੀ ਸਿੱਖਿਆ ਦੀਆਂ ਨਵੀਆਂ ਲੀਹਾਂ ਤੇ ਤੁਰਨ ਦੇ ਕਾਬਲ ਹੋ ਸਕਦੇ ਹਾਂ।



ਇਸ ਮੀਟਿਗ ਦੇ ਹੋਸਟ ਸ੍ਰੀ ਸਲਿੰਦਰ ਸਿੰਘ ਡਿਪਟੀ ਡਾਇਰੈਕਟਰ ਸਮਾਰਟ ਸਕੂਲਜ਼ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਲਾਕਾਰ ਅਧਿਆਪਕਾਂ ਨੇ ਵਿਭਾਗ ਵਿਚ ਹਮੇਸ਼ਾਂ ਮੋਹਰੀ ਭੂਮਿਕਾ ਅਦਾ ਕਰਦੇ ਰਹੇ ਹਨ।ਉਹਨਾਂ ਇਸ ਗੱਲ ਤੇ ਫਖ਼ਰ ਕੀਤਾ ਕਿ ਵਿਭਾਗ ਦੇ ਚੌਦਾਂ ਮੈਂਬਰੀ ਸੰਪਾਦਕੀ ਬੋਰਡ ਵਿਚ ਸਾਂਵਲ ਧਾਮੀ, ਬਲਜਿੰਦਰ ਮਾਨ, ਮਦਨ ਵੀਰਾ ਅਤੇ ਸ਼ਮਸ਼ੇਰ ਸਿੰਘ ਮੋਹੀ ਵਰਗੇ ਹੁਸ਼ਿਆਰਪੁਰ ਦੇ ਸਾਹਿਤਕਾਰ ਤੇ ਕਲਾਕਾਰ ਅਧਿਆਪਕ ਸ਼ਾਮਿਲ ਹਨ। ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਜੈਕਟ ਦੇ ਸਟੇਟ ਕੋ-ਆਰਡੀਨੇਟਰ ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਵਿਭਾਗ ਦੇ ਫੇਸਬੁਕ ਪੇਜ ਤੇ ਸਕੂਲੀ ਬੱਚਿਆਂ ਦੀਆਂ ਰੌਚਕ ਅਤੇ ਸਿੱਖਿਆਦਾਇਕ ਵਨੰਗੀਆਂ ਅੱਪਲੋਡ ਕਰਨ ਲਈ ਇਕ ਚੋਣ ਕਮੇਟੀ ਦਾ ਗਠਨ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਪੂਰੇ ਪੰਜਾਬ ਦੇ ਚਾਰ ਸੌ ਤੋਂ ਵੱਧ ਸਾਹਿਤਕਾਰ ਅਧਿਆਪਕ ਸ਼ਾਮਿਲ ਹੋਏ।

ਹੁਸ਼ਿਆਰਪੁਰ ਤੋਂ ਕੁਲਵਿੰਦਰ ਕੌਰ ਰੂਹਾਨੀ, ਬਲਜਿੰਦਰ ਮਾਨ ਅਤੇ ਮਦਨ ਵੀਰਾ ਆਦਿ ਨੇ 'ਸਿੱਖਿਆ ਦੀਆਂ ਕਲਾਤਮਿਕ ਲੋੜਾਂ' ਬਾਰੇ ਚਾਨਣਾ ਪਾਇਆ। ਰਘਬੀਰ ਸਿੰਘ ਕਲੋਆ, ਪਰਮਜੀਤ ਕਾਤਬ, ਸਾਬੀ ਈਸਪੁਰੀ, ਅਮਰੀਕ ਦਿਆਲ, ਡਾ.ਅਰਮਨਪ੍ਰੀਤ ਸਿੰਘ, ਜਗਜੀਤ ਸਿੰਘ ਗਨੇਸ਼ਪੁਰ, ਅੰਮ੍ਰਿਤ ਲਾਲ ਸੰਧੂ, ਜਸਵੰਤ ਰਏ, ਅੰਜੂ ਵੀ ਰੱਤੀ, ਬਲਜੀਤ ਸੈਣੀ, ਪਵਨ ਸਕਰੂਲੀ ਆਦਿ ਨੇ ਪੰਜਾਬ ਦੇ ਸਾਹਿਤਕਾਰਾਂ ਨਾਲ ਭਰਪੂਰ ਹਾਜ਼ਰੀ ਲਗਵਾਈ।

ਜਾਹਿਰ ਅਪੀਲ

ਅਯੁੱਧਿਆ ਵਿਚ ਰਾਮ ਮੰਦਰ ਨਿਰਮਾਣ ਦੇ ਲਈ ਜ਼ਮੀਨ ਨੂੰ ਪੱਧਰ ਕਰਦੇ ਹੋਏ 21 ਮਈ 2020 ਨੂੰ ਪ੍ਰਾਚੀਨ ਬੋਧੀ ਅਵਸ਼ੇਸ਼ ਪ੍ਰਾਪਤ ਹੋਏ ਹਨ। ਇਸ ਵਿਸ਼ੇ ਨੂੰ ਲੈ ਕੇ ਬੁੱਧਿਸਟ ਸੁਸਾਇਟੀ ਆਫ ਇੰਡੀਆ ਸੁਪਰੀਮ ਕੋਰਟ ਵਿਚ ਜਨਹਿਤ ਰਿੱਟ ਦਾਇਰ ਕਰਨ ਜਾ ਰਹੀ ਹੈ। ਸਾਰੀਆਂ ਬੋਧੀ ਸੰਸਥਾਵਾਂ ਨੂੰ ਬੇਲਤੀ ਹੈ ਕਿ ਜੋ ਇਸ ਜਨਹਿਤ ਰਿੱਟ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਉਹ 30 ਮਈ ਤੱਕ ਹੇਠਾਂ ਦਿੱਤੇ ਮੋਬਾਇਲ ਨੰਬਰ ਤੇ ਸੰਪਰਕ ਕਰਨ: 9425025569, 9860186680

ਐਸ.ਸੀ/ਬੀ.ਸੀ.ਮੁਲਾਜ਼ਮ ਅਤੇ ਲੋਕ ਏਕਤਾ ਫਰੰਟ ਵੱਲੋਂ ਮੁਸਲਿਮ ਭਾਈਚਾਰੇ ਨੂੰ ਈਦ ਦੀਆਂ ਵਧਾਈਆਂ

ਕਪੂਰਥਲਾ- ਐਸ. ਸੀ./ ਬੀ. ਸੀ. ਮੁਲਾਜ਼ਮ ਅਤੇ ਲੋਕ ਏਕਤਾ ਫਰੰਟ ਵੱਲੋਂ ਸੋਸ਼ਲ ਡਿਸਟੈਂਸਿੰਗ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਭਾਈਚਾਰਕ ਸਾਂਝ ਪੈਦਾ ਕਰਦੇ ਹੋਏ ਜ਼ਿਲ੍ਹਾ ਕਪੂਰਥਲਾ ਵਿਚ ਬੀਰੋ ਵਾਲੀ ਮਸਜਿਦ ਵਿਖੇ ਮੁਸਲਮਾਨ ਭਾਈਚਾਰੇ ਈਦ ਦੀਆਂ ਵਧਾਈਆਂ ਦਿੱਤੀਆਂ ਅਤੇ ਦੇਸ਼ ਵਿਚ ਚੱਲ ਰਹੀ ਕਰੋਨਾ ਵਾਇਰਸ ਦੀ ਮਹਾਂਮਾਰੀ ਅਤੇ ਸਮਾਜਿਕ ਦੂਰੀ ਨੂੰ ਧਿਆਨ ਵਿਚ ਰੱਖਦੇ ਹੋਏ ਦਿਲੀ ਸਾਂਝ ਪੈਦਾ ਕੀਤੀ ਅਤੇ ਇਕ-ਦੂਜੇ ਨੂੰ ਵਧਾਈਆਂ ਦਿੱਤੀਆਂ।

ਇਸ ਮੌਕੇ ਮਸਜਿਦ ਦੇ ਮੌਲਾਨਾ ਅਮਾਨਤਉਲਾ ਵੱਲੋਂ ਦਿਲੀ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ ਅਤੇ ਦੁਆ ਕੀਤੀ ਕਿ ਦੇਸ਼ ਜਲਦੀ ਹੀ ਇਸ ਨਾਮੁਰਾਦ ਬਿਮਾਰੀ ਤੋਂ ਨਿਜ਼ਾਤ ਪਾਵੇਗਾ। ਇਸ ਮੌਕੇ ਕੁਸ਼ਲ ਕੁਮਾਰ, ਸਵਾਮੀ ਰਾਜਪਾਲ, ਡਾ. ਜਸਵੰਤ ਸਿੰਘ ਬਿੰਦ, ਹਰਮੇਸ਼ ਕੁਮਾਰ, ਕਮਲਜੀਤ ਸਿੰਘ, ਅਨੇਕ ਰਾਜ ਮੂਲ ਨਿਵਾਸੀ, ਹਰਜਿੰਦਰ ਹੈਰੀ, ਮੁਹੰਮਦ ਸਰਫਰਾਜ਼ ਆਦਿ ਹਾਜ਼ਰ ਸਨ।

ਸਥਾਨਕ ਸਮਾਜ ਸੇਵਾ ਵਿਚ ਅੱਗੇ ਆਇਆ ਕੱਕੜ ਮੈਡੀਕਲ ਹਾਲ ਬੁਢਲਾਡਾ

ਬੁਢਲਾਡਾ (ਬਿਊਰੋ) ਜ਼ਿਕਰਯੋਗ ਹੈ ਕਰੋਨਾ ਮਹਾਂਮਾਰੀ ਦਾ ਯੁੱਗ ਚਲ ਰਿਹਾ ਹੈ ।ਇਸ ਦੇ ਚਲਦਿਆਂ ਜਿਥੇ ਸਰਕਾਰਾਂ ਅੱਗੇ ਆ ਰਹੀਆਂ ਹਨ ਉਥੇ ਨਿੱਜੀ ਸੰਸਥਾ ਤੇ ਸਮਾਜਿਕ ਸੰਸਥਾਵਾਂ ਵੀ ਗਰੀਬ ਲੋਕਾਂ ਲਈ ਆਦਰਸ਼ ਬਣ ਕੇ ਸਾਹਮਣੇ ਆਈਆਂ ਹਨ। ਇਸ ਮਹਾਂਮਾਰੀ ਦੇ ਚਲਦਿਆਂ ਹਰੇਕ ਵਿਅਕਤੀ ਲਈ ਮਾਸਕ ਤੇ ਸੈਨੇਟਾਈਜ਼ਰ ਜ਼ਰੂਰੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਇਸ ਤਹਿਤ ਬਹੁਤ ਸਾਰੀਆਂ ਨਿੱਜੀ ਦੁਕਾਨਾਂ ਅਜਿਹੀਆਂ ਵੀ ਹਨ ਜੋ ਗਰੀਬ ਮਾਰੀ ਲੁੱਟ ਮਾਰੀ ਕਰ ਰਹੀਆਂ ਹਨ। ਪਰ ਕਹਿੰਦੇ ਹੁੰਦੇ ਹਨ ਕਿ ਦੁਨੀਆਂ ਚੰਗੇ ਬੰਦੇ ਤੇ ਸੰਸਥਾਵਾਂ ਤਾਂ ਬਹੁਤ ਨੇ ਪਰ ਜ਼ਰੂਰਤ ਹੈ ਅੱਗੇ ਆਉਣ, ਆਪਣਾ ਜ਼ਮੀਰ ਜ

ਖਿਡਾਰੀ ਤੋਂ ਸਿਆਸਤਦਾਨ ਬਣੇ ਨੇਤਾ ਕਿਉ ਚੁੱਪ ਹਨ ਕਬੱਡੀ ਖਿਡਾਰੀ ਅਰਵਿੰਦਰ ਪੱਡਾ ਦੀ ਅਨਿਆਈ ਮੌਤ ਤੇ

ਇੱਕ ਪੁਲੀਸ ਮੁਲਾਜ਼ਮ ਨਾਲ ਜਿਆਦਤੀ ਹੋਈ ਜਦੋਂ ਨਿਹੰਗ ਸਿੰਘਾ ਹੱਥ ਵੱਢਿਆ ਸਾਰਾ ਪੰਜਾਬ ਦਾ ਪ੍ਰਸ਼ਾਸਨ ਹੱਲਿਆਂ, ਮੁੱਖ ਮੰਤਰੀ, ਡੀਜੀਪੀ ਹੋਰ ਉੱਚ ਅਧਿਕਾਰੀਆਂ ਪੂਰੀ ਹਮਦਰਦੀ ਪੁਲਿਸ ਮੁਲਾਜ਼ਮ ਨਾਲ ਦਿਖਾਈ, ਕਾਨੂੰਨ ਮੁਤਾਬਕ ਦੋਸ਼ੀ ਜੇਲ ਅੰਦਰ ਗਏ, ਪੀੜਤ ਮੁਲਾਜ਼ਮ ਦੀ ਹੌਸਲਾ ਅਫਜ਼ਾਈ ਲਈ ਪੂਰੇ ਪੰਜਾਬ ਪੁਲਿਸ ਨੇ ਆਪਣੀ ਜੇਬ ਉੱਤੇ" ਮੈਂ ਹਰਜੀਤ ਸਿੰਘ ਹਾਂ "ਲਾਕੇ ਉਸ ਨੂੰ ਸਲੂਟ ਕੀਤਾ ਕੋਈ ਮਾੜੀ ਗੱਲ ਨਹੀਂ ਕੀਤੀ ਪੂਰੀ ਪੰਜਾਬ ਪੁਲੀਸ ਨੇ ਇਨਸਾਨੀਅਤ ਵਾਲਾ ਦਾ ਫਰਜ਼ ਨਿਭਾਇਆ।ਪੰਜਾਬ ਸਰਕਾਰ ਨੇ ਵੀ ਮੁਲਾਜ਼ਮ ਹਰਜੀਤ ਸਿੰਘ ਨੂੰ ਪੰਜਾਹ ਲੱਖ ਦੀ ਸਹਾਇਤਾ ਪਰਿਵਾਰਕ ਮੈਂਬਰ ਨੂੰ ਨੌਕਰੀ ਅਤੇ ਉਸ ਨੂੰ ਤਰੱਕੀ ਦਿੱਤੀ ਪਰ ਉਸ ਤੋਂ ਥੋੜੇ ਦਿਨ ਬਾਅਦ ਇੱਕ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਲੱਖਣ ਕੇ ਪੱਡਾ ਦਾ ਇੱਕ ਪੁਲੀਸ ਮੁਲਾਜ਼ਮ ਹੱਥੋ ਦਿਨ ਦਿਹਾੜੇ ਕਤਲ ਹੁੰਦਾ ਹੈ ਬਿਨਾਂ ਸ਼ੱਕ ਦੋਸ਼ੀ ਪੁਲੀਸ ਮੁਲਾਜ਼ਮ ਖ਼ਿਲਾਫ਼ ਕਾਨੂੰਨ ਮੁਤਾਬਕ ਕਾਰਵਾਈ ਹੋਈ ਪਰ ਕਿੱਥੇ ਗਿਆ ਪੰਜਾਬ ਸਰਕਾਰ ਅਤੇ ਪੰਜਾਬ ਪੁਲੀਸ ਦਾ ਇਨਸਾਨੀਅਤ ਵਾਲਾ ਫਰਜ਼ ਫਿਰ ਕਿਸੇ ਨੇ ਕਿਉਂ ਨਹੀਂ ਲਿਖਿਆ ਕਿ ਮੈਂ ਅਰਵਿੰਦਰ ਸਿੰਘ ਲੱਖਣ ਪੱਡਾ ਹਾਂ ਕਿੱਥੇ ਗਿਆ ਮੁੱਖ ਮੰਤਰੀ ਅਤੇ ਡੀਜੀਪੀ ਦਾ ਹਮਦਰਦੀ ਵੱਲੋਂ ਟਵੀਟ ਕਿੱਥੇ ਗਏ ਸਹਾਇਤਾ ਦੇ ਐਲਾਨ ਫਰਕ ਇੰਨਾ ਸੀ ਕਿ ਉਹ ਪੰਜਾਬ ਪੁਲਿਸ ਦਾ ਮੁਲਾਜ਼ਮ ਸੀ ਅਰਵਿੰਦਰ ਸਿੰਘ ਲੱਖਾਂ ਵੱਡਾ ਇੱਕ ਆਮ ਮਾਂ ਦਾ ਪੁੱਤ ਸੀ ਖਿਡਾਰੀਆਂ ਦੀ ਕਦਰ ਇਸ ਦੇਸ਼ ਵਿੱਚ ਇਸ ਰਾਜ ਵਿੱਚ ਕਿੰਨੀ ਕੁ ਹੈ ਆਪਾਂ ਸਭ ਨੂੰ ਪਤਾ ਹੀ ਹੈ ਚਲੋ ਮੁੱਖ ਮੰਤਰੀ ਤੋਂ ,ਡੀਜੀਪੀ ਤੋਂ ਜਾਂ ਹੋਰ ਰਾਜਨੀਤਕ ਲੋਕਾਂ ਤੋਂ ਆਸ ਰੱਖਣੀ ਸਾਡੇ ਮੂਰਖਤਾਈ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਖਿਡਾਰੀ ਤੋਂ ਉੱਘੇ ਸਿਆਸਦਾਨ ਬਣੇ ਜੋ ਇਸ ਵਕਤ ਰਾਜ ਭਾਗ ਦਾ ਇੱਕ ਹਿੱਸਾ ਵੀ ਹਨ ਇਸ ਤੋਂ ਵੱਧ ਹੋ ਨਹੀਂ ਸਕਦਾ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਰਾਣਾ ਸੋਢੀ ਜੋ ਆਪਣੇ ਸਮੇਂ ਦੇ ਨਾਮੀ ਖਿਡਾਰੀ ਰਹੇ ਹਨ ਅਤੇ ਏਸ਼ੀਅਨ ਖੇਡਾਂ ਦੀ ਪ੍ਰਤੀਨਿਧਤਾ ਕੀਤੀ ਹੈ ਅੱਜ ਉਹ ਪੰਜਾਬ ਦੀਆਂ ਖੇਡਾਂ ਦੇ ਰਹਿਬਰ ਹਨ ਕਿ ਉਨ੍ਹਾਂ ਦਾ ਫਰਜ਼ ਨਹੀਂ ਬਣਦਾ ਸੀ ਕਿ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਦੇ ਪਰਿਵਾਰ ਦੀ ਸਾਰ ਲੈਂਦੇ ਪਰਵਾਰ ਨਾਲ ਦੁੱਖ ਸਾਂਝਾ ਕਰਦੇ । ਜਦੋਂ ਵੀ ਦੇਖੋ ਜਿੱਥੇ ਵੀ ਦੇਖੋ ਕ੍ਰਿਕਟਰ ਨਵਜੋਤ ਸਿੱਧੂ ਕਦੇ ਸਰਕਾਰ ਦੀਆਂ ਵੱਖੀਆਂ ਉਧੇੜ ਦਾ ,ਕਦੇ ਬਾਦਲਾਂ ਦੇ ਪੋਲ ਖੋਲ੍ਹਦਾ 'ਕਦੇ ਜਿੱਤੇਗਾ ਪੰਜਾਬ ਦੀ ਗੱਲ ਕਰਦਾ ,ਕਦੇ ਪੰਜਾਬ ਲਈ ਇਨਸਾਫ਼ ਦੀ ਗੱਲ ਕਰਦਾ ਪਰ ਜਦੋਂ ਨਸ਼ੇ ਦੇ ਤਸਕਰਾਂ ਨੇ ਇੱਕ ਬੇਕਸੂਰ ਹੋਣਹਾਰ ਕਬੱਡੀ ਖਿਡਾਰੀ ਦੀ ਮੌਤ ਦਾ ਭਾਂਡਾ ਇੱਕ ਪਿੰਡ ਦੇ ਚੁਰਾਹੇ ਵਿੱਚ ਭੰਨਿਆ ਤੇ ਫਿਰ ਨਵਜੋਤ ਸਿੱਧੂ ਦੀ ਜ਼ਮਾਨ ਨੂੰ ਕੀ ਦੰਦਲ ਪੈ ਗਈ । ਓਲੰਪੀਅਨ ਪ੍ਰਗਟ ਸਿੰਘ ਜੋ ਖੇਡਾਂ ਅਤੇ ਪੰਜਾਬ ਦੇ ਹਿਤਾਂ ਦੀ ਗੱਲ ਠੋਕ ਕੇ ਕਰਨ ਜਾਣਦਾ ਅਤੇ ਕਰਦਾ ਵੀ ਹੈ ਕਿ ਉਸ ਨੂੰ ਕਬੱਡੀ ਵਾਲੇ ਅਰਵਿੰਦਰ ਦੀ ਮੌਤ ਦੀ ਅਜੇ ਭੈਣਕ ਹੀ ਨਹੀਂ ਪਈ ਜੇ ਖੇਡਾਂ ਦੇ ਤਿੰਨ ਰਖਵਾਲੇ ਜੋ ਸਰਕਾਰ ਦਾ ਇੱਕ ਹਿੱਸਾ ਹਨ ਇਹ ਅਰਵਿੰਦਰ ਦੀ ਮੌਤ ਨੂੰ ਪਰਿਵਾਰ ਲਈ ਇਨਸਾਫ ਅਤੇ ਵਿੱਤੀ ਸਹਾਇਤਾ ਦੀ ਆਵਾਜ਼ ਨੂੰ ਮੁੱਖ ਮੰਤਰੀ ਤੱਕ ਪਹੁੰਚਾ ਨਹੀਂ ਸਕਦੇ ਫਿੱਟੇ ਮੂੰਹ ਹੈ ਇਨ੍ਹਾਂ ਖੇਡਾਂ ਦੇ ਰਖਵਾਲੇ ਰਾਜਨੀਤਕ ਲੋਕਾਂ ਨੂੰ ਅਤੇ ਲਾਹਨਤ ਹੈ ਪੰਜਾਬ ਦੇ ਲੋਕਾਂ ਨੂੰ ਜਿਨ੍ਹਾਂ ਵੋਟਾਂ ਪਾ ਕੇ ਇਨ੍ਹਾਂ ਲੋਕਾਂ ਨੂੰ ਪੰਜਾਬ ਦੀ ਵਿਧਾਨ ਸਭਾ ਵਿੱਚ ਚੁਣਕੇ ਭੇਜਿਆ ਹੈ ਪੰਜਾਬ ਪੁਲੀਸ ਦੇ ਵਿੱਚ 50 ਪ੍ਰਤੀਸ਼ਤ ਡੀਐਸਪੀ ਅਤੇ ਐਸਪੀ ਰੈਂਕ ਦੇ ਅਧਿਕਾਰੀ ਖੇਡਾਂ ਨਾਲ ਸਬੰਧਤ ਹਨ ਜੋ ਆਪਣੀਆਂ ਖੇਡ ਪ੍ਰਾਪਤੀਆਂ ਸਦਕਾ ਭਰਤੀ ਹੋਏ ਹਨ ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਦੇ ਹੱਕ ਵਿਚ ਹਾਂ ਦਾ ਨਾਅਰਾ ਨਹੀਂ ਮਾਰਿਆ ਹੁਣ ਕਿਸੇ ਨੇ ਕਿਉਂ ਨਹੀਂ ਲਿਖਿਆ ਕਿ ਮੈਂ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਹਾਂ ਜਦਕਿ ਮੈਂ ਹਰਜੀਤ ਸਿੰਘ ਹਾਂ ਸਾਰਿਆਂ ਨੇ ਲਿਖਿਆ ਜੇ ਅਰਵਿੰਦਰ ਸਿੰਘ ਨਹੀਂ ਲਿਖਣਾ ਤਾਂ ਘੱਟੋ ਘੱਟ ਜੋ ਕਾਤਲ ਹੈ ਪੰਮਾ ਥਾਣੇਦਾਰ ਕਿ ਮੈਂ ਪਰਮਜੀਤ ਸਿੰਘ ਕਾਤਲ ਥਾਣੇਦਾਰ ਹਾਂ ਹੀ ਲਿਖ ਲਓ ਘੱਟੋ ਘੱਟ ਪੰਜਾਬ ਦੇ ਲੋਕ ਇਹ ਤਾਂ ਸਬਰ ਕਰ ਲੈਣਗੇ ਕਿ ਜਿਸ ਤਰ੍ਹਾਂ ਪਹਿਲਾਂ ਪੁਲੀਸ ਵਾਲਿਆਂ ਨੇ ਮਾਵਾਂ ਦੇ ਪੁੱਤ ਖਪਾਏ ਹਨ ਤੇ ਇੱਕ ਹੋਰ ਚਲੇ ਗਿਆ ਉਹਦਾ ਵੀ ਭਾਣਾ ਮੰਨ ਲੈਣਗੇ

ਲੋਕਾਂ ਨੂੰ ਧੰਨਵਾਦੀ ਹੋਣਾ ਚਾਹੀਦਾ ਰਾਜਨੀਤਕ ਹਿੱਤਾਂ ਤੋਂ ਪਰੇ ਹੱਟ ਕੇ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਜਿਨ੍ਹਾਂ ਨੇ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਦੇ ਕਾਤਲਾਂ ਖਿਲਾਫ ਘੱਟੋ ਘੱਟ ਆਵਾਜ਼ ਤਾਂ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਪਰਿਵਾਰ ਲਈ ਇਨਸਾਫ਼ ਦੀ ਗੁਹਾਰ ਪਾਈ ਹੈ ਇਸ ਤੋਂ ਇਲਾਵਾ ਕਈ ਵਿਦੇਸ਼ਾਂ ਵਿਚ ਵੱਸਦੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੇ ਪਰਿਵਾਰ ਦੀ ਮੱਦਦ ਕੀਤੀ ਹੈ ਰਾਜਨੀਤਕ ਲੋਕਾਂ ਅਤੇ ਸਮੇਂ ਦੀਆਂ ਸਰਕਾਰਾਂ ਤਾਂ ਖਿਡਾਰੀਆਂ ਪ੍ਰਤੀ ਇਹ ਨਿਕੰਮਾਪਣ ਹਮੇਸ਼ਾ ਹੀ ਦਿਖਾਉਂਦੀਆਂ ਹਨ ਪਰ ਜਿਨ੍ਹਾਂ ਤੇ ਸਾਨੂੰ ਵੱਡੀ ਆਸ ਸੀ ਜਿਨ੍ਹਾਂ ਨੂੰ ਅਸੀਂ ਆਪਣੇ ,ਖੇਡਾਂ ਅਤੇ ਖਿਡਾਰੀਆਂ ਦੇ ਰਖਵਾਲੇ ਸਮਝਦੇ ਹਾਂ ਜੇਕਰ ਉਹ ਵੀ ਖਿਡਾਰੀਆਂ ਦੇ ਹਿੱਤਾਂ ਦੀ ਗੱਲ ਨਹੀਂ ਕਰਦੇ ਤਾਂ ਫੇਰ ਹੁਣ ਕਿਸ ਤੇ ਆਸ ਕਰੀਏ, ਕਿਹੜੇ ਢੱਠੇ ਖੂਹ ਜਾ ਕੇ ਇਨਸਾਫ ਮੰਗੀਏ ।ਅਰਵਿੰਦਰਜੀਤ ਸਿੰਘ ਲੱਖਣ ਕੇ ਪੱਡਾ ਕਬੱਡੀ ਦਾ ਇੱਕ ਉੱਭਰਦਾ ਖਿਡਾਰੀ ਹੈ ਪਰ ਇੱਥੇ ਤਾਂ ਦੁਨੀਆਂ ਦਾ ਖੇਡ ਰਤਨ ਭਾਰਤੀ ਹਾਕੀ ਦਾ ਪਹਿਲਾ ਸਿੱਖ ਕਪਤਾਨ ਤਿੰਨ ਓਲੰਪਿਕ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣ ਵਾਲਾ ਬਲਬੀਰ ਸਿੰਘ ਸੀਨੀਅਰ ਆਪਣੀ ਜ਼ਿੰਦਗੀ ਅਤੇ ਮੌਤ ਦੀ ਲੜਾਈ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਆਖਰ ਹਾਰ ਗਿਆ ਪਰ ਪੰਜਾਬ ਸਰਕਾਰ ਦਾ ਕੋਈ ਨੁਮਾਇੰਦਾ ਜਿਉਂਦੇ ਜੀ ਉਨ੍ਹਾਂ ਦੀ ਖ਼ਬਰ ਲੈਣ ਵੀ ਨਹੀਂ ਗਿਆ ਹੁਣ ਬਲਬੀਰ ਸਿੰਘ ਸੀਨੀਅਰ ਦੀ ਮੌਤ ਤੋਂ ਬਾਅਦ ਇਹ ਰਾਜਸੀ ਲੋਕ ਮਗਰਮੱਛ ਦੇ ਹੰਝੂ ਬਬੇਰੇ ਵਹਾਉਣਗੇ ਉਨ੍ਹਾਂ ਦੀ ਯਾਦਗਾਰ ਬਣਾਉਣ ਦੇ ਵੱਡੇ ਵੱਡੇ ਐਲਾਨ ਕਰਨਗੇ ਪਰ ਫਿਰ ਅਮਲੀ ਜਾਮਾ ਕੁਝ ਨਹੀਂ ਹੋਣਾ ਇੱਥੇ ਜਿਉਂਦਿਆਂ ਨੂੰ ਕੋਈ ਨਹੀਂ ਪੁੱਛਦਾ ਮੋਇਆਂ ਦੇ ਮੇਲੇ ਲਗਾ ਕੇ ਵੋਟਾਂ ਦੀ ਰਾਜਨੀਤੀ ਜ਼ਰੂਰ ਕਰਦੇ ਹਨ ਜੇਕਰ ਪੰਜਾਬ ਸਰਕਾਰ ਨੂੰ ਥੋੜ੍ਹੀ ਬਹੁਤੀ ਖੇਡਾਂ ਪ੍ਰਤੀ ਜਾਂ ਖਿਡਾਰੀਆਂ ਪ੍ਰਤੀ ਹਮਦਰਦੀ ਹੈ ਤਾਂ ਦਿਨ ਦਿਹਾੜੇ ਕਤਲ ਹੋਏ ਪਹਿਲਵਾਨ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਲੱਖਣ ਕੇ ਪੱਡਾ ਨੂੰ ਇੱਕ ਕਰੋੜ ਦੀ ਸਹਾਇਤਾ ਅਤੇ ਕਾਤਲਾਂ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਬਲਬੀਰ ਸਿੰਘ ਸੀਨੀਅਰ ਦੀ ਉਸ ਦੇ ਰੁਤਬੇ ਮੁਤਾਬਕ ਸਹਾਇਤਾ ਕੀਤੀ ਜਾਵੇ ਤੇ ਉਸ ਨੂੰ ਬਣਦਾ ਸਨਮਾਨ ਦਿੱਤਾ ਜਾਵੇ । ਸਰਕਾਰਾਂ ਦੇ ਮਾੜੇ ਸਿਸਟਮ ਦੇ ਖਿਲਾਫ ਹੋ ਰਹੀ ਬੇਇਨਸਾਫੀ ਦੇ ਖਿਲਾਫ ਆਵਾਜ਼ ਬੁਲੰਦ ਕਰਨਾ ਅਤੇ ਇਨਸਾਫ਼ ਦੀ ਮੰਗ ਕਰਨਾ ਸਾਡਾ ਮੁੱਢਲਾ ਫਰਜ਼ ਹੈ ਉਸ ਨੂੰ ਮੰਨਣਾ ਉਸ ਦੀ ਬਣਦੀ ਸਹਾਇਤਾ ਕਰਨਾ ਸਮੇਂ ਦੀਆਂ ਸਰਕਾਰਾਂ ਦਾ ਕੰਮ ਹੈ ਜੇ ਰਾਜਨੀਤਕ ਲੀਡਰਾਂ ਦੀ ਹੁਣ ਆਨਾ ਕਾਨੀ ਹੈ ਤਾਂ ਫਿਰ ਪੰਜਾਬ ਦੇ ਲੋਕ ਇਨ੍ਹਾਂ ਰਾਜਨੀਤਿਕ ਪਾਰਟੀਆਂ ਅਤੇ ਸਰਕਾਰਾਂ ਨਾਲ ਵੋਟਾਂ ਮੌਕੇ ਹਿਸਾਬ ਕਰਨਾ ਜਾਣਦੇ ਹਨ ਪਰ ਖੇਡ ਸੰਸਥਾਵਾਂ ਅਤੇ ਕਬੱਡੀ ਫੈਡਰੇਸ਼ਨਾਂ ਨੂੰ ਰਲ ਮਿਲ ਕੇ ਪੰਜਾਬ ਸਰਕਾਰ ਅਤੇ ਇਨ੍ਹਾਂ ਰਾਜਨੀਤਿਕ ਆਗੂਆਂ ਦਾ ਵਿਰੋਧ ਕਰਨਾ ਚਾਹੀਦਾ ਖਾਸ ਕਰਕੇ ਖੇਡ ਮੰਤਰੀ ਰਾਣਾ ਸੋਢੀ ਸਾਹਿਬ, ਨਵਜੋਤ ਸਿੰਘ ਸਿੱਧੂ ਅਤੇ ਪਰਗਟ ਸਿੰਘ ਨੂੰ ਜ਼ਰੂਰ ਕੋਈ ਨਾ ਕੋਈ ਹਲੂਣਾ ਦਿਓ ਤਾਂ ਜੋ ਕੋਈ ਇਨਸਾਫ਼ ਦੀ ਕਿਰਨ ਜਾਗ ਸਕੇ ,ਆਓ ਰਲ ਮਿਲ ਕੇ ਕਬੱਡੀ ਖਿਡਾਰੀ ਅਰਵਿੰਦਰ ਪੱਡਾ ਪ੍ਰਤੀ ਚੱਲੀ ਇਸ ਇਨਸਾਫ ਲਹਿਰ ਦਾ ਹਿੱਸਾ ਬਣੀਏ ਸ਼ਾਇਦ ਪ੍ਰਮਾਤਮਾ ਪੰਜਾਬ ਦੇ ਰਖਵਾਲਿਆ ਨੂੰ ਕੋਈ ਸੁਮੱਤ ਦੇ ਦੇਵੇ। ਰੱਬ ਰਾਖਾ !

SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Fectory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding

ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check
VISA

We Provide All Autos, Trucks & Trailers Repair

Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

ਤਿੰਨ ਵਾਰੀ ਦੇ ਭਾਰਤੀ ਹਾਕੀ ਉਲੰਪੀਅਨ ਪਦਮਸ਼੍ਰੀ ਬਲਬੀਰ ਸਿੰਘ ਸੀਨੀਅਰ ਫਾਨੀ ਸੰਸਾਰ ਤੋਂ ਅਲਵਿਦਾ



ਡਾ ਸੁਰਜੀਤ ਸਿੰਘ ਭਦੌੜ
91-98884-88060

ਤਿੰਨ ਵਾਰੀ ਹਾਕੀ ਉਲੰਪੀਅਨ ਰਹੇ ਬਲਬੀਰ ਸਿੰਘ ਦੁਸਾਂਝ ਉਰਫ ਸੀਨੀਅਰ ਆਖਰ ਉਮਰ ਦੇ ਪੈਂਡੇ ਤੋਂ ਹਾਰ ਗਏ। ਲੰਬੀ ਬਿਮਾਰੀ ਤੋਂ ਬਾਅਦ ਉਹ ਸੰਸਾਰ ਤੋਂ ਰੁਖਸਤ ਹੋ ਗਏ । "ਜਿਵੇਂ ਤੇਰੇ ਭਾਗ ਲੱਛੀਏ ਵਾਲੀ " ਪੰਜਾਬੀ ਦੀ ਕਹਾਵਤ ਉਹਨਾਂ ਦੀ ਮੌਤ ਤੋਂ ਬਾਅਦ ਉਨਾਂ ਤੇ ਪੂਰੀ ਢੁੱਕ ਗਈ। ਉਹ ਇਸ ਲਈ ਕਿ ਸਰਕਾਰ ਦੇ ਨਾਲ ਨਾਲ ਕੁਦਰਤ ਦੀ ਵੀ ਬੇਰੁੱਖੀ ਰਹੀ। ਜਿਉਂਦੇ ਜੀਅ ਉਹਨਾਂ ਦੀ ਭਾਰਤ ਰਤਨ ਦੀ ਉਪਾਧੀ ਹਾਸਿਲ ਕਰਨ ਦੀ ਇੱਛਾ ਸਰਕਾਰ ਨੇ ਪੂਰੀ ਨਾਂ ਕੀਤੀ ਅਤੇ ਮੌਤ ਤੋਂ ਬਾਅਦ ਕੁਦਰਤ ਦੀ ਕਰੋਪੀ ਚ ਚਾਰ ਚਾਹੁੰਣ ਵਾਲਿਆਂ ਦਾ ਮੋਢਾ ਵੀ ਨਸੀਬ ਨਹੀਂ ਹੋਇਆ । ਮੌਤ ਵੇਲੇ ਤਾਂ ਭਾਵੇਂ ਕੁਦਰਤ ਦੀ ਕਰੋਪੀ ਸੀ ਪਰ ਇਸਤੋਂ ਬਿਨਾਂ ਵੀ ਉਹ ਆਪਣੇ ਆਪ ਨੂੰ ਲੋਕਾਂ ਦੀ ਬੇਰੁੱਖੀ ਦਾ ਪੀੜਤ ਮੰਨਦੇ ਸਨ । 1980 ਵਿੱਚ ਕਨੇਡਾ ਆਪਣੇ ਪੁਤਰਾਂ ਕੋਲ ਰਿਹਾਇਸ ਕਰਨ ਤੋਂ ਬਾਅਦ ਚੰਡੀਗੜ ਉਨਾਂ ਦਾ ਇਹ ਕਹਿਣਾ ਕਿ ਕਨੇਡਾ ਚ ਲੋਕ ਮੈਨੂੰ ਪੰਜਾਬ ਤੋ ਜਿਆਦਾ ਪਹਿਚਾਣਦੇ ਨੇ ਸ਼ਾਇਦ ਇਸੇ ਬੇਰੁੱਖੀ ਦਾ ਵਰਨਣ ਹੋਵੇ। ਬਲਬੀਰ ਸਿੰਘ ਸੀਨੀਅਰ ਨੇ ਉਲੰਪਿਕ ਹਾਕੀ ਦਾ ਸੋਨ ਤਮਗਾ ਸੰਨ 1948 ਵਿੱਚ ਦੇਸ਼ ਦੀ ਝੋਲੀ ਉਦੋਂ ਪਾਇਆ ਜਦੋਂ ਭਾਰਤ ਦੋ ਟੁਕੜਿਆਂ ਚ ਵੰਡਿਆਂ ਆਪਣੇ ਵੰਡ ਦੇ ਦਰਦ ਨੂੰ ਸਮੇਟਣ ਲੱਗਾ ਸੀ । 1948 ਤੋਂ ਬਾਅਦ 1952 ਅਤੇ 1956 ਲਗਾਤਾਰ ਤਿੰਨ ਉਲੰਪਿਕ ਹਾਕੀ ਸੋਨ ਤਮਗਿਆਂ ਦਾ ਸਿਹਰਾ ਬਲਬੀਰ ਸਿੰਘ ਸੀਨੀਅਰ ਨੂੰ ਜਾਂਦਾ ਹੈ। 1948 ਵਾਲਾ ਉਲੰਪਿਕ ਮੈਡਲ ਸ਼ਾਇਦ ਇਸ ਲਈ ਜਿਆਦਾ ਮਹੱਤਵਪੂਰਣ ਮੰਨਿਆਂ ਜਾਦਾਂ ਕਿਉਂਕਿ ਦੇਸ਼ ਦੀ ਨਵੀਂ ਨਵੀਂ ਵੰਡ ਦੇ ਕਾਰਨ ਖੇਡ ਦੀ ਕਮਜੋਰੀ ਨੂੰ ਬਚਾਉਣ ਲਈ ਉਲੰਪਿਕ ਵਾਸਤੇ ਭਾਰਤ ਪਾਕਿਸਤਾਨ ਦੀ ਸਾਂਝੀ ਟੀਮ ਦੇ ਤਿਆਰ ਕਰਨ ਦਾ ਜਿਕਰ ਵੀ ਹੋਣ ਲੱਗ ਗਿਆ ਸੀ ਪਰ ਦੇਸ਼ ਦੇ ਬਹਾਦਰ ਖਿਡਾਰੀਆਂ ਨੇ ਇਹ ਜੰਗ ਇਕੱਲਿਆਂ ਲੜ ਕੇ ਜਿੱਤਣ ਦਾ ਲਿਆ ਸੰਕਲਪ ਪੂਰਾ ਕਰ ਦਿਖਾਇਆ। ਜਲੰਧਰ ਜਿਲੇ ਦੇ ਪਿੰਡ ਹਰੀਪੁਰ ਖਾਲਸਾ ਵਿੱਚ 1923 ਵਿੱਚ ਜਨਮੇ ਬਲਬੀਰ ਸਿੰਘ ਦੁਸਾਂਝ ਦਾ ਹਾਕੀ ਉਲੰਪਿਕ ਵਿੱਚ ਇੱਕ ਵਿਅਕਤੀ ਦੁਆਰਾ ਸਭ ਤੋ ਜਿਆਦਾ ਗੋਲ਼ ਕਰਨ ਦਾ ਰਿਕਾਰਡ ਅੱਜ ਵੀ ਬਰਕਰਾਰ ਹੈ । ਇਹ ਰਿਕਾਰਡ ਉਨਾਂ ਨੇ 1952 ਦੇ ਉਲੰਪਿਕ ਹਾਕੀ ਮੁਕਾਬਲੇ ਵਿੱਚ ਹਾਲੈਂਡ ਨਾਲ ਹੋਏ ਮੈਚ ਵਿੱਚ ਛੇ ਗੋਲਾਂ ਵਿੱਚੋਂ ਪੰਜ ਗੋਲ ਕਰਕੇ ਬਣਾਇਆ ਸੀ । 1956 ਵਿਚਲਾ ਉਲੰਪਿਕ ਹਾਕੀ ਮੈਚ ਉਨਾਂ ਨੇ ਉਂਗਲ ਤੇ ਸੱਟ ਲੱਗਣ ਦੇ ਬਾਵਜੂਦ ਖੇਡਿਆ ਸੀ ਅਤੇ ਚੈਂਪੀਅਨ ਬਣੇ । 1952 ਅਤੇ 1956 ਦੀਆਂਉਲੰਪਿਕ ਖੇਡਾਂ ਦੌਰਾਨ ਭਾਰਤ ਦਾ ਰਾਸ਼ਟਰੀ ਝੰਡਾ ਚੁੱਕਣ ਵਾਲੇ ਬਲਬੀਰ ਸਿੰਘ ਨੇ ਇਸੇ ਲਈ ਕਿਹਾ ਸੀ ਕਿ ਭਾਰਤ ਰਤਨ ਦੀ ਉਪਾਧੀ ਦੀ ਚੋਣ ਵਿੱਚ ਭਾਰਤੀ ਖੇਡਾਂ ਲਈ ਮੇਰੇ ਯੋਗਦਾਨ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ। ਸੰਨ 1947 ਵਿੱਚ ਆਜਾਦੀ ਤੋਂ ਬਾਅਦ ਭਾਰਤ ਤੋਂ ਰੁਖਸਤ ਕੀਤੇ ਗੋਰਿਆਂ ਦੇ ਦੇਸ਼ ਇੰਗਲੈਂਡ ਦੇ ਲੰਡਨ ਵਿੱਚ ਅਗਲੇ ਸਾਲ 1948 ਵਿੱਚ ਹੀ ਆਜਾਦ ਭਾਰਤ ਨੇ ਬਲਬੀਰ ਸਿੰਘ ਦੀ ਮਿਹਨਤ ਸਦਕਾ ਹਾਕੀ ਉਲੰਪਿਕ ਦਾ ਸੋਨ ਤਮਗਾ ਫੁੰਡ ਲਿਆ ਸੀ। ਇਸ ਉਲੰਪਿਕ ਵਿੱਚ ਬਲਬੀਰ ਸਿੰਘ ਨੇ ਖੇਡੇ ਦੋ ਮੈਚਾਂ ਵਿੱਚ 13 ਵਿੱਚੋਂ 8 ਗੋਲ ਕੀਤੇ । ਹੇਲਿੰਸਕੀ ਚ ਹੋਈਆਂ 1952 ਉਲੰਪਿਕ ਖੇਡਾਂ ਵਿੱਚ ਤਿੰਨ ਮੈਚ ਖੇਡ ਕੇ ਬਲਬੀਰ ਸਿੰਘ ਨੇ ਕੱਲ 13 ਗੋਲਾਂ ਵਿੱਚੋਂ 9 ਗੋਲ ਆਪਣੇ ਨਾਮ ਕੀਤੇ। ਮੈਲਬਰਨ ਦੀ 1956 ਦੀ ਉਲੰਪਿਕ ਵਿੱਚ ਉਹ ਸੋਨ ਤਮਗਿਆਂ ਦੀ ਹੈਟ੍ਰਿਕ ਮਾਰਨ ਵਾਲਾ ਆਜਾਦ ਭਾਰਤ ਦਾ ਪਹਿਲਾ ਹਾਕੀ ਖਿਡਾਰੀ ਬਣਿਆ । ਇਸ ਹੈਟ੍ਰਿਕ ਤੋਂ ਬਾਅਦ 1957 ਵਿੱਚ ਭਾਰਤ ਸਰਕਾਰ ਦੁਆਰਾ ਬਲਬੀਰ ਸਿੰਘ ਸੀਨੀਅਰ ਨੂੰ ਪਦਮ ਸ਼੍ਰੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਹ ਖੇਡਾਂ ਦੇ ਖੇਤਰ ਵਿੱਚ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਦੇਸ਼ ਦਾ ਪਹਿਲਾ ਖਿਡਾਰੀ ਸੀ । ਆਪਣੇ ਸਮਿਆਂ ਦਾ ਵਿਸ਼ਵ ਪ੍ਰਸਿੱਧ ਉਲੰਪੀਅਨ ਬਲਬੀਰ ਸਿੰਘ ਦਾ ਹਾਕੀ ਸਫਰ ਉਹਦੇ ਸੱਤਵੇਂ ਜਨਮ ਦਿਨ ਤੇ ਉਹਦੇ ਬਾਪ ਸ. ਦਲੀਪ ਸਿੰਘ ਦੁਆਰਾ ਉਸਨੂੰ ਦਿੱਤੇ ਹਾਕੀ ਦੇ ਤੋਹਫੇ ਨਾਲ ਸ਼ੁਰੂ ਹੋ ਗਿਆ ਸੀ ਜੋ ਭਾਰਤ ਨੂੰ ਉਲੰਪਿਕ ਹਾਕੀ ਚ ਮਾਣ ਦੁਆਉਣ ਦਾ ਕਾਰਨ ਬਣਿਆ। ਉਲੰਪਿਕ ਦੀਆਂ ਆਪਣੀਆਂ ਪ੍ਰਾਪਤੀਆਂ ਦੇ ਕਾਰਨ ਪੰਜਾਬ ਪੁਲਿਸ ਵਿੱਚ ਡੀ ਐਸ ਪੀ ਵਜੋਂ ਤਾਇਨਾਤ ਬਲਬੀਰ ਸਿੰਘ ਸੀਨੀਅਰ ਨੂੰ ਪੰਜਾਬ ਦਾ ਡਾਇਰੈਕਟਰ ਖੇਡ ਨਿਯੁਕਤ ਕਰ ਦਿੱਤਾ ਗਿਆ ਜਿਥੋਂ ਲੱਗਭੱਗ ਦਸ ਸਾਲ ਦੀ ਨੌਕਰੀ ਤੋਂ ਬਾਅਦ ਉਹ ਸੇਵਾ ਮੁਕਤ ਹੋ ਗਏ। ਬਲਬੀਰ ਸਿੰਘ ਸੀਨੀਅਰ 1975 ਵਾਲੇ ਪੁਰਸ਼ ਵਿਸ਼ਵ ਕੱਪ ਦੀ ਚੈਂਪੀਅਨ ਅਤੇ 1971 ਦੇ ਵਿਸ਼ਵ ਹਾਕੀ ਕੱਪ ਵਿੱਚ ਤਾਂਬੇ ਦਾ ਤਮਗੇ ਦੌਰਾਨ ਭਾਰਤੀ ਹਾਕੀ ਟੀਮਾਂ ਦਾ ਕੋਚ ਅਤੇ ਮੈਨੇਜਰ ਵੀ ਸੀ। ਉਨਾਂ ਵੱਲੋਂ ਦੋ ਪੁਸਤਕਾਂ ਆਪਣੀ ਸਵੈ-ਜੀਵਨੀ "ਦ ਗੋਲ਼ਡਨ ਹੈਟ੍ਰਿਕ" ਤੋਂ ਇਲਾਵਾ ਸਿਖਲਾਈ ਪੁਸਤਕ "ਦ ਗੋਲ਼ਡਨ ਯਾਰਡਸਟਿਕ" ਵੀ ਲਿਖੀਆਂ ਗਈਆਂ । ਉਨਾਂ ਸੰਬੰਧੀ ਮਿਲਦੇ ਰਿਕਾਰਡ ਤੋਂ ਇਹ ਵੀ ਚਾਹੇ ਦੱਸਿਆ ਜਾਂਦਾ ਹੈ ਕਿ ਦੇਸ਼ ਵਿੱਚ ਧਾਰਮਿਕ ਘੱਟ ਗਿਣਤੀ ਨਾਲ ਸੰਬੰਧ ਹੋਣ ਕਰਕੇ ਉਨਾਂ ਨੂੰ ਉਹਨਾਂ ਤੇ ਪੱਧਰ ਦਾ ਮਾਣ ਨਹੀਂ ਦਿੱਤਾ ਗਿਆ ਲੇਕਿਨ ਬਲਬੀਰ ਸਿੰਘ ਸੀਨੀਅਰ ਨੇ 2006 ਵਿੱਚ ਸਰਵੋਤਮ ਸਿੱਖ ਹਾਕੀ ਖਿਡਾਰੀ ਦੇ ਮਿਲਣ ਵਾਲੇ ਸਨਮਾਨ ਤੇ ਨਾਂਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਖਿਡਾਰੀਆਂ ਨੂੰ ਧਾਰਮਿਕ ਵਲਗਣ ਵਿੱਚ ਬੰਨਣਾ ਉਚਿਤ ਨਹੀਂ ਅਤੇ ਹਾਕੀ ਖੇਡ ਦਾ ਮਾਣ ਰੱਖਣ ਲਈ ਉਨਾਂ ਨੇ ਇਹ ਸਨਮਾਨ ਪ੍ਰਾਪਤ ਕੀਤਾ।

ਖਿਡਾਰੀ ਅੰਦਰਲੀ ਦੇਸ਼ ਭਗਤੀ ਵਾਲੇ ਜਜਬੇ ਦੀ ਇੱਕ ਕਹਾਣੀ ਦੇ ਜਿਕਰ ਬਿਨਾਂ ਉਹਨਾਂ ਦੀ ਸ਼ਖਸ਼ੀਅਤ ਦਾ ਬਿਆਨ ਸ਼ਾਇਦ ਅਧੂਰਾ ਹੋਵੇ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਸਾਲ 1984 ਦੌਰਾਨ ਅਮਰੀਕਾ ਦੇ ਲਾਸ ਏਂਜਲਸ ਵਿੱਚ ਇੱਕ ਮੈਚ ਦੇਖਦਿਆਂ ਜਦੋਂ ਉਹਨਾਂ ਨੇ ਇੱਕ ਸਿੱਖ ਵਿਅਕਤੀ ਦੇ ਹੱਥ ਵਿੱਚ ਟੁਕੜੇ ਟੁਕੜੇ ਹੋਣ ਕਰਨ ਲਈ ਭਾਰਤ ਦਾ ਰਾਸ਼ਟਰੀ ਝੰਡਾ ਦੇਖਿਆ ਤਾਂ ਉਨਾਂ ਨੇ ਭੱਜ ਕੇ ਉਸ ਸਖਸ਼ ਦੇ ਹੱਥੋਂ ਇਹ ਰਾਸ਼ਟਰੀ ਝੰਡਾ ਮਾਣ ਨਾਲ ਫੜ ਲਿਆ । ਉਕਤ ਸਖਸ਼ ਵੱਲੋਂ ਇਹ ਝੰਡਾ 1984 ਦੇ ਸਿੱਖ ਵਿਰੋਧੀ ਦੰਗਿਆਂ ਪ੍ਰਤੀ ਆਪਣਾ ਰੋਸ ਜਾਹਰ ਕਰਨ ਲਈ ਅਪਮਾਨਤ ਕੀਤਾ ਜਾਣਾ ਸੀ। ਭਾਰਤੀ ਅਤੇ ਪੰਜਾਬੀ ਨੌਜਵਾਨਾਂ ਲਈ ਬਲਬੀਰ ਸਿੰਘ ਸੀਨੀਅਰ ਹਮੇਸ਼ਾ ਮਾਰਗ ਦਰਸ਼ਕ ਰਹਿਣਗੇ ।

ਅੰਤਰ-ਰਾਸ਼ਟਰੀ ਹੱਦਾਂ ਤੋਂ ਪਾਰ ਫੈਲਦੀਆਂ ਮਹਾਂਮਾਰੀਆਂ 'ਚ ਮਨੁੱਖ-ਪਸ਼ੂ ਤਾਲਮੇਲ ਦਾ ਵਿਗਿਆਨ

ਇਸ ਵਿੱਚ ਕੋਈ ਅਤਿਕਥਨੀ ਨਹੀਂ ਕਿ ਦੁਨੀਆਂ ਭਰ ਵਿੱਚ ਕੋਰੋਨਾ ਵਾਇਰਸ ਨਾਲ ਫੈਲੀ ਮਹਾਂਮਾਰੀ ਨੇ ਵਿਗਿਆਨ ਨੂੰ ਕਟਿਹਰੇ ਚ ਲਿਆ ਖੜਾ ਕੀਤਾ ਹੈ । ਹੁਣ ਤੱਕ ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ (ਜੂਨੋਟਿਕ ਬਿਮਾਰੀਆਂ) ਤੇ ਕੇਂਦਰਤ ਵਿਗਿਆਨ ਦੀ ਸ਼ਾਖਾ ਅਣਗੌਲੇ ਰੂਪ ਵਿੱਚ ਦੇਖੀ ਜਾਂਦੀ ਸੀ। ਕੋਵਿਡ-19 ਬਿਮਾਰੀ ਜਾਨਵਰਾਂ ਤੋਂ ਮਨੁੱਖਾਂ ਵਿੱਚ ਆਈ ਵੱਡੀ ਅਲਾਮਤ ਬਣੀ ਹੈ । ਕੋਰੋਨਾ ਵਾਇਰਸ ਭਾਵ ਕੋਵਿਡ-19, ਮਹਾਂਮਾਰੀ ਨੂੰ ਪਲੇਗ, ਸਾਰਸ (ਕੋਵ) ਅਤੇ ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ ਦੀ ਕੋਰੋਨਾ ਬਿਮਾਰੀ (ਐਮ.ਈ.ਆਰ.ਐਸ) ਦੀਆਂ ਪਹਿਲਾਂ ਆ ਚੁੱਕੀਆਂ ਮਹਾਂਮਾਰੀਆਂ ਦੇ ਸੰਦਰਭ ਵਿੱਚੋਂ ਸਮਝਿਆ ਜਾ ਸਕਦਾ ਹੈ ਕਿਉਂਕਿ ਇਹ ਸਾਰੀਆਂ ਕੋਵਿਡ-19 ਵਾਂਗ ਪਸ਼ੂ ਆਧਾਰਿਤ ਸ਼ੁਰੂਆਤ ਵਜੋ ਸਾਹਮਣੇ ਆਈਆਂ। ਪਸ਼ੂਆਂ ਤੋਂ ਸ਼ੁਰੂ ਹੋ ਇਹ ਅਲਾਮਤਾਂ ਅੰਤਰ-ਰਾਸ਼ਟਰੀ ਸਰਹੱਦਾਂ ਤੋ ਪਾਰ ਮਨੁੱਖ ਤੋਂ ਮਨੁੱਖ ਦਰਮਿਆਨ ਫੈਲੀਆਂ । ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਚੀਨ ਵਿੱਚੋਂ ਚੂਹਿਆਂ ਤੋਂ ਚੱਲੀ ਪਲੇਗ ਦੀ ਤੀਜੀ ਮਹਾਂਮਾਰੀ ਨੇ ਚੀਨ ਵਿੱਚ 2.2 ਮਿਲੀਅਨ ਮੌਤਾਂ ਦੇ ਨਾਲ ਬ੍ਰਿਟਿਸ਼ ਰਾਜ ਵਿੱਚ 22.5 ਮਿਲੀਅਨ ਲੋਕਾਂ ਦੀ ਜਾਨ ਲਈ । 2002-03 ਵਿੱਚ ਦੱਖਣੀ ਚੀਨ ਦੇ ਗੁਆਂਗਡਾਨ ਸੂਬੇ ਚੋਂ ਇੱਕ ਬਿੱਲੀ ਦੀ ਕਿਸਮ ਤੋਂ ਸ਼ੁਰੂ ਹੋਈ ਮੰਨੀ ਜਾਂਦੀ ਕੋਰੋਨਾ ਵਾਇਰਸ (ਸਾਰਸ-ਕੋਵ) ਦੀ ਬਿਮਾਰੀ, ਪੀੜਤ 12 ਫੀਸਦੀ ਲੋਕਾਂ ਦੀ ਮੌਤ ਦਾ ਕਾਰਨ ਬਣੀ । 2012 ਵਿੱਚ ਵੀ ਸਾਊਦੀ ਅਰਬ ਵਿੱਚ ਊਠਾਂ ਤੋਂ ਸ਼ੁਰੂ ਹੋਈ ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ ਦੀ ਕੋਰੋਨਾ ਬਿਮਾਰੀ ਮੁੱਢਲੇ ਦੇਸ਼ ਅਰਬ ਮਹਾਂਦੀਪ ਤੋਂ ਬਾਹਰ ਕੋਰੀਆ ਸਮੇਤ ਕਈ ਦੂਸਰੇ ਦੇਸ਼ਾਂ ਵਿੱਚ ਵੀ ਪ੍ਰਕੋਪ ਦਾ ਕਾਰਨ ਬਣੀ । ਇਸ ਲਈ ਮਨੁੱਖਾਂ ਵਿੱਚ ਆਉਂਦੀਆਂ ਬਿਮਾਰੀਆਂ ਨੂੰ ਪਸ਼ੂਆਂ ਦੇ ਪੱਧਰ ਤੇ ਨਿਗਰਾਨੀ ਵਿੱਚ ਰੱਖਣਾ ਸਮੇਂ ਦੀ ਮੁੱਢਲੀ ਜਰੂਰਤ ਜਾਪਣ ਲੱਗਾ ਹੈ। 2018 ਵਿੱਚ ਅਫਰੀਕਨ ਸਵਾਈਨ ਫੀਵਰ ਨਾਲ ਵਿਸ਼ਵ ਦੀ 25 ਫੀਸਦੀ ਸੂਰ ਆਬਾਦੀ ਦੇ ਖਤਮ ਹੋ ਜਾਣ ਤੋਂ ਬਾਅਦ ਕੋਵਿਡ-19 ਨਾਲ ਦੋ ਲੱਖ ਵਿਅਕਤੀਆਂ ਦੇ ਮਰਨ ਨਾਲ ਸੰਬੰਧਤ ਮਹਾਂਮਾਰੀ ਨੇ ਇਸ ਮਨੁੱਖ-ਪਸ਼ੂ ਤਾਲਮੇਲ ਆਧਾਰਤ ਗੰਭੀਰ ਜਰੂਰਤ ਦਾ ਧਿਆਨ ਖਿੱਚਿਆ ਹੈ । ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਅੰਤਰ ਰਾਸ਼ਟਰੀ ਹੱਦਾਂ ਤੋਂ ਪਾਰ ਫੈਲਣ ਵਾਲੀਆਂ ਬਿਮਾਰੀਆਂ ਦੇ ਕਈ ਕਾਰਨ ਦੇਖੇ ਜਾ ਰਹੇ ਹਨ। ਇੰਨਾਂ ਵਿੱਚ ਵਧਦੀ ਆਬਾਦੀ, ਸ਼ਹਿਰੀਕਰਣ, ਜਮੀਨ ਵਰਤੋਂ ਵਿੱਚ ਬਦਲਾਅ, ਜੰਗਲਾਤ ਸਥਾਨਾਂ ਤੇ ਕਬਜਾ ਅਤੇ ਵਿਸ਼ਵ ਪੱਧਰ ਤੇ ਵਧ ਰਹੀ ਹਵਾਈ ਯਾਤਰਾ ਆਦਿ ਹਨ । ਅੰਤਰ-ਰਾਸ਼ਟਰੀ ਹੱਦਾਂ ਤੋਂ ਪਾਰ ਫੈਲਦੀਆਂ ਇਹਨਾਂ ਮਹਾਂਮਾਰੀਆਂ ਦਾ ਦੁਨੀਆਂ ਦੀ ਆਰਥਿਕਤਾ ਅਤੇ ਮਨੁੱਖਤਾ ਦੀ ਸਿਹਤ ਬਹੁਤ ਗੰਭੀਰ ਅਸਰ ਹੁੰਦਾ ਹੈ ਜਿਵੇਂ ਹੁਣ ਕੋਵਿਡ-19 ਨਾਲ ਸਾਹਮਣੇ ਆਇਆ ਹੈ । ਇਸ ਲਈ ਮਨੁੱਖਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਮਨੁੱਖਾਂ ਵਿੱਚ ਫੈਲਣ ਤੋਂ ਪਹਿਲਾਂ ਇਨਾਂ ਬਿਮਾਰੀਆਂ ਅਤੇ ਜਰਾਸੀਮਾਂ ਨੂੰ ਪਾਲਤੂ ਅਤੇ ਜੰਗਲੀ ਜਾਨਵਰਾਂ ਵਿੱਚ ਮਾਪਣਾ ਹੋਵੇਗਾ । ਵਿਸ਼ਵ ਪੱਧਰ ਤੇ ਇਹ ਪਹਿਲਕਦਮੀ ਆਸਟ੍ਰੇਲੀਆ ਨੇ ਕਰਨ ਦਾ ਐਲਾਨ ਕੀਤਾ ਹੈ । ਦੁਨੀਆਂ ਭਰ ਨੂੰ ਭਵਿੱਖ ਵਿੱਚ ਸਿਹਤ ਮਹਾਂਮਾਰੀਆਂ ਤੋਂ ਬਚਾਉਣ ਲਈ ਆਸਟ੍ਰੇਲੀਆ ਦੀਆਂ ਯੂਨੀਵਰਸਿਟੀਆਂ ਦੱਖਣ-ਪੂਰਬੀ ਏਸ਼ੀਆ ਵਿੱਚ ਵਿਅਕਤੀਆਂ ਨੂੰ "ਪਸ਼ੂ ਬਿਮਾਰੀ ਨਿਗਰਾਨ" ਵਜੋਂ ਸਿੱਖਿਅਤ ਕਰਨਗੀਆਂ। ਇਹ ਨਿਗਰਾਨ ਪਸ਼ੂਆਂ ਵਿੱਚ ਸੰਭਾਵਤ ਨਵੀਆਂ ਬਿਮਾਰੀਆਂ ਅਤੇ ਜਰਾਸੀਮਾਂ ਦੀ ਪਛਾਣ ਅਤੇ ਕਿਸੇ ਵੀ ਕਿਸਮ ਦੇ ਪ੍ਰਕੋਪ ਨੂੰ ਕਾਬੂ ਕਰਨ ਲਈ ਕਾਰਗਰ ਸਿੱਧ ਹੋਣਗੇ । ਇਸ ਪ੍ਰੋਗਰਾਮ ਵਿੱਚ ਆਸਟ੍ਰੇਲੀਆ ਦੀਆਂ ਸਿਡਨੀ, ਮੈਲਬਰਨ, ਕੂਈਨਜਲੈਂਡ,ਐਡੀਲੇਡ, ਚਾਰਲਸ ਸਟੂਅਰਟ, ਮਰਡਕ, ਜੇਮਜ ਕੁੱਕ ਤੋਂ ਇਲਾਵਾ ਮੈਸੀ ਯੂਨੀਵਰਸਿਟੀ ਨਿਊਜੀਲੈਂਡ ਅਤੇ ਅਮਰੀਕਾ ਦੀ ਯੂਨੀਵਰਸਿਟੀ ਆਫ ਮਿਨਸੋਟਾ ਸ਼ਾਮਲ ਹਨ । ਆਸਟ੍ਰੇਲੀਆ ਦੇ ਵਿਗਿਆਨੀਆਂ ਦੀ ਇਸ ਪਹਿਲਕਦਮੀ ਨੂੰ ਪੂਰੇ ਵਿਸ਼ਵ ਭਰ ਵਿੱਚ ਭਵਿੱਖ ਵਿੱਚ ਮਨੁੱਖਾਂ ਨੂੰ ਕਿਸੇ ਵੱਡੀ ਸਿਹਤ ਮੁਸੀਬਤ ਤੋਂ ਬਚਾਉਣ ਦੇ ਮਾਨਵਵਾਦੀ ਯਤਨਾਂ ਦੀ ਸ਼ੁਰੂਆਤ ਵਜੋ ਦੇਖਿਆ ਜਾ ਰਿਹਾ ਹੈ । ਇਸ ਵੱਡੇ ਉਪਰਾਲੇ ਵਿੱਚ ਜਿਹੜੀ ਸਭ ਤੋ ਸਕੂਨ ਅਤੇ ਮਾਣ ਦੇਣ ਵਾਲੀ ਗੱਲ ਹੈ, ਉਹ ਇਹ ਹੈ ਕਿ ਵਿਸ਼ਵ ਪੱਧਰੀ ਇਸ ਪਹਿਲਕਦਮੀ ਦੀ ਅਗਵਾਈ ਇੱਕ ਭਾਰਤੀ ਪੰਜਾਬੀ ਨੌਜਵਾਨ ਡਾ. ਨਵਨੀਤ ਢੰਡ ਕਰ ਰਿਹਾ ਹੈ । ਸਮਰਾਲੇ ਨੇੜਲੇ ਪਿੰਡ ਸਿਹਾਲਾ ਦਾ ਵਸਨੀਕ ਪੰਜਾਬੀ ਆਸਟ੍ਰੇਲੀਅਨ ਡਾ. ਨਵਨੀਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਵੈਟਰਨਰੀ ਵਿਗਿਆਨ ਵਿੱਚ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਹੈ, ਜੋ ਹੁਣ ਯੂਨੀਵਰਸਿਟੀ ਆਫ ਸਿਡਨੀ ਦੇ ਸਕੂਲ ਆਫ ਵੈਟਰਨਰੀ ਸਾਇੰਸ ਵਿੱਚ ਐਸੋਸੀਏਟ ਪ੍ਰੋਫੈਸਰ ਵਜੋਂ ਤਾਇਨਾਤ ਹੈ । ਡਾ. ਨਵਨੀਤ ਦੱਸਦੇ ਹਨ ਕਿ ਚੀਨ ਦੀ ਵੂਹਾਨ ਮਾਰਕੀਟ ਤੋਂ ਚਮਗਾਦੜ ਦੇ ਜਰੀਏ ਕੋਰੋਨਾ ਵਾਇਰਸ ਦੀ ਫੈਲੀ ਮਹਾਂਮਾਰੀ ਇਹ ਸਮਝਣ ਲਈ ਕਾਫੀ ਹੈ ਕਿ ਜਿਆਦਾਤਰ ਉਭਰਨ ਵਾਲੀਆਂ ਛੂਤ ਦੀਆਂ ਬਿਮਾਰੀਆਂ ਜੂਨੋਟਿਕ ਭਾਵ ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਹੁੰਦੀਆਂ ਹਨ । ਇਸ ਲਈ ਉਹ ਕਹਿੰਦੇ ਹਨ ਕਿ " ਜੇ ਤੁਸੀਂ ਭਵਿੱਖ ਵਿੱਚ ਇਸ ਤਰਾਂ ਦੀਆਂ ਬਿਮਾਰੀਆਂ ਦੀਆਂ ਮਹਾਂਮਾਰੀਆਂ ਤੋਂ ਬਚਣਾ ਚਾਹੁੰਦੇ ਹੋ ਤਾਂ ਤੁਹਾਨੂੰ ਮਨੁੱਖਾਂ ਤੋਂ ਅਗਾਂਹ ਸੋਚਣਾ ਪਵੇਗਾ। ਤੁਹਾਨੂੰ ਪਾਲਤੂ ਅਤੇ ਜੰਗਲੀ ਜਾਨਵਰਾਂ ਵਿੱਚ ਇਹਨਾਂ ਵਾਇਰਸ ਜਾਂ ਜਰਾਸੀਮਾਂ ਨੂੰ ਲੱਭਣਾ ਪਵੇਗਾ । ਇਸ ਕਾਰਜ ਨੂੰ ਪੂਰਾ ਕਰਨ ਲਈ ਪਸ਼ੂਆਂ ਦੀਆਂ ਬਿਮਾਰੀਆਂ ਤੇ ਨਿਗਰਾਨੀ ਰੱਖਣ ਲ਼ਈ ਸਿੱਖਿਅਤ ਪਸ਼ੂ ਸਿਹਤ ਸੰਭਾਲ ਫੌਜ ਤਿਆਰ ਕਰਨੀ ਹੋਵੇਗੀ । ਇਹ ਪਸ਼ੂ ਬਿਮਾਰੀ ਨਿਗਰਾਨ ਦੀ ਫੌਜ ਛੂਤ ਦੀਆਂ ਬਿਮਾਰੀਆਂ ਨੂੰ ਲੱਭਣ ਲਈ ਪੁਲੀਸ ਨਿਗਰਾਨ ਜਾਂ ਜਾਸੂਸ ਦਾ ਭਾਂਤੀ ਮੰਨੀ ਜਾਵੇਗੀ, ਜੋ ਭਵਿੱਖ ਵ

ਅੰਧ-ਵਿਸ਼ਵਾਸ, ਟੂਣੇ-ਟਾਮਣੇ ਅਤੇ ਝੂਠੇ ਅਡੰਬਰ ਛੱਡਣਾ ਸਮੇਂ ਦੀ ਲੋੜ

ਸੰਤੋਖ ਜੱਸੀ (ਸਰਪੰਚ
98766-58364

ਲੰਮੇ ਸਮੇਂ ਤੋਂ ਪੁਰੋਹਿਤਾਂ ਨੇ ਮਨੁੱਖ ਨੂੰ ਆਪਣੇ ਦਾਅ-ਪੇਚਾਂ 'ਚ ਫਸਾ ਰੱਖਿਆ ਹੈ। ਲੱਗਭੱਗ ਸਾਰੇ ਧਰਮਾਂ 'ਚ ਅਜਿਹੇ ਲੋਕ ਹਨ। ਜੋ ਪੂਜਾ ਨੂੰ ਕੰਮ ਬਣਾ ਕੇ ਮਨੁੱਖ ਨੂੰ ਲੁੱਟਣ ਦੇ ਤਰੀਕੇ ਖੋਜ ਚੁੱਕੇ ਹਨ। ਪੱਥਰ ਯੁੱਗ ਵਿੱਚੋਂ ਜਿਉਂ-ਜਿਉਂ ਮਨੁੱਖ ਰੌਸ਼ਨੀ ਵੱਲ ਵੱਧਣ ਲੱਗਾ, ਤਿਉਂ-ਤਿਉਂ ਚੁਸਤ ਚਲਾਕ ਲੋਕਾਂ ਨੇ ਮਨੁੱਖਾਂ 'ਚ ਡਰ ਪੈਦਾ ਕਰ ਦਿੱਤਾ। ਜਿਸ ਡਰ 'ਚੋਂ ਬਾਹਰ ਨਿਕਲਣ ਖ਼ਾਤਰ ਮਨੁੱਖ ਇਨ੍ਹਾਂ ਅਖੌਤੀ ਧਾਰਨੀਆਂ ਦੇ ਅਜਿਹੇ ਚੱਕਰ 'ਚ ਪਿਆ। ਜਿਸ ਦਾ ਹੁਣ ਸਿਰਾ ਲੱਭਣਾ ਵੀ ਖਾਲਾ ਜੀ ਦਾ ਵਾੜਾ ਨਹੀਂ ਰਿਹਾ।

ਰੱਬ ਬਾਰੇ, ਧਰਮ ਬਾਰੇ ਅਨੇਕਾਂ ਵਿਚਾਰ ਹਨ। ਹਰ ਜੋ ਅੰਧ ਵਿਸ਼ਵਾਸ, ਟੂਣੇ-ਟਾਮਣੇ ਤੇ ਅੰਡਬਰ ਨਿਰੰਤਰ ਕਰਨੇ 21ਵੀਂ ਸਦੀ, ਜਿਸ ਨੂੰ ਵਿਗਿਆਨਿਕ ਯੁੱਗ ਕਹਿੰਦੇ ਹਨ। ਅਜਿਹੇ ਤੱਥਾਂ 'ਤੇ ਸੱਚ ਵਹੂਣੇ ਕਾਰਨਾਮਿਆਂ ਨੂੰ ਪ੍ਰਫੁੱਲਿਤ ਕਰਨ ਵਾਲੇ ਬੇਸ਼ੱਕ ਧਨ ਦੌਲਤ ਨਾਲ ਧੰਨ-ਧੰਨ ਹੋ ਗਏ ਹੋਣ, ਪਰ ਗਰੀਬ ਤੇ ਅੰਧ-ਵਿਸ਼ਵਾਸਾਂ 'ਚ ਫਸ ਚੁੱਕੇ ਲੋਕ ਬੁਰੀ ਤਰ੍ਹਾਂ ਲੁੱਟੇ ਗਏ ਹਨ ਤੇ ਲੁੱਟੇ ਜਾ ਰਹੇ ਹਨ।

ਸੱਚ ਇਹ ਹੈ ਕਿ ਭਾਰਤ ਦੁਨੀਆਂ ਦਾ ਇੱਕ ਅਜਿਹਾ ਦੇਸ਼ ਹੈ, ਜਿੱਥੇ ਵੰਨ-ਸੁਵੰਨੀਆਂ ਰੁੱਤਾਂ ਅਤੇ ਮੌਸਮ ਹਨ। ਕੁਦਰਤੀ ਖਣਿਜ ਪਦਾਰਥ ਹਨ। ਗੱਲ ਕੀ ਕੁਦਰਤ ਮਾਂ ਨੇ ਭਾਰਤ ਨੂੰ ਬਹੁਤ ਕੁੱਝ ਦਿੱਤਾ ਹੈ। ਬੁੱਧੀਮਾਨ ਮਨੁੱਖ ਦੱਸਦੇ ਹਨ ਕਿ ਸਮਾਜ ਵਿੱਚ ਕੰਮ ਤੋਂ ਬਿਨ੍ਹਾਂ ਕੋਈ ਵਿਵਸਥਾ ਸੰਭਵ ਨਹੀਂ ਹੈ। ਕੰਮ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਕਿਸਾਨ ਖੇਤਾਂ ਵਿੱਚ ਖੇਤੀ ਕਰਦਾ ਹੈ, ਦੂਜਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਬਹਾਨੇ (ਲੋੜਾਂ ਮੁਤਾਬਿਕ ਵੀ) ਲੁੱਟਣ ਦੀ ਕੋਸ਼ਿਸ਼ ਕਰਦਾ ਹੈ। ਦੂਜੀ ਕਿਸਮ ਦੇ ਲੋਕ ਹੀ ਹਨ ਜੋ ਲੋਕਾਂ ਨੂੰ ਕਿਸੇ ਡਰ-ਭੈਅ ਦਿਖਾ ਕੇ, ਉਲਝਾ ਕੇ ਆਪਣਾ ਢਿੱਡ ਭਰਦੇ। ਭਾਵ ਆਪਣੇ ਉੱਲੂ ਸਿੱਧਾ ਕਰਦੇ ਹਨ। ਇਹ ਅਖੌਤੀ ਸਾਡੇ ਦੁੱਖਾਂ ਦਾ ਹੱਲ ਕਰਨ ਵਾਲੇ ਹੀ ਸਾਡੇ ਸਮਾਜ ਦਾ ਘੁਣ ਹਨ, ਜੋ ਸਾਨੂੰ ਸਾਡੀਆਂ ਕਈ ਮਜ਼ਬੂਰੀਆਂ ਕਾਰਨ ਚਿੰਬੜੇ ਹੋਏ ਹਨ।

ਜਿਉਂ-ਜਿਉਂ ਵਿਗਿਆਨ ਨੇ ਤਰੱਕੀ ਕੀਤੀ, ਉਵੇਂ ਇਨ੍ਹਾਂ ਸਮਾਜ ਦੇ ਅਖੌਤੀ ਸਮਾਜ ਸੇਵਕਾਂ ਨੇ ਸਾਡੇ ਸਮਾਜ ਦੀ ਤਰੱਕੀ, ਉੱਨਤੀ, ਖੁਸ਼ਹਾਲੀ ਦਾ ਨਜਾਇਜ਼ ਫਾਇਦਾ ਲਿਆ। ਇਸ ਲੁੱਟਣ ਵਾਲੇ ਵਰਗ ਨੇ ਵੀ ਐਨੀ ਤਰੱਕੀ ਕੀਤੀ ਕਿ ਪਹਿਲਾਂ ਤਾਂ ਮਨੁੱਖ ਦੂਰ-ਦੁਰੇਡੇ ਆਪਣੀ ਸਮੱਸਿਆ, ਮੁਕਤੀ ਤੇ ਪ੍ਰੇਸ਼ਾਨੀਆਂ ਨੂੰ ਘੱਟ ਕਰਨ ਲਈ ਕਈ ਕੋਹਾਂ ਦੂਰੀ 'ਤੇ ਜਾਣਾ ਪੈਂਦਾ ਸੀ। ਅੱਜ ਇਹ ਅਖੌਤੀ ਬਾਬੇ ਪਿੰਡਾਂ ਅਤੇ ਮੁਹੱਲਿਆਂ 'ਚ ਆਮ ਮਿਲਣ ਲੱਗੇ ਹਨ। ਤੁਸੀਂ ਆਪਣਾ ਦੁੱਖ ਦੱਸੋ ਉਹ ਤੁਹਾਡਾ ਭੂਤਕਾਲ, ਵਰਤਮਾਨ ਅਤੇ ਭਵਿੱਖ ਮਿੰਟਾਂ-ਸਕਿੰਟਾਂ 'ਚ ਦੱਸ ਦੇਣਗੇ। ਇੱਥੇ ਹੀ ਨਹੀਂ ਉਹ ਤੁਹਾਡਾ ਇਲਾਜ਼ ਵੀ ਖੁਦ ਕਰ ਦੇਣਗੇ, ਪਰੰਤੂ ਦੱਛਣਾ ਲੱਗੇਗੀ। ਸਭ ਪ੍ਰਕਾਰ ਦਾ ਹੱਲ ਤੁਹਾਡੇ ਸਾਹਮਣੇ ਹੋਵੇਗਾ। ਬੱਸ ਇਲਾਜ ਦੀ ਸੇਵਾ ਬਾਬੇ ਆਪੋ-ਆਪਣੇ ਸਟੇਟਸ ਮੁਤਾਬਿਕ ਦੱਸਣਗੇ।

ਜੇ ਮਨੁੱਖ ਥੋੜ੍ਹਾ ਆਪ ਕੇਂਦਰਿਤ ਹੋਵੇ ਕਿ ਕੀ ਅਜਿਹਾ ਸੰਭਵ ਹੈ ਕਿ ਤੁਹਾਡਾ ਹਾਲ ਕੋਈ ਬਾਬਾ ਜਾਂ ਭਗਤ ਸੱਚਮੁੱਚ ਦੱਸ ਸਕਦਾ ਜਾਂ ਕੋਈ ਦੂਜਾ ਦੱਸਣ ਦੇ ਲਾਇਕ ਹੋ ਸਕਦਾ। ਕੀ ਅੱਜ ਦੇ ਵਿਗਿਆਨ ਦੇ ਯੁੱਗ ਵਿੱਚ ਇਹ ਸੰਭਵ ਹੋ ਸਕਦਾ। ਕੀ ਕੋਈ ਅਜਿਹੀ ਦੈਵੀ ਸ਼ਕਤੀ ਹੋ ਸਕਦੀ ਹੈ, ਜੋ ਚੱਲ ਰਹੇ ਬ੍ਰਹਿਮੰਡ, ਕੁਦਰਤੀ ਵਰਤਾਰੇ ਨੂੰ ਪ੍ਰਭਾਵਿਤ ਕਰ ਸਕਦੀ ਹੈ? ਅੱਜ ਤੱਕ ਮਾਨਵੀ ਇਤਿਹਾਸ ਵਿੱਚ ਅਜਿਹੀ ਕੋਈ ਘਟਨਾ ਘਟੀ? ਕੀ ਅਜਿਹਾ ਸੰਭਵ ਹੋ ਸਕਦਾ ਹੈ। ਇਸ ਦਾ ਜਵਾਬ ਮਨੁੱਖ ਕੋਲ ਹੋ ਸਕਦਾ ਹੈ।

ਜੇ ਕੋਰੋਨਾ ਬਾਬਤ ਗੱਲ ਕਰੀਏ ਤਾਂ ਜਾਣੀਏ ਕਿ ਦੁਨੀਆਂ ਵਿੱਚ ਕਿਸੇ ਇੱਕ ਵੀ ਕਰਨੀ ਵਾਲੇ ਬਾਬੇ ਨੇ ਦੱਸਿਆ ਕਿ ਭਈ ਕੋਈ ਮਹਾਂਮਾਰੀ ਆਉਣ ਵਾਲੀ ਹੈ। ਜਿਸ ਨੇ ਪੰਜਾਬ, ਭਾਰਤ ਅਤੇ ਦੁਨੀਆਂ 'ਚ ਲੱਖਾਂ ਲੋਕਾਂ ਲਈ ਮੌਤ ਦਾ ਕਾਰਨ ਬਣਨਾ ਹੈ। ਇਹ ਜੋ ਸਾਡੇ ਅਖੌਤੀ ਰਾਹ ਦਸਾਊ ਤੇ ਬਣ ਦੇ ਸਾਡੇ ਮੁਕਤੀਦਾਤਾ ਸਾਡਾ ਮਾਰਗ ਦਰਸ਼ਕ ਬਣ ਕੇ ਦੱਸ ਨਹੀਂ ਸਕਦੇ ਸਨ ਕਿ ਲੱਖਾਂ ਲੋਕ ਬਿਮਾਰੀ ਦੀ ਹਾਲਤ ਵਿੱਚ ਪਹੁੰਚ ਸਕਦੇ ਹਨ।

ਦਰਅਸਲ ਅਜਿਹਾ ਕੁੱਝ ਹੈ ਹੀ ਨਹੀਂ। ਯੁੱਗ ਤਰਕ, ਦਲੀਲ ਤੇ ਵਿਗਿਆਨ ਦਾ ਯੁੱਗ ਹੈ। ਜਿੱਥੇ ਵਿਗਿਆਨ ਹੈ, ਉੱਥੇ ਕੋਈ ਭੂਤ, ਪ੍ਰੇਤ ਸੰਭਵ ਨਹੀਂ ਹੈ। ਉੱਥੇ ਕੋਈ ਬਾਬਾ ਤੁਹਾਡਾ ਭਵਿੱਖ ਨਹੀਂ ਦੱਸ ਸਕਦਾ। ਜਿਨ੍ਹਾਂ ਦੇਸ਼ਾਂ 'ਚ ਵਿਗਿਆਨ ਦਾ ਵੱਧ ਪ੍ਰਚਾਰ ਹੈ, ਉੱਥੇ ਬਾਬੇ ਪ੍ਰਗਟ ਨਹੀਂ ਹੋ ਸਕਦੇ। ਉੱਥੇ ਕੰਮ ਨੂੰ ਪੂਜਾ ਵਾਂਗ ਕੀਤਾ ਜਾਂਦਾ ਹੈ। ਉੱਥੇ ਮਨੁੱਖ ਖੁਦ ਦਾ ਮਾਲਕ ਹੈ। ਜਿਸ ਸਮਾਜ ਵਿੱਚ ਤਰਕ, ਦਲੀਲ ਹੈ, ਉੱਥੇ ਕੋਈ ਬਾਬਾ ਟਿੱਕਦਾ ਨਹੀਂ। ਸਗੋਂ ਸਾਡੇ ਦੇਸ਼ ਜਿੱਥੇ ਮਨੁੱਖ ਚੇਤਨ ਹੈ, ਉੱਥੇ ਬਾਬੇ ਦੀ ਸ਼ਕਤੀ ਜਾਂ ਬਾਬੇ ਦਾ ਜ਼ੋਰ ਨਹੀਂ ਚੱਲਦਾ।

ਭਾਵੇਂ ਕੁਦਰਤ ਦੀ ਭਾਰਤ ਤੇ ਮਿਹਰਬਾਨੀ ਹੈ, ਦੂਜੇ ਪਾਸੇ ਸਾਡੀਆਂ ਸਰਕਾਰਾਂ ਦੀਆਂ ਨੀਤੀਆਂ ਕਾਰਨ ਕਰੋੜਾਂ ਲੋਕ ਗਰੀਬੀ ਵਾਲੀ ਜ਼ਿੰਦਗੀ ਕੱਟ ਰਹੇ ਹਨ। ਕਰੋੜਾਂ ਲੋਕ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ। ਸਹੀ ਕੰਮ ਧੰਦੇ ਨਾ ਹੋਣ ਕਾਰਨ ਅਨੇਕਾਂ ਪ੍ਰਕਾਰ ਦੀਆਂ ਸਮੱਸਿਆਵਾਂ 'ਚ ਫਸੇ ਹੋਏ ਹਨ। ਅਨਪੜ੍ਹਤਾ, ਗਰੀਬੀ, ਬੇਰੁਜਗਾਰੀ, ਬਿਮਾਰੀ ਕਾਰਨ ਘਰਾਂ 'ਚ ਅਕਸਰ ਲੜਾਈ ਝਗੜੇ ਤੇ ਮਨ ਮੁਟਾਵ ਹੁੰਦੇ ਰਹਿੰਦੇ ਹਨ। ਇਨ੍ਹਾਂ ਕਾਰਨਾਂ ਦਾ ਹੱਲ ਲੱਭਣ ਲਈ ਫੋਲਦਾ ਮੰਨ ਤੇ ਸਮੱਸਿਆਵਾਂ ਦਾ ਹੱਲ ਲੱਭਦਾ ਮਨੁੱਖ ਅਕਸਰ ਅਜਿਹੇ 'ਬਾਬਿਆਂ ਦੀ ਸ਼ਰਨ' ਵਿੱਚ ਜਾ ਡਿੱਗਦਾ ਹੈ। ਬਾਬਿਆਂ ਦਾ 'ਕਾਰੋਬਾਰ' ਦਿਨ ਦੁੱਗਣੀ, ਰਾਤ ਚੌਗਣੀ ਤਰੱਕੀ ਕਰਦਾ ਹੈ। ਗੋਗੜਾ ਗਧ ਫੁਲ ਦੀਆਂ ਹਨ। ਇਨ੍ਹਾਂ ਦੇ ਘਰਾਂ ਨੂੰ ਹਰ ਸ਼ੈਅ ਇਨ੍ਹਾਂ ਭੋਲੇ ਭਾਲੇ ਤੇ ਭਵਿੱਖ ਲੱਭਦੇ ਲੁੱਭਦੇ ਮਿਲ ਜਾਂਦੀ ਹੈ ਤੇ ਇਨ੍ਹਾਂ ਦੀ ਪੌਂ ਬਾਰਾਂ ਹੁੰਦੀ ਹੈ। ਇਨ੍ਹਾਂ ਨੂੰ ਕੋਈ ਹੱਥੀ ਮਿਹਨਤ ਮੁਸ਼ੱਕਤ ਕਰਨ ਦੀ ਲੋੜ ਨਹੀਂ ਪੈਂਦੀ। ਸਗੋਂ ਟੱਬਰ 'ਉਪਦੇਸ਼ ਤੇ ਉਪਾਅ' ਨਾਲ ਪੀੜੀ ਦਰ ਪੀੜੀ ਸਥਾਪਤ ਹੋ ਰਹੇ ਹਨ। ਜਿੱਥੋਂ ਫਿਰ ਇਹ ਆਪਣਾ 'ਰਾਜਭਾਗ' ਰਾਹੀਂ ਸਮਾਨ ਵਿੱਚ ਥਾਂ ਬਣਾ ਲੈਂਦੇ ਹਨ। ਇੰਝ ਇਹ 'ਆਪਣਾ ਰਾਜ' ਸਥਾਪਤ ਕਰਕੇ ਸਮਾਜ ਤੇ ਫਿਰ ਸਰਕਾਰਾਂ ਲਈ ਆਫਤ ਬਣ ਜਾਂਦੇ ਹਨ। ਜਦ ਇਨ੍ਹਾਂ ਦੇ 'ਰਾਜ ਦਰਬਾਰਾਂ' 'ਚ ਭੁੱਲੇ ਭਟਕੇ ਫਿਰਦੇ ਲੋਕਾਂ ਦੀ ਆਮਦ ਵੱਧ ਜਾਂਦੀ ਹੈ ਤਾਂ ਫਿਰ ਇਹ 'ਸਮਾਗਮਾਂ ਰਾਹੀਂ' ਨੇਤਾਵਾਂ ਨੂੰ 'ਸਨਮਾਨ' ਕਰਕੇ ਆਪਣੇ ਰਾਜ ਕਿਲੇ ਜਾਂ ਰਾਜ ਭਵਨ ਤੇ ਸਰਕਾਰੀ ਮੋਹਰ ਲਗਾ ਕੇ ਚੰਗੇ ਭਲੇ ਮਨੁੱਖ ਦੀ ਮੋਹਰ ਲਵਾ ਲੈਂਦੇ। ਇਉਂ ਆਪਣਾ ਰਾਜ ਸਥਾਪਤ ਕਰਕੇ ਫਿਰ ਕਿਸੇ ਸੱਜਣ ਦੀ ਟੈਂਅ ਨਹੀਂ ਮੰਨਦੇ।

ਦੂਜੇ ਪਾਸੇ ਤਰਕਸ਼ੀਲ ਇਨ੍ਹਾਂ ਦੀ ਟੈਅ ਨਹੀਂ ਮੰਨਦੇ। ਉਨ੍ਹਾਂ ਐਲਾਨ ਕਰ ਦਿੱਤਾ ਕਿ ਕੋਈ ਗੈਬੀ ਸ਼ਕਤੀ ਨਹੀਂ, ਕੋਈ ਟੂਣੇ-ਟਾਮਣ ਨਹੀਂ, ਅੰਧ ਵਿਸ਼ਵਾਸ ਛੱਡੋ। ਕਿਸੇ ਬਾਬੇ ਕੋਲ ਕੋਈ ਗੈਬੀ ਸ਼ਕਤੀ ਨਹੀਂ, ਇਹ ਮਨੁੱਖ ਨੂੰ ਲੁੱਟਣ ਵਾਲੇ ਕੰਮ ਨਹੀਂ। ਜੇਕਰ ਕੋਈ ਆਪਣੀ 'ਸ਼ਕਤੀ' ਰਾਹੀਂ ਪ੍ਰਗਟਾ ਦੇਵੇ ਤਾਂ ਉਹ 5 ਲੱਖ ਰੁਪਏ ਇਨਾਮ ਦੇਣ ਨੂੰ ਤਿਆਰ ਹਨ। ਪਰ ਅੱਜ ਤੱਕ ਇੱਕ ਵੀ ਅਜਿਹਾ 'ਬਾਬਾ' ਕੋਈ ਆਪਣੀ ਸ਼ਕਤੀ ਨਹੀਂ ਦਿਖਾ ਸਕਿਆ ਕਿ ਉਹ ਲੋਕਾਂ ਦਾ ਭਲਾ ਕਰ ਸਕਦਾ ਹੈ। ਇਹ ਲੋਕਾਂ ਨੂੰ ਮੂਰਖ ਬਣਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਆ ਰਹੇ ਹਨ। ਅੱਜ ਕੋਰੋਨਾ ਕਾਰਨ ਧਾਰਮਿਕ ਅਸਥਾਨ ਬੰਦ ਹਨ। ਕੋਈ ਸ਼ਕਤੀ ਕੋਰੋਨਾ ਤੋਂ ਲੋਕਾਂ ਨੂੰ ਬਚਾ ਨਹੀਂ ਸਕੀ।

ਆਓ ਛੱਡੀਏ ਅਜਿਹੇ ਲੱਖਾਂ ਬਾਬਿਆਂ ਨੂੰ ਜਿਹੜੇ ਸਾਡੇ ਵੱਡੇ ਰੱਬ ਬਣੇ ਹੋਏ ਹਨ। ਜਿਹੜਾ ਸਾਡੀਆਂ ਥੁੜਾਂ, ਕਮਜੋਰੀਆਂ ਕਾਰਨ ਸਾਨੂੰ ਠੱਗਦੇ ਆ ਰਹੇ ਹਨ। ਆਪਾਂ ਖੁਦ ਦੇ ਮਾਲਕ ਖੁਦ ਬਣੀਏ। ਚੰਗੇ ਵਿਚਾਰ, ਚੰਗੀਆਂ ਗੱਲਾਂ, ਹੱਕ ਸੱਚ ਦੀ ਗੱਲ ਕਰਨੀ ਚਾਹੀਦੀ ਹੈ। ਕੁਦਰਤ ਦੀ ਬਣਾਈ ਲੀਲਾ ਦਾ ਸਤਿਕਾਰ ਕਰਨਾਂ ਚਾਹੀਦਾ ਹੈ।

ਪਰ ਅਜਿਹੇ ਪਿੰਡ-ਪਿੰਡ 'ਚ ਬੈਠੇ ਬਾਬਿਆਂ ਤੋਂ ਆਪਣੇ ਆਪ ਸਾਨੂੰ ਬਚਣਾ ਪਊ। ਸਾਨੂੰ ਆਪ ਬਚ ਕੇ ਘਰ ਪਰਿਵਾਰ ਨੂੰ ਸੁਚੇਤ ਕਰਨਾ ਪੈਣਾ। ਸੁਚੇਤ ਮਨੁੱਖ ਹੀ ਸਮੱਸਿਆ ਦਾ ਸਹੀ ਹੱਲ ਦੱਸ ਸਕਦਾ। ਸਾਨੂੰ ਵਿਗਿਆਨ ਨੂੰ ਮੰਨਣਾ ਹੀ ਪੈਣਾ ਹੈ।

ਜੇ ਕੋਰੋਨਾ ਵਾਇਰਸ ਫੈਲ ਗਿਆ ਹੈ ਤਾਂ ਵਿਗਿਆਨ ਨੇ ਇੱਕ ਦਿਨ ਦਵਾਈ ਤਿਆਰ ਕਰ ਲੈਣੀ ਹੈ। ਡਾਕਟਰ ਹੀ ਲੱਖਾਂ ਲੋਕਾਂ ਦਾ ਇਲਾਜ ਕਰਕੇ ਮਨੁੱਖ ਨੂੰ ਮਰਨ ਤੋਂ ਬਚਾਅ ਰਹੇ ਹਨ। ਕੋਈ ਇੱਕ ਬਾਬਾ ਸੱਚੋ ਖਾ ਜਿਸ ਨੇ ਕੋਰੋਨਾ ਤੋਂ ਕਿਸੇ ਪੀੜਤ ਮਰੀਜ ਨੂੰ ਬਚਾਇਆ ਹੋਵੇ? ਜਰੂਰ ਦੱਸਿਓ।

ਸੀਨੀਅਰ ਪੱਤਰਕਾਰ ਮੇਜਰ ਸਿੰਘ ਦੀ ਕੁੱਟਮਾਰ ਤੇ ਕੀਤੀ ਸਖ਼ਤ ਨਿਖੇਧੀ

ਫਗਵਾੜਾ (ਬੀ.ਕੇ.ਰੱਤੂ)– ਆਏ ਦਿਨ ਲੋਕਤੰਤਰ ਦੇ ਚੋਥੇ ਥੰਮ੍ਹ ਪੱਤਰਕਾਰ ਤੇ ਹਮਲਾ ਹੋਣਾ ਆਮ ਗੱਲ ਹੀ ਬਣ ਗਈ ਹੈ ਇਸ ਗੱਲ ਦਾ ਪ੍ਰਗਟਾਵਾ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਫਗਵਾੜਾ ਯੂਨਿਟ ਦੇ ਪ੍ਰਧਾਨ ਡਾ ਰਮਨ ਸ਼ਰਮਾ ਨੇ ਕੀਤਾ ਬੀਤੇ ਦਿਨੀਂ ਇੱਕ ਪੰਜਾਬੀ ਅਖ਼ਬਾਰ ਦੇ ਸੀਨੀਅਰ ਪੱਤਰਕਾਰ ਮੇਜਰ ਸਿੰਘ ਤੇ ਖ਼ਬਰ ਦੀ ਕਵਰੇਜ ਕਰਨ ਦੋਰਾਨ ਪੁਲਿਸ ਵਲੋਂ ਨਜਾਇਜ਼ ਕੁੱਟਮਾਰ ਕੀਤੀ ਗਈ ਜਿਸ ਦੀ ਸਖ਼ਤ ਸ਼ਬਦਾਂ ਚ ਨਿਖੇਦੀ ਕਰਦੇ ਡਾ ਰਮਨ

ਸ਼ਰਮਾ ਨੇ ਕਿਹਾ ਕਿ ਕਲਮ ਤੇ ਹਮਲਾ ਸਮਾਜ ਲਈ ਬਹੁਤ ਘਾਤਕ ਸਿੱਧ ਹੋਵੇਗਾ ਕਿਉਂਕਿ ਇੱਕ ਪਾਸੇ ਤਾਂ ਜੰਤਾ ਦਾ ਕੁਝ ਹਿੱਸਾ ਮੀਡੀਆ ਨੂੰ ਵਿਕਾਊ ਕਹਿ ਰਿਹਾ ਹੈ ਤੇ ਦੂਜੇ ਪਾਸੇ ਸੱਚ ਲਿਖਣ ਵਾਲਿਆ ਤੇ ਹਮਲੇ ਹੋ ਰਹੇ ਹਨ ਜੇ ਹਮਲੇ ਇਸੇ ਤਰ੍ਹਾਂ ਹੀ ਜਾਰੀ ਰਹੇ ਤਾਂ ਸੱਚ ਕੋਣ ਲਿਖੇਗਾ ਉਨ੍ਹਾ ਕਿਹਾ ਕਿ ਪੱਤਰਕਾਰਾਂ ਤੇ ਹੋ ਰਹੇ ਹਮਲਿਆ ਤੇ ਸਰਕਾਰ ਗੋਰ ਕਰੇ ਤੇ ਪੱਤਰਕਾਰਾ ਦੀ ਸੁਰੱਖਿਆ ਨੂੰ ਸਰਕਾਰ ਯਕੀਨੀ ਬਣਾਏ ਉਨ੍ਹਾਂ ਕਿਹਾ ਕਿ ਸਾਡੀ ਜੱਥੇਬੰਦੀ ਪੱਤਰਕਾਰਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ ਤੇ ਪੱਤਰਕਾਰਾ ਤੇ ਨਜਾਇਜ਼ ਹਮਲੇ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ।

ਇਸ ਮੌਕੇ ਪੱਤਰਕਾਰ ਆਗੂਆਂ ਪਵਿੱਤਰ ਸਿੰਘ, ਕੇ ਐਸ ਨੂੰਰ, ਧੰਨਪਾਲ ਸਿੰਘ ਗਾਂਧੀ, ਬਲਵੀਰ ਬਹੂਆ, ਮਨਜੀਤ ਰਾਮ, ਬੀ ਕੇ ਰੱਤੂ, ਯਤਿਨ ਸ਼ਰਮਾ, ਸੁਸ਼ੀਲ ਸ਼ਰਮਾ, ਮਦਨ ਲਾਲ, ਕਸਤੂਰੀ ਲਾਲ, ਗੁਲਸ਼ਨ ਸ਼ਰਮਾ ਨੇ ਕਿਹਾ ਕਿ ਪੱਤਰਕਾਰਾਂ ਤੇ ਹੋ ਰਹੇ ਨਜਾਇਜ਼ ਹਮਲੇ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ ਜੇਕਰ ਪੱਤਰਕਾਰ ਹੀ ਸੁੱਰਖਿਅਤ ਨਹੀ ਉੱਥੇ ਆਮ ਜੰਤਾ ਦਾ ਕੀ ਹਾਲ ਹੋਵੇਗਾ ਉਨ੍ਹਾਂ ਕਿਹਾ ਕਿ ਕਲਮ ਇਕ ਜਰੀਆ ਹੈ ਅਪਣਾ ਵਿਚਾਰ ਦੂਸਰਿਆ ਤੱਕ ਪਹੁੰਚਾਉਣ ਲਈ ਜੇਕਰ ਇਸ ਨੂੰ ਹੀ ਕਮਜੋਰ ਕਰ ਦਿੱਤਾ ਜਾਵੇਗਾ ਤਾ ਸਮਾਜ ਦਾ ਕੀ ਹਾਲ ਹੋਵੇਗਾ।

ਪੱਤਰਕਾਰ ਮੇਜਰ ਸਿੰਘ ਦੀ ਕੁੱਟਮਾਰ ਕਰਨ ਦੀ ਨਿੰਦਾ

ਚੰਡੀਗੜ੍ਹ– ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਮੋਹਾਲੀ ਪੁਲਿਸ ਵਲੋਂ ਪੱਤਰਕਾਰ ਮੇਜਰ ਸਿੰਘ ਦੀ ਕੁੱਟਮਾਰ ਕਰਨ ਦੀ ਨਿੰਦਾ ਕੀਤੀ ਹੈ ਅਤੇ ਦੋਸ਼ੀ ਪੁਲਿਸ ਮੁਲਾਜ਼ਮਾ ਖਿਲਾਫ਼

ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਯੂਨੀਅਨ ਦੇ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਜੈ ਸਿੰਘ ਛਿੱਬਰ ਦੀ ਅਗਵਾਈ ਹੇਠ ਪੰਜ ਮੈਂਬਰੀ ਵਫ਼ਦ ਜਿਸ ਵਿੱਚ ਬਿੰਦੂ ਸਿੰਘ, ਜਗਤਾਰ ਸਿੰਘ ਭੁੱਲਰ, ਅਨਿਲ ਭਾਰਦਵਾਜ ਤੇ ਦੀਪਕ ਸ਼ਰਮਾ ਚਨਾਰਥਲ ਸ਼ਾਮਲ ਸਨ। ਯੂਨੀਅਨ ਆਗੂਆਂ ਨੇ ਕਿਹਾ ਜੇਕਰ ਪੁਲਿਸ ਨੇ ਪੱਤਰਕਾਰ ਮੇਜਰ ਸਿੰਘ ਨੂੰ ਇਨਸਾਫ਼ ਨਾ ਦਿੱਤਾ ਤਾਂ ਇਹ ਮਾਮਲਾ ਪ੍ਰੈਸ ਕੌਂਸਲ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਹਰ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਯੂਨੀਅਨ ਆਗੂਆਂ ਨੇ ਕਿਹਾ ਜੇਕਰ ਪੁਲਿਸ ਨੇ ਪੱਤਰਕਾਰ ਮੇਜਰ ਸਿੰਘ ਨੂੰ ਇਨਸਾਫ਼ ਨਾ ਦਿੱਤਾ ਤਾਂ ਇਹ ਮਾਮਲਾ ਪ੍ਰੈਸ ਕੌਂਸਲ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਅਤੇ ਹਰ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ।

ਸ.ਗੋਪਾਲ ਸਿੰਘ ਗੋਰਾਇਆ ਨੇ ਬਤੌਰ ਡੀ ਐਸ ਪੀ ਅਪ੍ਰੇਸ਼ਨ ਚਾਰਜ ਸੰਭਾਲਿਆ

ਸ. ਗੋਪਾਲ ਸਿੰਘ ਗੋਰਾਇਆ ਨੇ ਬਤੌਰ ਡੀ ਐਸ ਪੀ ਅਪ੍ਰੇਸ਼ਨ ਅਤੇ ਸਕਿਊਰਟੀ ਹੁਸ਼ਿਆਰਪੁਰ ਦਾ ਚਾਰਜ ਸੰਭਾਲਿਆ ਅਤੇ ਜਿੰਨ੍ਹਾਂ ਨੂੰ ਸਿਟੀ ਟ੍ਰੈਫ਼ਿਕ ਦਾ ਵਾਧੂ ਚਾਰਜ ਵੀ ਦਿੱਤਾ ਗਿਆ। ਜਿਨਾਂ ਚਾਰਜ ਸੰਭਾਲਦਿਆਂ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਕਿਸੇ ਨੂੰ ਵੀ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ ਭਾਵੇਂ ਕੋਈ ਸਰਕਾਰੀ ਮੁਲਾਜ਼ਮ ਵੀ ਕਿਉਂ ਨਾ ਹੋਵੇ ਜਾਂ ਕੋਈ ਆਪੇ ਬਣਾਈ ਸੰਸਥਾ ਦਾ ਮੈਂਬਰ ਵੀ ਕਿਉਂ ਨਾ ਹੋਵੇ। ਹਰੇਕ ਗੁਨਾਹਗਾਰ ਖ਼ਿਲ

ਗੁਰਮਤਿ ਦੇ ਮੂਲ-ਮੁੱਦਿਆਂ ਦਾ ਆਧਾਰ ਹੈ - ਗਿਆਨ ਦਾ ਮੁੱਦਾ

ਧਰਮ ਸਿੰਘ ਨਿਹੰਗ ਸਿੰਘ
ਸੱਚ ਖੋਜ ਅਕੈਡਮੀ, ਬਰੇਲੀ (ਯੂ ਪੀ)
91-98727-34342

ਵੈਦਾ ਵੈਦੁ ਸੁਵੈਦੁ ਤੂ ਪਹਿਲਾ ਰੋਗੁ ਪਛਾਣੁ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥ (ਵਾਰ ਮਲਾਰ ਕੀ ਮਹਲਾ ੧, ਪੰਨਾ ੧੨੭੯) ਗੁਰਮਤਿ, ਗਿਆਨ ਮਾਰਗ ਹੈ। ਗੁਰਬਾਣੀ ਨੂੰ ਸਮਝਣਾ ਹੀ ਗੁਰਸਿੱਖਾਂ ਲਈ ਸਭ ਤੋਂ ਅਹਿਮ ਗੱਲ ਹੈ। ਸਿੱਖਾਂ ਲਈ ਗੁਰਬਾਣੀ ਨੂੰ ਸਮਝਣਾ ਹੀ ਭਗਤੀ ਹੈ। ਗੁਰਬਾਣੀ ਅੰਦਰ 'ਨਾਮ' ਸਮਾਇਆ ਹੋਇਆ ਹੈ। ਗੁਰਬਾਣੀ ਵਿਚਾਰ (ਸਮਝ) ਕੇ ਹੀ ਇਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। 'ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥' ਤੋਂ ਭੀ ਇਹੀ ਪਤਾ ਲੱਗਦਾ ਹੈ ਕਿ ਗੁਰੂ ਦੀ ਮਤਿ ਧਾਰਨ ਕਰਨੀ ਭਾਵ ਗੁਰਬਾਣੀ ਨੂੰ ਪੜ੍ਹ ਕੇ, ਇਸ ਵਿਚਲੇ ਰਹੱਸ ਨੂੰ ਬੁਝ ਲੈਣਾ ਹੀ ਗੁਰਸਿੱਖਾਂ ਲਈ ਭਗਤੀ ਹੈ। ਇਸੇ ਭਗਤੀ ਨੂੰ ਗੁਰਮਤਿ ਅੰਦਰ, ਨਾਮ ਜਪਣਾ ਮੰਨਿਆ ਗਿਆ ਹੈ।

ਉਂਝ ਗੁਰਬਾਣੀ ਅੰਦਰ ਗਿਆਨ ਦੇ ਹੋਰ ਰੂਪਾਂ ਦਾ ਵੀ ਉਲੇਖ ਕੀਤਾ ਗਿਆ ਹੈ। ਭਾਵੇਂ ਗਿਆਨ ਅਨੰਤ ਪ੍ਰਕਾਰ ਦਾ ਹੈ ਪਰ ਮੋਟੇ ਤੌਰ 'ਤੇ ਇਸ ਦੇ ਤਿੰਨ ਰੂਪਾਂ ਨੂੰ ਸਮਝਣਾ ਅਤਿ ਜ਼ਰੂਰੀ ਹੈ। ਇਹ ਤਿੰਨ ਰੂਪ ਹਨ, 'ਤੱਤ ਗਿਆਨ-ਜਾਂ 'ਨਾਮ', 'ਗਿਆਨ' ਜਾਂ 'ਵਿਗਿਆਨ', 'ਕੁਗਿਆਨ' ਜਾਂ 'ਭਰਮ ਗਿਆਨ'।

ਗੁਰਬਾਣੀ ਵਿਚਲੇ ਗਿਆਨ ਨੂੰ ਪਹਿਲੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਜਿਥੋਂ ਤਕ ਗੁਰਬਾਣੀ ਅੰਦਰ ਮਾਇਆ ਦੇ ਗਿਆਨ ਦੀ ਗੱਲ ਚਲਦੀ ਹੈ, ਉਸ ਨੂੰ ਵਿਗਿਆਨ ਹੀ ਆਖਿਆ ਜਾ ਸਕਦਾ ਹੈ। ਗੁਰਬਾਣੀ ਨੂੰ ਵਿਗਿਆਨ ਨਾਲ ਮੇਲ ਖਾਣ ਵਾਲੀ ਜਾਂ ਇਸ ਨੂੰ ਸੇਧ ਦੇਣ ਵਾਲੀ ਭੀ ਇਸੇ ਲਈ ਹੀ ਆਖਿਆ ਜਾਂਦਾ ਹੈ। ਜਿਵੇਂ ਗੁਰਬਾਣੀ ਅੰਦਰ ਸ੍ਰਿਸ਼ਟੀ ਰਚਨਾ ਬਾਰੇ ਦਸਦੇ ਹੋਏ ਗੁਰੂ ਨਾਨਕ ਸਾਹਿਬ ਆਖਦੇ ਹਨ :-

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
(ਸਿਰੀਰਾਗੁ ਮਹਲਾ ੧, ਪੰਨਾ ੧੯)

ਇਨ੍ਹਾਂ ਪੰਗਤੀਆਂ ਵਿੱਚ ਜਿਥੇ ਉਨ੍ਹਾਂ ਨੇ ਸ੍ਰਿਸ਼ਟੀ ਰਚਨਾ ਦੀ ਹਕੀਕਤ, ਜਿਸ ਨੂੰ ਕਿ ਅੱਜ ਵਿਗਿਆਨ ਭੀ ਸਵੀਕਾਰ ਰਿਹਾ ਹੈ, ਦਾ ਰਹੱਸ ਖੋਲਿਆ ਹੈ, ਉਥੇ ਪਿਛਲੀਆਂ ਮੱਤਾਂ ਦੇ ਫੈਲਾਏ ਹੋਏ ਭਰਮ ਗਿਆਨ ਨੂੰ ਝੁਠਲਾਇਆ ਭੀ ਹੈ।

ਇਸਲਾਮ ਧਰਮ ਨੇ ਜਿਥੇ ਸੰਸਾਰ ਨੂੰ ਸੱਤ ਪਾਤਾਲ ਤੇ ਸੱਤ ਆਕਾਸ਼ ਦੱਸ ਕੇ ਆਪਣੇ ਭਰਮ-ਜਾਲ ਵਿੱਚ ਫਸਾ ਕੇ ਗੁੰਮਰਾਹ ਕੀਤਾ ਹੋਇਆ ਸੀ, ਉਥੇ ਸਤਿਗੁਰੂ ਜੀ ਨੇ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' (ਜਪੁ) ਦੱਸ ਕੇ ਲੋਕਾਂ ਨੂੰ ਇਕ ਨਵੀਂ ਵਿਗਿਆਨਕ ਸੋਝੀ ਕਰਵਾਈ। ਗੁਰਬਾਣੀ ਦੇ ਇਸ ਪੱਖ ਦੇ ਗਿਆਨੁ ਨੂੰ, ਜਿਸ ਦੀਆਂ ਕਿ ਹੋਰ ਭੀ ਸੈਂਕੜੇ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਗਿਆਨ ਹੀ ਮੰਨਿਆ ਹੈ ਵਿਗਿਆਨ ਨਹੀਂ।

ਗੁਰਬਾਣੀ ਦਾ ਅਸਲ ਮੁੱਦਾ 'ਤੱਤ ਗਿਆਨ-ਆਤਮ ਗਿਆਨ' ਕਰਾਉਣਾ ਹੈ। ਵਿਗਿਆਨ ਭਾਵ ਮਾਇਆ (Matter) ਦਾ ਗਿਆਨ ਕਰਾਉਣਾ, ਗੁਰਬਾਣੀ ਦਾ ਨਿਸ਼ਾਨਾ ਨਹੀਂ ਹੈ। ਇਸ ਲਈ ਮੈਟਰ ਦਾ ਗਿਆਨ ਤਾਂ ਗੁਰਬਾਣੀ ਨੇ, ਤੱਤ ਗਿਆਨ ਕਰਾਉਣ ਸਮੇਂ ਸਹਾਇਤਾ ਲਈ ਵਰਤਿਆ ਹੈ, ਜਾਂ ਇਉਂ ਕਹਿ ਲਵੋ ਕਿ ਮਾਇਆ (Matter) ਦੇ ਗਿਆਨ ਵਿਚਲਾ ਸੰਸਾਰੀ ਸੱਚ, ਨਿਰਾਕਾਰੀ ਸਚੁ ਨੂੰ ਪਛਾਣਨ ਲਈ ਪ੍ਰਮਾਣ ਦੇ ਤੌਰ 'ਤੇ ਵਰਤਿਆ ਹੈ। ਜਿਵੇਂ ਗੁਰਬਾਣੀ ਦੇ ਇਸ ਮਹਾਂਵਾਕ ਤੋਂ ਸਪਸ਼ਟ ਹੈ :-

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥
(ਧਨਾਸਰੀ ਮਹਲਾ ੫, ਪੰਨਾ ੬੮੧)

ਇਨ੍ਹਾਂ ਪੰਗਤੀਆਂ ਵਿੱਚ ਸਤਿਗੁਰੂ ਜੀ, ਦੋ ਗੱਲਾਂ ਦਾ ਭੇਤ ਖੋਲ੍ਹ ਰਹੇ ਹਨ। ਇਕ ਤਾਂ ਇਹ ਕਿ ਪਰਮੇਸ਼ਰ ਦੇ ਦਾਸ ਜਦੋਂ ਪਰਮੇਸ਼ਰ ਨਾਲ ਜੁੜ ਜਾਂਦੇ ਹਨ ਤਾਂ ਜਿਸ ਕਿਸਮ ਦੇ ਗਿਆਨ ਦੀ ਲੋੜ, ਉਨਾਂ ਨੂੰ ਗੁਰਸਿੱਖਾਂ ਨੂੰ ਸਮਝਾਉਣ ਲਈ ਹੁੰਦੀ ਹੈ, ਪਰਮੇਸ਼ਰ ਉਸੇ ਕਿਸਮ ਦਾ ਗਿਆਨ ਉਨ੍ਹਾਂ ਨੂੰ 'ਧੁਰ ਕੀ ਬਾਣੀ' ਦੁਆਰਾ ਪ੍ਰਦਾਨ ਕਰਦਾ ਰਹਿੰਦਾ ਹੈ। ਦੂਸਰੀ ਗੱਲ ਇਹ ਹੈ ਕਿ ਉਨ੍ਹਾਂ ਦਾ ਕਿਹਾ ਹੋਇਆ ਹਰ ਇਕ ਬਚਨ, ਏਸ ਲੋਕ ਵਿੱਚ ਅਤੇ ਪਰਲੋਕ ਵਿੱਚ ਸਚੁ ਹੁੰਦਾ ਹੈ :- **ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥**
(ਰਾਮਕਲੀ ਮਹਲਾ ੧, ਪੰਨਾ ੯੩੨)

ਉਪਰੋਕਤ ਪੰਗਤੀ ਵਿੱਚ ਸੰਸਾਰੀ ਅਤੇ ਨਿਰਾਕਾਰੀ ਦੋਨੋਂ ਕਿਸਮਾਂ ਦਾ 'ਸਚੁ' ਮੌਜੂਦ ਹੈ। ਇਥੇ, ਜਿਵੇਂ ਕੰਚਨ ਨੂੰ ਗਾਲਣ ਵਿੱਚ ਸੁਹਾਗਾ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਇਸੇ ਤਰੀਕੇ ਨਾਲ ਮਨ ਰੂਪ ਕਾਇਆ ਨੂੰ ਕਲਪਣਾ, ਕਾਮਨਾ ਅਤੇ ਕ੍ਰੋਧ ਅਗਨਿ ਢਾਅ ਲਾਉਂਦੇ ਰਹਿੰਦੇ ਹਨ ਭਾਵ ਮਨ ਦੀ ਪੂਰਬਲੀ ਕਮਾਈ (ਕਾਇਆ) ਨੂੰ ਅਜਾਈਂ ਗੁਆਉਂਦੇ ਰਹਿੰਦੇ ਹਨ। ਸੁਹਾਗਾ, ਸੋਨੇ ਨੂੰ ਢਾਲਣ ਵਿੱਚ ਮਹੱਤਵਪੂਰਨ ਭੂਮਿਕਾ ਰੱਖਦਾ ਹੈ। ਇਸੇ ਤਰ੍ਹਾਂ ਜਿੰਨੀਆਂ ਵੀ ਦੁਨਿਆਵੀ ਸੱਚ ਦੀਆਂ ਉਦਾਹਰਣਾਂ, ਗੁਰਬਾਣੀ ਅੰਦਰ ਵਰਤੀਆਂ ਗਈਆਂ ਹਨ, ਉਹ ਕੇਵਲ ਨਿਰਾਕਾਰੀ ਸਚੁ ਨੂੰ ਹੀ ਦ੍ਰਿੜ ਕਰਾਉਣ ਪੱਖੋਂ ਆਖੀਆਂ ਹਨ।

ਜਿਹੜਾ ਗਿਆਨ ਮਨ ਅੰਦਰਲੇ ਵਿਕਾਰਾਂ, ਖ਼ਾਸ ਕਰਕੇ ਲਬ, ਲੋਭ, ਹੰਕਾਰ ਨੂੰ ਖਤਮ ਕਰਨ ਦੀ ਥਾਂ ਵਧਾਉਣ ਵਾਲਾ ਹੋਵੇ, ਉਸ ਗਿਆਨ ਨੂੰ ਗੁਰਬਾਣੀ ਚੰਗਾ ਨਹੀਂ ਸਮਝਦੀ। ਵਿਗਿਆਨ ਨੇ ਅੱਜ ਮਨੁੱਖ ਨੂੰ ਬੁਰੀ ਤਰ੍ਹਾਂ ਨਾਲ ਅਸ਼ਾਂਤ ਕਰ ਰੱਖਿਆ ਹੈ। ਕਾਦਰ ਦੀ ਕੁਦਰਤ ਵਿੱਚ ਬੇਲੋੜੀ ਦਖਲ-ਅੰਦਾਜ਼ੀ ਕਰਕੇ ਅੱਜ ਵਿਗਿਆਨ ਨੇ ਬਹੁਤ ਸਾਰੀਆਂ ਨਵੀਆਂ ਸਮੱਸਿਆਵਾਂ ਨੂੰ ਜਨਮ ਦੇ ਦਿੱਤਾ ਹੈ। ਆਦਮੀ ਰੁਝੇਵਿਆਂ ਵਿੱਚ ਇਤਨਾ ਜ਼ਿਆਦਾ ਉਲਝ ਗਿਆ ਹੈ ਕਿ ਉਸ ਕੋਲ, ਆਪਣੇ ਜੀਵਨ-ਮਨੋਰਥ ਲਈ ਸੋਚਣ ਤੇ ਸਮਝਣ ਦਾ ਸਮਾਂ ਹੀ ਨਹੀਂ ਹੈ। ਆਤਮ-ਖੋਜ ਤੋਂ ਸੱਖਣੀ, ਪਦਾਰਥਵਾਦੀ ਅਖੌਤੀ ਤਰੱਕੀ ਤੋਂ ਮਾਨਸਕ ਸੁਖ ਕਿਵੇਂ ਮਿਲ ਸਕਦਾ ਹੈ ਭਾਵੇਂ ਆਦਮੀ ਨੇ ਇਹ ਤਰੱਕੀ ਸੁਖਾਂ ਦੀ ਪ੍ਰਾਪਤੀ ਲਈ ਹੀ ਸ਼ੁਰੂ ਕੀਤੀ ਸੀ। ਕਹਿਣ ਤੋਂ ਭਾਵ ਇਹ ਹੈ ਕਿ ਸੰਸਾਰੀ ਸੁਖ-ਸਾਧਨਾਂ ਤੋਂ ਅਸਲੀ ਸੁਖ ਦੀ ਪ੍ਰਾਪਤੀ ਦਾ ਖਿਆਲ, ਇਕ ਗਲਤ ਕਲਪਣਾ ਹੀ ਸਿੱਧ ਹੋਇਆ। ਆਦਮੀ ਦੀ ਇਹ ਸਭ ਤੋਂ ਵੱਡੀ ਗਲਤੀ ਸੀ, ਜਦ ਉਸ ਨੇ ਇਹ ਸਮਝ (ਮੰਨ) ਲਿਆ ਕਿ ਜ਼ਿਆਦਾ ਜਤਨ (ਨੱਠ-ਭੱਜ) ਕਰਕੇ ਅਤੇ ਜ਼ਿਆਦਾ ਧਨ ਕਮਾ ਕੇ, ਜ਼ਿਆਦਾ ਸੁਖ ਸਾਧਨ ਇਕੱਠੇ ਕਰਕੇ ਮੈਂ ਚੈਨ ਦੀ ਜ਼ਿੰਦਗੀ ਜੀਅ ਸਕਾਂਗਾ। ਇਹ ਭਰਮ ਉਸ ਦਾ ਉਦੋਂ ਟੁੱਟ ਗਿਆ ਜਦੋਂ ਉਸ ਨੇ ਸੁਖ ਸਾਧਨ ਤਾਂ ਸਾਰੇ ਹੀ ਪ੍ਰਾਪਤ ਕਰ ਲਏ ਪਰ ਮਨ ਦਾ ਚੈਨ ਗਵਾ ਲਿਆ। ਚਿੰਤਾ ਰੋਗ ਐਸਾ ਵਿਆਪਿਆ ਕਿ ਮਾਨਸਕ ਰੋਗਾਂ ਤੋਂ ਗ੍ਰਸਤ ਹੋਇਆ ਇਨਸਾਨ ਅੱਜ ਅਤਿਅੰਤ ਦੁਖੀ ਹੋ ਕੇ ਭੈਅ ਦਾ ਜੀਵਨ ਜੀਅ ਰਿਹਾ ਹੈ।

ਇਸ ਦੇ ਉਲਟ ਗੁਰਮਤਿ ਦਾ ਤੱਤ ਗਿਆਨ (ਨਾਮ) ਨਿਰਭੈਤਾ ਪ੍ਰਦਾਨ ਕਰਾਉਣ ਵਾਲਾ ਹੈ। ਇਸੇ ਨੂੰ ਅਸੀਂ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਆਖਿਆ ਹੈ। ਸਭ ਤੋਂ ਪਹਿਲਾਂ ਤਾਂ ਗੁਰਬਾਣੀ ਅੰਦਰ ਮਨ ਨੂੰ ਸ਼ਾਂਤ ਕਰਨ ਲਈ ਉਸ ਦੇ ਆਲੇ-ਦੁਆਲੇ ਦਾ ਸੰਸਾਰੀ ਗਿਆਨ ਹੀ ਕਰਵਾਇਆ ਗਿਆ ਹੈ। ਇਸੇ ਲਈ ਉਸ ਨੂੰ ਮਾਇਆ ਦੀ ਦੌੜ ਵਿੱਚ ਅੰਨ੍ਹੇਵਾਹ ਭੱਜਣ ਤੋਂ ਰੋਕਣ ਲਈ ਸਤਿਗੁਰੂ ਜੀ ਆਖ ਰਹੇ ਹਨ :-

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥੧॥
ਕਉਨ ਵਡਾ ਮਾਇਆ ਵਡਿਆਈ॥ ਸੋ ਵਡਾ ਜਿਨਿ ਰਾਮ ਲਿਵ ਲਾਈ॥੧॥ਰਹਾਉ॥
ਭੂਮੀਆ ਭੂਮਿ ਊਪਰਿ ਨਿਤ ਲੁਝੈ॥ ਛੋਡਿ ਚਲੈ ਤ੍ਰਿਸਨਾ ਨਹੀ ਬੁਝੈ॥੨॥
ਕਹੁ ਨਾਨਕ ਇਹੁ ਤਤੁ ਬੀਚਾਰਾ॥ ਬਿਨੁ ਹਰਿ ਭਜਨ ਨਾਹੀ ਛੁਟਕਾਰਾ॥੩॥੪੪॥ (ਗਉੜੀ ਮਹਲਾ ੫, ਪੰਨਾ ੧੮੮)

ਇਨ੍ਹਾਂ ਪੰਗਤੀਆਂ ਵਿੱਚ ਸਤਿਗੁਰੂ ਜੀ ਧਨਾਢ (ਮਾਇਆਧਾਰੀ) ਬਾਹਰੋਂ ਗਿਆਨੀ (ਸੰਤ) ਸੰਸਾਰੀ ਲੋਕਾਂ ਦੀ ਰੀਸੇ ਵੱਡਾ ਮੰਨਣ ਤੋਂ ਇਨਕਾਰੀ ਹਨ। ਮਾਇਆਧਾਰੀਆਂ ਨੂੰ ਸੰਸਾਰ ਦੇ ਲੋਕ ਭਾਵੇਂ ਵਡਿਆਈ ਦਿੰਦੇ ਹੋਣ ਪਰ 'ਹਰਿ ਕੇ ਲੋਗ' ਬੇਗਮਪੁਰੇ ਦੇ ਰਹਿਣ ਵਾਲਿਆਂ ਦੀ ਦ੍ਰਿਸ਼ਟੀ ਵਿੱਚ ਉਹੀ ਵੱਡਾ ਹੈ ਜਿਹੜਾ ਆਪਣੇ ਅੰਦਰਲੇ ਸਚੁ ਨਾਲ ਜੁੜਿਆ ਹੋਇਆ ਹੈ। ਪਰਮੇਸ਼ਰ ਨਾਲ ਜੁੜੇ ਹੋਇਆਂ ਨੂੰ ਹੀ ਪਰਮੇਸ਼ਰ ਦੀ ਦਰਗਾਹ ਵਿੱਚ ਇੱਜ਼ਤ ਮਿਲਦੀ ਹੈ। ਮਾਇਆਧਾਰੀ ਹੰਕਾਰੀਆਂ ਦਾ ਧਨ ਤਾਂ ਨਾਲ ਜਾਂਦਾ ਹੀ ਨਹੀਂ ਅਤੇ ਸਰੀਰ ਵੀ ਮਿੱਟੀ ਦੀ ਢੇਰੀ ਹੀ ਬਣ ਜਾਂਦਾ ਹੈ। ਸੰਸਾਰ ਵਿੱਚ ਇਨ੍ਹਾਂ ਦੋਹਾਂ ਚੀਜ਼ਾਂ ਦੀ ਹੋਂਦ ਹੀ ਉਨ੍ਹਾਂ ਦੀ ਵਡਿਆਈ ਦਾ ਕਾਰਨ ਬਣਦੀ ਹੈ। ਇਨ੍ਹਾਂ ਦੋਹਾਂ ਦੀ ਅਣਹੋਂਦ, ਉਨ੍ਹਾਂ ਦੀ ਵਡਿਆਈ ਨੂੰ ਖਤਮ ਕਰ ਦਿੰਦੀ ਹੈ। ਇਸ ਦੇ ਮੁਕਾਬਲੇ 'ਤੇ 'ਹਰਿ ਕੇ ਲੋਗਾਂ' ਦੀ ਵਡਿਆਈ ਇਸ ਲੋਕ ਵਿੱਚ ਅਤੇ ਪਰਲੋਕ ਵਿੱਚ ਅਨੰਤ ਕਾਲ ਤਕ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਇਸ ਕਿਸਮ ਦੇ ਗਿਆਨ ਨਾਲ ਮਨ ਸੂਝਵਾਨ ਹੋ ਕੇ ਆਪਣੇ ਅੰਦਰ ਝਾਕਦਾ ਹੈ ਅਤੇ ਦੁਨੀਆਂ ਦੇ ਸੱਚ ਨੂੰ ਦੇਖ ਕੇ ਆਪਣੇ ਅੰਦਰ ਤਬਦੀਲੀ ਲਿਆਉਣ ਲਈ ਕਮਰਕੱਸਾ ਕਰ ਲੈਂਦਾ ਹੈ।

ਗੁਰਮਤਿ ਨੇ ਅਨੰਤ ਪੱਖਾਂ ਤੋਂ ਮਨ ਨੂੰ ਸਮਝਾਉਣ ਹਿਤ, ਸੰਸਾਰ ਵਿੱਚ ਜੋ ਕੁਝ ਸਾਹਮਣੇ ਵਾਪਰ ਰਿਹਾ ਹੈ ਉਤੇ ਰੋਸ਼ਨੀ ਪਾਈ ਹੈ ਅਤੇ ਮਨ ਨੂੰ ਸਮਝਾ ਕੇ ਵਿਕਾਰਾਂ ਨੂੰ ਤਿਆਗ ਦੇਣ ਲਈ ਰਾਜ਼ੀ ਕਰਨ ਦੇ ਉਪਰਾਲੇ ਕੀਤੇ ਹਨ। ਕਾਮਨਾ (ਇੱਛਾ) ਨੂੰ ਜਦੋਂ ਮਨ ਲਈ, ਇਸ ਦੀ ਮੌਤ ਵਜੋਂ ਗੁਰਬਾਣੀ ਅੰਦਰ ਦਰਸਾਇਆ ਗਿਆ ਤਾਂ ਜਰੂਰ ਹੀ ਮਨ, ਇਸ ਕਾਮਨਾ (ਕਲਪਣਾ) ਰੂਪੀ ਮੌਤ ਤੋਂ ਆਪਣੇ ਆਪ ਨੂੰ ਦੂਰ ਰੱਖਣ ਦਾ ਜਤਨ ਕਰੇਗਾ। ਭਗਤ ਕਬੀਰ ਜੀ ਨੇ ਮਨ ਦੀ ਕਲਪਣਾ ਨੂੰ ਹੀ ਇਸ ਦਾ ਕਾਲ ਦੱਸ ਕੇ ਮਨ ਨੂੰ ਕਲਪਣਾ ਤੋਂ ਭੈਅ-ਭੀਤ ਕਰ ਦਿੱਤਾ :-

ਪਰਿਵਾ ਪ੍ਰੀਤਮ ਕਰਹੁ ਬੀਚਾਰ॥ ਘਟ ਮਹਿ ਖੇਲੈ ਅਘਟ ਅਪਾਰ॥ ਕਾਲ ਕਲਪਨਾ ਕਦੇ ਨ ਖਾਇ॥ ਆਦਿ ਪੁਰਖ ਮਹਿ ਰਹੈ ਸਮਾਇ॥ (ਗਉੜੀ ਬਿਤੀ, ਪੰਨਾ ੩੪੩)

ਭਗਤ ਜੀ ਦਾ ਕਥਨ ਹੈ ਕਿ ਕਲਪਣਾ ਹੀ ਤੇਰਾ ਕਾਲ ਹੈ ਭਾਵ ਜੇ ਕਲਪਣਾ ਹੈ ਤਾਂ ਕਾਲ ਹੈ। ਜੇਕਰ ਕਲਪਣਾ ਹੀ ਨਹੀਂ ਤਾਂ ਫਿਰ ਕਾਲ (ਮੌਤ) ਭੀ ਨਹੀਂ। ਜੋਗ ਮਤਿ ਅੰਦਰ ਭੀ ਅਫੁਰ ਅਵਸਥਾ (ਕਲਪਣਾ ਰਹਿਤ ਅਵਸਥਾ) ਨੂੰ ਹੀ ਮੁਕਤੀ ਮੰਨਿਆ ਗਿਆ ਹੈ। ਪਰ ਇਹ ਗੱਲ ਵੱਖਰੀ ਹੈ ਕਿ ਜੋਗੀਆਂ ਨੇ ਕਲਪਣਾ ਰਹਿਤ ਹੋਣ ਲਈ ਜੋ ਤਰੀਕਾ ਅਪਣਾਇਆ ਉਹ ਗੁਰਮਤਿ ਨਾਲ ਮੇਲ ਇਸ ਲਈ ਨਹੀਂ ਖਾਂਦਾ ਕਿਉਂਕਿ ਜਿਸ ਸ਼ਬਦ ਨਾਲ ਜੋਗੀ ਲੋਕ ਜੁੜ ਕੇ ਮਨ ਦੀ ਕਲਪਣਾ ਨੂੰ ਰੋਕਣਾ ਚਾਹੁੰਦੇ ਹਨ, ਉਹ ਸ਼ਬਦ ਨਿਰਾਰਥਕ ਹੋਣ ਕਰਕੇ ਗਿਆਨ ਪ੍ਰਦਾਨ ਨਹੀਂ ਕਰਦਾ। ਉਹ ਸ਼ਬਦ ਤਾਂ ਕੇਵਲ ਸਰੀਰ ਦੀ ਮਸ਼ੀਨਰੀ ਤੋਂ ਪੈਦਾ ਹੋਈਆਂ ਅਵਾਜ਼ਾਂ ਦਾ ਸਮੂਹ ਹੀ ਹੁੰਦਾ ਹੈ ਜਦ ਕਿ ਮਨ ਨੂੰ ਟਿਕਾਉਣ ਲਈ ਅਜਿਹੇ ਗਿਆਨ ਦੀ ਜ਼ਰੂਰਤ ਹੈ, ਜਿਸ ਨਾਲ ਮਨ ਅੰਦਰ ਲੋਭ ਲਹਿਰ ਚੱਲਣੀ ਬੰਦ ਹੋ ਜਾਵੇ।

ਗੁਰੂ ਨਾਨਕ ਸਾਹਿਬ ਦੀ ਥਿਰ ਅਵਸਥਾ ਨੂੰ ਦੇਖ ਕੇ, ਹਰ ਕੋਈ ਸਾਧ ਸੰਤ ਜਾਂ ਧਾਰਮਕ ਵਿਅਕਤੀ ਜਿਸ ਨੂੰ ਭੀ ਉਹ ਮਿਲਦੇ ਸਨ ਸਾਰੇ ਇਕ ਹੀ ਸਵਾਲ ਉਨਾਂ ਕੋਲੋਂ ਪੁੱਛਦੇ ਸਨ ਕਿ, "ਆਪ ਨੇ ਆਪਣਾ ਮਨ ਥਿਰ ਕਿਵੇਂ ਕੀਤਾ ਹੈ?" ਜਿਸ ਦਾ ਇਕੋ ਹੀ ਜਵਾਬ ਸਤਿਗੁਰੂ ਜੀ ਨੇ ਸਭ ਨੂੰ ਇਉਂ ਦਿੱਤਾ :-

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥
(ਆਸਾ ਕੀ ਵਾਰ ਮਹਲਾ ੧, ਪੰਨਾ ੪੬੯)

ਭਾਵ ਗਿਆਨ ਤੋਂ ਬਿਨਾਂ ਮਨ ਨਹੀਂ ਟਿਕ ਸਕਦਾ ਅਤੇ ਪੂਰੇ ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਮਨ ਨੂੰ ਟਿਕਾ ਦੇਣ ਵਾਲਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਪੂਰੇ ਗੁਰੂ ਦੇ ਉਪਦੇਸ਼ ਨਾਲ ਪਾਰਬ੍ਰਹਮ ਸਭ ਘਟ ਅੰਦਰ ਦੇਖ ਲਈਦਾ ਹੈ।

ਜਿਥੇ ਤਕ ਗੁਰੂ-ਉਪਦੇਸ਼ ਤੋਂ ਪ੍ਰਾਪਤ ਹੋਣ ਵਾਲੇ ਗਿਆਨ ਦੀ ਗੱਲ ਹੈ, ਉਸ ਦੀ ਦੂਸਰੀ ਕਿਸਮ ਹੈ, ਜਿਹੜੀ ਕਿ ਨਿਰਾਕਾਰ ਆਤਮਾ ਬਾਰੇ ਜਾਣਕਾਰੀ ਕਰਾਉਣ ਵਾਲੀ ਹੈ। ਆਤਮਾ ਬਾਰੇ ਗੁਰਬਾਣੀ ਅੰਦਰ ਤਿੰਨਾਂ ਲੋਕਾਂ ਦਾ ਹੀ ਗਿਆਨ ਕਰਵਾਇਆ ਗਿਆ ਹੈ ਕਿਉਂਕਿ ਜੀਵ ਆਤਮਾ ਤਿੰਨਾਂ ਲੋਕਾਂ ਵਿੱਚ ਹੀ ਜੰਮਣ ਮਰਨ ਦੇ ਗੇੜ ਦੌਰਾਨ ਘੁੰਮਦੀ ਰਹਿੰਦੀ ਹੈ। ਇਸ ਲਈ ਸਤਿਗੁਰੂ ਵਾਸਤੇ ਇਹ ਜ਼ਰੂਰੀ ਸੀ ਕਿ ਉਹ ਆਤਮਾ ਪ੍ਰਤੀ ਇਸ ਦੇ ਆਦਿ ਤੋਂ ਅੰਤ ਤਕ ਦੀ ਜਾਣਕਾਰੀ ਕਰਾਵੇ। ਇਸੇ ਲਈ ਗੁਰਬਾਣੀ ਨੇ ਗੱਲ ਆਦਿ ਤੋਂ ਸ਼ੁਰੂ ਕੀਤੀ ਹੈ ਜਿਵੇਂ ਕਿ ਭਗਤ ਕਬੀਰ ਜੀ ਆਖ ਰਹੇ ਹਨ :-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
(ਪ੍ਰਭਾਤੀ ਕਬੀਰ ਜੀ, ਪੰਨਾ ੧੩੪੯)

ਇਥੇ ਭਗਤ ਜੀ ਦੱਸ ਰਹੇ ਹਨ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਪਰਮੇਸ਼ਰ ਨੇ ਆਪਣਾ ਨੂਰ ਜੀਵ ਆਤਮਾਵਾਂ ਨੂੰ ਪੈਦਾ ਕੀਤਾ। ਉਸ ਤੋਂ ਬਾਅਦ ਆਪਣੀ ਕੁਦਰਤਿ (ਕਲਾ) ਨਾਲ ਚੇਤਨ ਆਤਮਾ ਅਤੇ ਜੜ ਮਾਇਆ ਦੇ ਮੇਲ ਨਾਲ ਸੰਸਾਰ ਦੀ ਸਾਜਨਾ ਕੀਤੀ। ਇਸੇ ਤਰ੍ਹਾਂ ਗਰਭ ਅਵਸਥਾ ਬਾਰੇ ਭੀ ਗੁਰਬਾਣੀ ਅੰਦਰ ਜਾਣਕਾਰੀ ਕਰਵਾਈ ਗਈ ਹੈ :-

**ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲ

ਭਾਰਤ ਮਾਤਾ ਦਾ ਸਪੂਤ, ਪਦਮ ਸ਼੍ਰੀ ਅਤੇ ਦਰਵੇਸ਼ ਸਾਹਿਤਕਾਰ- ਦੇਵਿੰਦਰ ਸਤਿਆਰਥੀ

ਮਾਂ ਨੂੰ ਜੋਤਿਸ਼ੀ ਦਾ ਕਿਹਾ,'' ਏਹਦੇ ਪੈਰਾਂ ਚ ਚੱਕਰ ਹੈ ਅਤੇ ਇਹ ਘਰ ਤੋਂ ਦੂਰ ਘੁੰਮਦਾ ਰਹੇਗਾ'' , ਸ਼ਾਇਦ ਇਹੀ ਠੀਕ ਹੋ ਗਿਆ ਹੋਵੇ ਕਿ ਦੇਵਿੰਦਰ ਪੜਾਈ ਛੱਡ ਕੇ ਦੇਸ਼ ਦੁਨੀਆਂ ਦੀ ਯਾਤਰਾ ਤੇ ਨਿਕਲ ਪਿਆ । ਜਿਵੇਂ ਖੁਦ ਹੀ ਉਹ ਆਪਣੀ ਕਹਾਣੀ,'' ਲੰਕਾ ਦੇਸ਼ ਹੈ ਕੁਲੰਬੋ'' ਵਿੱਚ ਦਸਦਾ ਹੈ , ''ਬਚਪਨ ਵਿੱਚ ਪਹਿਲੀ ਵਾਰ ਟਟਹਿਣਾ ਫੜ ਕੇ ਮੈਂ ਮਾਂ ਕੋਲ ਆ ਕੇ ਕਿਹਾ ਕਿ ਟਟਹਿਣਾ ਮੇਰੀ ਮੁੱਠੀ ਵਿੱਚ ਬੰਦ ਹੈ ਅਤੇ ਇਹ ਜਰੂਰ ਕਿਸੇ ਦੂਰ ਦੇਸ਼ ਦਾ ਕੀੜਾ ਹੈ, ਜੋ ਰਾਤੀ ਹਾਣੀਆਂ ਨਾਲ ਕਿਸੇ ਜਾਦੂ ਦੇ ਅਸਰ ਹੇਠ ਇੱਥੇ ਆਉਦਾਂ ਹੈ। ਪਰ ਮਾਂ ਕਹਿੰਦੀ, ''ਇਸ ਨੂੰ ਛੱਡ ਦੇ ਬੱਚਾ ! ਮਤੇ ਇਸ ਦੇ ਖੰਭ ਨਾ ਟੁੱਟ ਜਾਣ। ਮਾਂ ਦਾ ਕਿਹਾ ਮੰਨ ਕੇ ਮੈਂ ਟਟਹਿਣਾ ਤਾਂ ਛੱਡ ਦਿੱਤਾ ਪਰ ਸਾਲਾਂ ਬੱਧੀ ਪਿਛੋਂ ਵੀ ਮੈਂ ਟਟਹਿਣਆਂ ਪਿੱਛੇ ਭਜਦਾ ਰਿਹਾ, ਭਾਵੇਂ ਇਹ ਡਰ ਜਰੂਰ ਲੱਗਾ ਰਹਿੰਦਾ ਕਿ ਟਟਹਿਣਆਂ ਪਿੱਛੇ ਭਜਦਾ ਮੈਂ ਇੰਨਾਂ ਦੂਰ ਨਾਂ ਨਿਕਲ ਜਾਵਾਂ ਕਿ ਘਰ ਦਾ ਰਾਹ ਹੀ ਭੁੱਲ ਬੈਠਾਂ । ਟਟਹਿਣਆਂ ਪਿੱਛੇ ਭੱਜਦਾ ਦੂਰ ਨਿਕਲ ਜਾਣ ਤੋਂ ਡਰਨ ਵਾਲਾ ਬੱਚਾ ਵੱਡਾ ਹੋ ਕੇ ਦੇਵਿੰਦਰ ਬੱਤਾ ਤੋਂ ਦੇਵਿੰਦਰ ਸਤਿਆਰਥੀ ਕਦੋਂ ਬਣ ਗਿਆ ਉਹਦੇ ਪਿੰਡ ਵਾਲਿਆਂ ਨੂੰ ਵੀ ਪਤਾ ਨਹੀਂ ਲੱਗਿਆ । 28 ਮਈ 1908 ਨੂੰ ਪਟਿਆਲਾ ਰਿਆਸਤ ਦੇ ਕਸਬਾ ਭਦੌੜ ਵਿੱਚ ਧਨੀ ਰਾਮ ਬੱਤਾ ਅਤੇ ਆਤਮਾ ਦੇਵੀ ਦੇ ਘਰ ਜਨਮਿਆ ਦੇਵਿੰਦਰ ਬੱਤਾ , ਸਤਿਆਰਥੀ ਤਾਂ ਬਣਿਆ ਹੀ, ਉਹ ਲੋਕ ਗੀਤਾਂ ਨੂੰ ਖਾਂਦਿਆਂ, ਪੀਦਿਆਂ, ਪਹਿਨਦਿਆਂ, ਸੁਣਦਿਆਂ ਅਤੇ ਗਾਉਂਦਿਆਂ ਖਾਨਾ ਬਦੋਸ਼ ਅਤੇ ਦਰਵੇਸ਼ ਬਣ ਗਿਆ ।

ਉਹਨਾਂ ਦਾ ਖੁਦ ਦਾ ਕਹਿਣਾ ਸੀ ਕਿ ਊਠਾਂ ਦਾ ਖੂਨ ਮੇਰੀਆਂ ਰਗਾਂ ਵਿੱਚ ਵਹਿ ਰਿਹਾ ਸ਼ਾਇਦ ਤਾਂ ਹੀ ਮੈਂ ਯਾਤਰਾ ਲਈ ਉਤਸਾਹਿਤ ਰਹਿੰਦਾ, ਕਿਉਂਕਿ ਮੇਰੇ ਵੱਡ ਵਡੇਰੇ ਊਠਾਂ ਤੇ ਸਵਾਰੀ ਕਰਦਿਆਂ ਵਪਾਰ ਕਰਦੇ ਸਨ । ਦਾਦਾ ਪਾਰਸੀ ਪੜਿਆ ਪਟਵਾਰੀ ਸੀ,ਜੋ ਨਵਾਂ ਨਵਾਂ ਆਰੀਆ ਸਮਾਜੀ ਬਣਿਆ ਕਰਕੇ ਦੇਵਿੰਦਰ ਨੂੰ ਕਿਸਾਨਾਂ ਦੇ ਮੁੰਡਿਆਂ ਤੋਂ ਦੂਰ ਰਹਿਣ ਲਈ ਕਹਿੰਦਾ ਸੀ ਅਤੇ ਸਕੂਲੇ ਵੀ ਅਧਿਆਪਕਾਂ ਨੂੰ ਕਿਸਾਨਾਂ ਦੇ ਬੱਚਿਆਂ ਤੋਂ ਦੂਰ ਰੱਖਣ ਦੀ ਹੀ ਸਾਲਾਹ ਸੀ । ਪਰ ਉਹ ਜੀਵਨ ਦੀ ਸਚਾਈ ਤੋਂ ਦੂਰ ਨਹੀਂ ਕੀਤਾ ਜਾ ਸਕਿਆ । ਉਹਦੀ ਰਗ ਰਗ ਵਿੱਚ ਜੀਵਨ ਦੇ ਸੱਚੇ ਸੁੱਚੇ ਰੰਗਾਂ ਦੇ ਲੋਕ ਗੀਤ ਵਸਦੇ ਚਲੇ ਗਏ ਅਤੇ ਉਹ ਲੋਕ ਗੀਤਾਂ ਦਾ ਆਦਮੀ ਬਣ ਕੇ ਰਹਿ ਗਿਆ। ਦੁਨੀਆਂ ਭਰ ਦੇ ਲੋਕ ਗੀਤ ਸੰਭਾਲਣੇ ਉਹਦੀ ਫਿਤਰਤ ਬਣ ਕੇ ਰਹਿ ਗਈ । ਬਸ ਫਿਰ ਕੀ ਸੀ ਇਹ ਸਾਹਿਤਕਾਰ ਲੋਕਾਂ ਦੇ ਜੀਵਨ ਨੂੰ ਹੱਢੀਂ ਹੰਢਾ ਕੇ ਜੀਵਿਆ। ਉਹਨਾਂ 50 ਦੇ ਕਰੀਬ ਕਿਤਾਬਾਂ



ਦਾ ਲੇਖਣ ਕੀਤਾ ਅਤੇ ਸਾਰੀਆਂ ਲਿਖਤਾਂ, ਨਾਵਲਾਂ, ਕਹਾਣੀਆਂ ਅਤੇ ਕਵਿਤਾਵਾਂ ਵਿੱਚੋਂ ਲੋਕ ਗੀਤਾਂ ਦੇ ਮੇਚ ਦੀ ਮਿੱਟੀ ਦੀ ਮਹਿਕ ਆਉਂਦੀ ਹੈ । ਉਨਾਂ ਦੀ ਰਚਨਾ ਜਨਮ ਭੂਮੀ ਵਿੱਚ ਦੇਸ਼ ਦੀ ਵੰਡ ਦੇ ਦਰਦ ਨੂੰ ਬਾਖੂਬੀ ਬਿਆਨ ਕੀਤਾ ।ਉਨਾਂ ਜਿੰਦਗੀ ਦੇ ਜੋ ਵੀ ਦ੍ਰਿਸ਼ ਦੇਖੇ ਜਾਂ ਹੰਢਾਏ ਉਹ ਵਰਨਿਤ ਕੀਤੇ । ਜਿਵੇਂ

ਬੁੱਢੀ ਨਹੀਂ ਧਰਤੀ ---
ਬੁੱਢੀ ਨਹੀਂ ਧਰਤੀ, ਕਣਕ ਦੀਏ ਬੱਲੀਏ,
ਕਪਾਹ ਦੀਏ ਫੁਟੀਏ. ਬੁੱਢੀ ਨਹੀਂ ਧਰਤੀ
ਜਾਂ ਆਸਾਮ ਗਿਆ ਤਾਂ ਦੱਸਿਆ –
ਮੈਂ ਆਸਾਮ ਚੋਂ ਆਇਆ ਹਾਂ, ਬ੍ਰਹਮ ਪੁੱਤਰ ਸੀ ਚੁੱਪ ਚੁਪੀਤਾ,
ਚੁੱਪ ਚਾਪ ਕੰਢੇ ਦੀਆਂ ਝੁੱਗੀਆਂ, ਜਿੰਦਰੇ ਵਾਂਗ ਬੰਦ ਸੀ ਜੀਵਨ।
ਦੇਸ਼ ਨੂੰ ਕਿਹਾ –
ਓ ਹਿੰਦੁਸਤਾਨ, ਤੇਰੇ ਹਲ ਨੇ ਲਹੂ ਲੁਹਾਨ, ਓ ਹਿੰਦੁਸਤਾਨ
ਤਾਜ ਮਹੱਲ ਦੇ ਮਜਦੂਰਾਂ ਦੀ ਵਿੱਥਿਆ ਵੀ ਕਹੀ –
ਜਦ ਮਜਦੂਰ ਹਜਾਰਾਂ ਲੱਖਾਂ, ਵਹੁਟੀਆਂ ਨਾਲ ਰਲਾ ਕੇ ,
ਘਾਲ ਰਹੇ ਸਨ ਘਾਲਾਂ ਇਥੇ, ਪਾਣੀ ਲਹੂ ਬਣਾ ਕੇ

ਬੁੱਢੀ ਨਹੀਂ ਧਰਤੀ, ਮੁੜਕਾ ਤੇ ਕਣਕ, ਧਰਤੀ ਦੀਆਂ ਵਾਜਾਂ ਅਤੇ ਲੱਕ ਟੁਣੂ ਟੁਣੂ ਕਾਵਿ ਸੰਗ੍ਰਿਹਾਂ ਦੀਆਂ ਰਚਨਾਵਾਂ ਲੋਕ ਗੀਤਾਂ ਵਾਂਗ ਸਮਾਜ ਦੇ ਦੁੱਖਾਂ- ਸੁੱਖਾਂ , ਸੁਪਨਿਆਂ ਅਤੇ ਇਛਾਵਾਂ ਦੀ ਹੀ ਤਾਂ ਗੱਲ ਕਰਦੀਆਂ ਹਨ । ਜਿਵੇਂ ਉਹ ਲੋਕ ਗੀਤਾਂ ਨੂੰ ਪ੍ਰਭਾਸ਼ਿਤ ਕਰਦਾ ਹੈ, ''ਇਕ ਗੱਲ ਤਾਂ ਮੈਂ ਇੱਕ ਦਮ ਸਮਝ ਗਿਆ ਕਿ ਲੋਕ ਗੀਤਾਂ ਦਾ ਇੱਕ ਉਦੇਸ਼ ਮੰਨੋਰੰਜਨ ਤਾਂ ਹੈ ਹੀ ਲੇਕਿਨ ਲੋਕ ਗੀਤ ਸਿਰਫ ਮੰਨੋਰੰਜਨ ਲਈ ਨਹੀਂ । ਇਸ ਦੇ ਪਿੱਛੇ ਜਨਤਾ ਦੇ ਦੁੱਖ ਸੁੱਖ,ਸੁਪਨੇ ਅਤੇ ਇਛਾਵਾਂ ਦੀ ਵੱਡੀ ਤਾਕਤ ਹੈ । ਇਹ ਤਾਕਤ ਜੇਕਰ ਨਿੱਕਲ ਜਾਵੇ ਤਾਂ ਲੋਕ ਗੀਤ ਵੀ ਇੱਕ ਸਜਾਵਟੀ ਚੀਜ ਬਣ ਕੇ ਰਹਿ ਜਾਣਗੇ ਜਿਵੇਂ ਸ਼ੋਹਰਤੀ ਡਰਾਇੰਗ ਰੂਮਾਂ ਵਿੱਚ ਰੱਖੇ ਗਏ ਕਾਗਜ ਦੇ ਫੁੱਲ।''

ਡਾ ਸੁਰਜੀਤ ਸਿੰਘ ਭਦੌੜ
91-98884-88060

ਗੁਰਮੁੱਖੀ ਲਿਪੀ ਲਿਖਣ ਨੂੰ ਜਾਨਣ ਤੋਂ ਕੋਰੇ ਸਤਿਆਰਥੀ ਦੀ ਪਹਿਲੀ ਕਿਤਾਬ ''ਗਿੱਧਾ'' ਪੰਜਾਬੀ ਭਾਸ਼ਾ ਵਿੱਚ ਹੀ ਆਈ । 1936 ਵਿੱਚ '' ਗਿੱਧਾ'' ਦੀ ਪਹਿਲੀ ਛਪੀ ਕਾਪੀ ਏਨੀ ਮਕਬੂਲ ਹੋਈ ਕਿ ਇਸ ਦੇ ਸੰਸਕਰਣ 1954, 1958, 1964, 1970 ਅਤੇ 1980 ਵਿੱਚ ਵੀ ਛਾਪੇ ਗਏ । ਵੱਖ ਵੱਖ ਭਾਸ਼ਾਵਾਂ ਵਿੱਚ ਬੋਲੀਆਂ, ਟੱਪੇ, ਲੋਕ ਗੀਤਾਂ ਨੂੰ ਸ਼ੁੱਧ ਰੂਪ ਵਿੱਚ ਸਮੋਣ ਵਾਲੀ ਪੁਸਤਕ'' ਗਿੱਧਾ ''ਨੂੰ ਸਤਿਆਰਥੀ ਦੀ ਬੁੱਧੀ, ਮਿਹਨਤ, ਮਨ, ਪ੍ਰਤਿਭਾ ਅਤੇ ਆਤਮਾ ਦਾ ਨਿਚੋੜ ਕਿਹਾ ਜਾਦਾਂ ਹੈ । ਉਰਦੂ ਤੋਂ ਲਿਖਣਾ ਸ਼ੁਰੂ ਕਰਨ ਵਾਲੇ ਸਤਿਆਰਥੀ ਨੇ ਪੰਜਾਬੀ ਵਿੱਚ ਤਾਂ ਗੁਰੂ ਦੇਵ ਰਾਬਿੰਦਰ ਨਾਥ ਟੈਗੋਰ ਹੋਰਾਂ ਦੀ ਹੱਲਾਸ਼ੇਰੀ ਨਾਲ ਹੀ ਲਿਖਣਾ ਸ਼ੁਰੂ ਕੀਤਾ ਜਦੋਂ ਉਨਾਂ ਕਿਹਾ , ''ਚਾਹੇ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਲਿਖੋ, ਪਰ ਜੇਕਰ ਆਪਣੀ ਮਾਤ ਭਾਸ਼ਾ ਵਿੱਚ ਨਹੀਂ ਲਿਖਦੇ ਤਾਂ ਸਭ ਬੇਕਾਰ ਹੈ।

''ਘੋੜਾ ਬਾਦਸ਼ਾਹ'' ਅਤੇ ''ਸੂਈ ਬਾਜਾਰ'' ਨਾਵਲਾਂ ਤੋਂ ਇਲਾਵਾ'' ਸੋਨਾ ਗਾਚੀ,'' '' ਕੁੰਗ ਪੋਸ਼'', ''ਲੰਕਾ ਦੇਸ਼ ਹੈ ਕੋਲੰਬੋ'' ,''ਦੇਵਤਾ ਡਿੱਗ ਪਿਆ'' ਅਤੇ ''ਤਿੰਨ ਬੂਹਿਆਂ ਵਾਲਾ ਘਰ'' ਨਾਮਕ ਕਹਾਣੀ ਸੰਗ੍ਰਿਹ ਭਾਰਤੀ ਭਾਸ਼ਾਵਾਂ ਦੀ ਝੋਲੀ ਪਾਉਣ ਵਾਲੇ ਇਸ ਦਰਵੇਸ਼ ਸਾਹਿਤਕਾਰ ਨੂੰ ਭਾਰਤ ਸਰਕਾਰ ਵੱਲੋਂ 1977 ਵਿੱਚ ਸਰਵੋਤਮ ਸਨਮਾਨ'' ਪਦਮ ਸ਼੍ਰੀ''ਨਾਲ ਸਨਮਾਨਤ ਕੀਤਾ ਗਿਆ।

ਦੋ ਵਕਤ ਦੀ ਰੋਟੀ ਲਈ ਅੰਮ੍ਰਿਤਸਰ ਵਿੱਚ ਅਖਬਾਰਾਂ ਵੰਡਣ ਦਾ ਕੰਮ ਕੀਤਾ, ਪੱਥਰ ਦੀਆਂ ਸਿੱਲਾਂ ਤੋੜੀ-ਆਂ,ਜਮਸ਼ੇਦਪੁਰ ਵਿੱਚ ਲੋਹੇ ਦੀਆਂ ਚਾਦਰਾਂ ਉਠਾਈਆਂ ਪਰ ਭਾਰਤ ਮਾਤਾ ਦੇ ਸਪੂਤ ਨੇ ਲੋਕ ਗੀਤ ਵੇਚਣ ਤੋਂ ਕੋਰੀ ਨਾਂ ਕਰ ਦਿੱਤੀ। ਗੱਲ 1940 ਦੀ ਹੈ ਜਦੋਂ ਉਹ ਲੰਕਾ ਯਾਤਰਾ ਸਮੇਂ ਚੇਨਈ ਰੁੱਕੇ ।

ਉੱਥੇ ਇੱਕ ਵੱਡੇ ਅਖਬਾਰ ਦੇ ਸੰਪਾਦਕ ਨੇ ਉਨਾਂ ਨੂੰ ਇੱਕ ਚੈੱਕ ਫੜਾਇਆ ਅਤੇ ਦੱਸਿਆ ਕਿ ਉਸਨੇ ਉਨਾਂ ਦੀਆਂ ਰਚਨਾਵਾਂ ਦਾ ਤਾਮਿਲ ਅਨੁਵਾਦ ਛਾਪਿਆ ਹੈ ਅਤੇ ਇਹ ਪੈਸੇ ਰੱਖਣ ਲਈਂ ਕਿਹਾ ਕਿ ਇਹ ਉਨਾਂ ਦੇ ਲੰਕਾ ਯਾਤਰਾ ਦੌਰਾਨ ਕੰਮ ਆਉਣਗੇ । ਉਨਾਂ ਇਹ ਕਹਿਕੇ ਚੈੱਕ ਵਾਪਿਸ ਕਰ ਦਿੱਤਾ ਕਿ ਉਨਾਂ ਨੂੰ ਲੰਕਾ ਯਾਤਰਾ ਲਈ ਕਿਸੇ ਨੇ ਪਹਿਲਾਂ ਹੀ ਪੈਸੇ ਦੇ ਦਿੱਤੇ ਹਨ ਅਤੇ ਇਹ ਰਾਸ਼ੀ ਉਨਾਂ ਵੱਲੋਂ ਅਨੁਵਾਦ ਕਰਨ ਵਾਲੇ ਸ਼ਖਸ ਨੂੰ ਦੇ ਦਿੱਤੀ ਜਾਵੇ।

ਉਸ ਤੋਂ ਵੀ ਅਚੰਭਤ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਪੈਸਿਆਂ ਦੀ ਕਮੀ ਕਰਕੇ ਟਰੇਨਾਂ ਵਿੱਚ ਬੇ-ਟਿਕਟੇ ਹੋਣ ਕਾਰਨ ਲੁਕ ਲੁਕ ਸਫਰ ਕਰਨ ਵਾਲੇ ਸਤਿਆਰਥੀ ਨੇ ਆਲ ਇੰਡੀਆ ਰੇਡੀਓ ਤੋਂ ਮਿਲਣ ਲੱਗੀ ਕਾਪੀ ਰਾਈਟ ਦੀ ਰਾਇਲਟੀ ਵੀ ਇਹ ਕਹਿਕੇ ਲੈਣ ਤੋਂ ਮਨਾਂ ਕਰ ਦਿੱਤਾ ਕਿ ਇਨਾਂ ਲੋਕ ਗੀਤਾਂ ਦੀ ਰਾਇਲਟੀ ਭਾਰਤ ਮਾਤਾ ਦੀ ਹੈ, ਜਦੋਂ ਆਲ ਇੰਡੀਆ ਰੇਡੀਓ ਦੇ ਨਿਰਦੇਸਕ ਸ਼੍ਰੀ ਪਿਤਰਸ ਨੇ ਉਨਾਂ ਨੂੰ ਕਿਹਾ ਕਿ ਉਹ ਆਪਣੇ ਸੰਗ੍ਰਿਹ ਕੀਤੇ ਲੋਕ ਗੀਤਾਂ ਵਿੱਚੋਂ ਇੱਕ ਹਜਾਰ ਲੋਕ ਗੀਤ ਉਸਨੂੰ ਚੁਣ ਕੇ ਦੇ ਦੇਣ ਅਤੇ ਉਨਾਂ ਨੂੰ ਇਸਦੀ ਰਾਇਲਟੀ ਲਗਾਤਾਰ ਮਿਲਦੀ ਰਹੇਗੀ।

ਦੇਸ਼ ਦੇ ਲੋਕ ਗੀਤਾਂ ਦੇ ਖਜਾਨੇ ਨੂੰ ਰਹਿੰਦੀਆਂ ਪੀੜੀਆਂ ਤੱਕ ਸੰਭਾਲ ਕੇ, ਦੇਸ਼ ਦੇ ਨਕਸ਼ੇ ਤੇ ਆਪਣੀ ਜਨਮ ਭੂਮੀ ਭਦੌੜ ਨੂੰ ਸ਼ਹਿਣਾ- ਭਦੌੜ ਤੋਂ ਸਤਿਆਰਥੀ ਵਾਲਾ ਭਦੌੜ ਦੀ ਪਹਿਚਾਣ ਦੇ ਕੇ ਇਹ ਭਾਰਤ ਮਾਤਾ ਦਾ ਸਪੂਤ 12 ਫਰਵਰੀ 2003 ਨੂੰ ਅੱਖਾਂ ਮੀਚ ਗਿਆ।

ਮਨੂੰਵਾਦੀ ਜਾਤ ਪਾਤ ਨੂੰ ਮੰਨਣ ਵਾਲੇ ਨਿਹੰਗਾ ਵਿਰੁੱਧ ਦੁਨਿਆ ਭਰ ਦੇ ਸਿੱਖਾਂ ਵਿੱਚ ਭਾਰੀ ਗ਼ੁੱਸੇ ਅਤੇ ਰੋਸ ਦੀ ਇਕ ਲਹਿਰ ਨੇ ਜਨਮ ਲਿਆ

ਨਿਹੰਗਾ ਦੇ ਕੁਝ ਦਲਾਂ ਵੱਲੋਂ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਸੰਚਾਰ ਕਰਦੇ ਸਮੇਂ ਕੀਤੇ ਜਾਦਾ ਜਾਤ ਪਾਤ ਦੇ ਅਧਾਰ ਤੇ ਵਿੱਤਕਰਾ ਤੇ ਨਾਲ ਗੁਰੂ ਕੇ ਲੰਗਰਾ ਵਿੱਚ ਵੀ ਵਿੱਤਕਰਾ ਕਰਨ ਦੀਆ ਆਈਆ ਦੁੱਖਦਾਈ ਖ਼ਬਰਾਂ ਤੋ ਬਾਅਦ ਦੁਨਿਆ ਭਰ ਦੇ ਸਿੱਖਾਂ ਵਿੱਚ ਇਕ ਭਾਰੀ ਗ਼ੁੱਸੇ ਅਤੇ ਰੋਸ ਦੀ ਲਹਿਰ ਨੇ ਜਨਮ ਲੈ ਲਿਆ ਹੈ ਤੇ ਸੰਸਾਰ ਭਰ ਦੇ ਸਿੱਖ ਹੁਣ ਬ੍ਰਾਹਮਣਵਾਦੀ ਨਿਹੰਗਾ ਦੇ ਵਿਰੋਧ ਵਿੱਚ ਖੁੱਲਕੇ ਮੈਦਾਨ ਵਿਚਾਰ ਨਿੱਤਰ ਆਏ ਹਨ ਤੇ ਆਪ ਜੀ ਵੀ ਉਪਰ ਇਕ ਵੀਡਿਉ ਨੂੰ ਸੁਣਨ ਤੇ ਉਸ ਦੇ ਨਾਲ ਵਿਦੇਸ਼ੀ ਸਿੱਖਾਂ ਦੀਆ ਧਰਮ ਪ੍ਰਚਾਰ, ਗੁਰਦੁਆਰਾ ਸਾਹਿਬਾਨ ਦੀਆ ਪ੍ਰਬੰਧਕ ਕਮੇਟੀਆਂ ਵੱਲੋਂ ਆਏ ਬਿਆਨ ਨੂੰ ਪੜਨ ਦੀ ਜ਼ਰੂਰ ਕਿਰਪਾਲਤਾ ਕਰਨਾ ਜੀ ਤੇ ਗੁਰੂ ਮਹਾਰਾਜ ਜੀ ਦੇ ਪੁਰਾਤਨ ਸ਼ਿਧਾਂਤਾ ਨੂੰ ਕਾਇਮ ਰੱਖਣ ਤੇ ਮਨੂਵਾਦੀ ਬ੍ਰਾਹਮਣਵਾਦੀ ਨਿਹੰਗਾ ਵਲੋ ਸਿੱਖ ਧਰਮ ਦੀਆ ਪੁਰਤਾਨ ਮਰਿਆਦਾਵਾ ਨੂੰ ਬਦਲਨ ਤੋ ਰੋਕਣ ਲਈ ਖਾਲਸਾ ਪੰਥ ਦੀਆ ਖੁਸ਼ੀਆਂ ਪ੍ਰਾਪਤ ਕਰਨ ਤੇ ਸੱਚ ਨਾਲ ਖੜਦੇ ਹੋਏ ਗੁਰੂ ਦੇ ਸਿੱਖਾ ਦਾ ਡੱਟਕੇ ਸਾਥ ਦੇਉ ਤਾਂ ਕਿ ਅਸੀ ਸਾਰੇ ਮਿਲਜੁਲ ਕੇ ਇਕ ਖਾਲਸਾ ਪੰਥ ਦੇ ਇਕ ਝੰਡੇ ਥੱਲੇ ਇਕੱਠੇ ਹੋਕੇ ਅਪਨੇ ਨਿਆਰੇ ਖਾਲਸਾ ਪੰਥ ਦੀਆ ਚੜਦੀਆ ਕਲਾ ਨੂੰ ਕਾਇਮ ਰੱਖਦੇ ਹੋਏ ਰਾਜ ਕਰੇਗਾ ਖਾਲਸਾ ਦੀ ਮੰਜਿਲ ਨੂੰ ਪ੍ਰਾਪਤ ਕਰਨ ਲਈ ਹੋਰ ਤੇਜ਼ੀ ਨਾਲ ਅੱਗੇ ਵੱਧ ਸਕੀਏ।

ਧੰਨਵਾਦੀ
ਸਰਬਜੀਤ ਸਿੰਘ ਨਿਊਯਾਰਕ

ਗੁਰਮਤਿ ਦੇ ਮੂਲ-ਮੁੱਦਿਆਂ ਦਾ ਆਧਾਰ ਹੈ - ਗਿਆਨ ਦਾ ਮੁੱਦਾ

ਪਰਮੇਸ਼ਰ ਕਿਸੇ ਦੀ ਸਲਾਹ ਨਾਲ, ਕੋਈ ਫੈਸਲਾ ਲੈਂਦਾ ਹੈ ਅਤੇ ਨਾ ਕਿਸੇ ਦੀ ਸਿਫਾਰਸ਼ ਮੰਨਦਾ ਹੈ। ਉਸ ਦੇ ਦਰ 'ਤੇ ਤਾਂ 'ਸਚੋ ਹੀ ਸਚਿ' ਨਿੱਬੜਦਾ ਹੈ, ਅਪਰਾਧੀਆਂ (ਜਜਮਾਲਿਆਂ) ਲਈ ਉਸ ਦੇ ਘਰ ਕੋਈ ਥਾਂ ਨਹੀਂ।

ਸੱਚ ਨੂੰ ਜਾਣ ਲੈਣਾ ਹੋਰ ਗੱਲ ਹੈ ਪਰ ਸੱਚ ਉਤੇ ਪਹਿਰਾ ਦੇਣਾ ਉਸ ਤੋਂ ਵੀ ਅਗਲੀ ਗੱਲ ਹੈ। ਸਿੱਖ ਦਾ ਜੀਵਨ ਗੁਰਮਤਿ-ਅਨੁਸਾਰੀ ਹੋਣਾ ਚਾਹੀਦਾ ਹੈ ਤਦ ਹੀ ਉਹ ਅਸਲ ਰੂਪ ਵਿੱਚ ਗੁਰਸਿੱਖ ਹੈ। ਇਸ ਵਿੱਚ ਗੁਰਮਤਿ ਦੀ ਸਹੀ ਸੋਝੀ ਹੋਣੀ ਹੋਰ ਭੀ ਜ਼ਰੂਰੀ ਹੈ ਨਹੀਂ ਤਾਂ ਆਚਰਨ ਭੀ ਗੁਰਮਤਿ-ਅਨੁਸਾਰੀ ਨਹੀਂ ਹੋ ਸਕਦਾ। ਗਲਤ ਸੋਝੀ, ਗਲਤ ਦਿਸ਼ਾ ਪ੍ਰਦਾਨ ਕਰ ਦਿੰਦੀ ਹੈ ਭਾਵ ਗੁਰਮਤਿ ਦਾ ਸਹੀ ਗਿਆਨ ਹੀ ਸਦਾਚਾਰੀ ਜੀਵਨ ਜਿਉਣ ਦੇ ਕਾਬਲ ਬਣਾ ਸਕਦਾ ਹੈ ਅਤੇ ਸਦਾਚਾਰੀ ਜੀਵਨ ਵਿਚੋਂ ਹੀ ਪਰਮ (ਸੱਚਾ) ਅਨੰਦ ਪ੍ਰਾਪਤ ਹੋ ਸਕਦਾ ਹੈ। ਇਸ ਲਈ ਸੱਚ ਦੀ ਸਹੀ ਸੋਝੀ (ਗਿਆਨ) ਤੋਂ ਬਿਨਾਂ ਸੱਚ-ਆਚਾਰ ਸੰਭਵ ਨਹੀਂ ਅਤੇ ਸੱਚ-ਆਚਾਰ ਬਿਨਾਂ ਅਨੰਦ ਸੰਭਵ ਨਹੀਂ। ਇਸ ਤੋਂ ਅੱਗੇ ਗੁਰਬਾਣੀ ਦਾ ਗਿਆਨ ਜਦ ਸਾਰੇ ਔਗੁਣਾਂ ਨੂੰ ਮਿਟਾਉਣ ਵਾਲਾ ਹੈ ਤਾਂ ਗੁਰਸਿੱਖ ਵਿੱਚ ਵੈਰ-ਵਿਰੋਧ ਕਿਵੇਂ ਰਹਿ ਸਕਦਾ ਹੈ ? ਗੁਰਸਿੱਖ ਦਾ ਸੁਭਾਅ ਸਤਿਗੁਰੂ ਵਰਗਾ ਹੀ ਬਣ ਜਾਂਦਾ ਹੈ ਕਿਉਂਕਿ ਉਸ ਦਾ ਆਪਣਾ ਸੁਭਾਅ ਬਚਦਾ ਹੀ ਨਹੀਂ। ਗੁਰੂ ਦੇ ਹੁਕਮ ਵਿੱਚ ਚੱਲਣ ਨਾਲ ਗੁਰਸਿੱਖ ਦੇ ਆਪਣੇ ਵੱਖਰੇ ਸੁਭਾਅ ਦੀ ਹੋਂਦ ਹੀ ਨਹੀਂ ਰਹਿੰਦੀ।

ਇਸ ਤੋਂ ਅੱਗੇ ਆਤਮ-ਨਿਰਭਰਤਾ ਦਾ ਮੁੱਦਾ ਭੀ ਗੁਰਮਤਿ ਗਿਆਨ ਅੰਦਰ ਹੀ ਸਮਾਇਆ ਹੋਇਆ ਹੈ। ਗੁਰਬਾਣੀ ਅੰਦਰ ਆਤਮਾ ਨੂੰ ਪਰਮਾਤਮਾ ਨਾਲ ਹੀ ਸਿੱਧਾ ਸੰਪਰਕ ਬਣਾਉਣ ਦੀ ਵਿਧੀ ਦਰਸਾਈ ਗਈ ਹੈ। 'ਖਾਲਸਾ' ਸ਼ਬਦ ਦਾ ਭੀ ਇਹੀ ਅਰਥ ਹੈ ਕਿ ਜਿਸ ਦਾ ਸਿੱਧਾ ਸੰਬੰਧ ਤਖਤ-ਤਾਜ਼ ਨਾਲ ਹੋਵੇ। ਗੁਰਬਾਣੀ ਅੰਦਰ ਤਖਤ, ਹਿਰਦੇ ਨੂੰ ਮੰਨਿਆ ਗਿਆ ਹੈ ਅਤੇ ਰਾਜਾ ਹੈ ਉਸ ਵਿੱਚ ਪ੍ਰਗਟ ਹੋਇਆ ਪਰਮੇਸ਼ਰ ਦਾ ਉਪਦੇਸ਼ ਰੂਪੀ ਨਾਦ (ਧੁਨੀ)। ਜਦੋਂ ਗੁਰਬਾਣੀ ਇਹ ਆਖਦੀ ਹੈ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' ਤਾਂ ਇਸ ਤੋਂ ਮਤਲਬ ਹੈ ਕਿ ਸੁਰਤ (ਮਨ) ਨੇ ਸਿੱਧਾ ਸ਼ਬਦ-ਗੁਰੂ ਨਾਲ ਆਪਣੇ ਹਿਰਦੇ ਅੰਦਰ ਹੀ ਜੁੜਨਾ ਹੈ। ਇਥੇ ਵਿਚਾਲੇ ਜੋੜਨ ਵਾਲਾ ਕੋਈ ਭੀ ਨਹੀਂ ਜਿਵੇਂ ਕਿ ਗੁਰਬਾਣੀ ਵਿੱਚ ਦੱਸਿਆ ਹੈ :-

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥
(ਮਾਝ ਮ: ੫, ਪੰਨਾ ੧੩੪)

ਭਾਵ ਹਰਿ (ਜੇਠ) ਜੋ ਸਭ ਤੋਂ ਵੱਡਾ ਹੈ, ਉਸ ਨਾਲ ਜੁੜਨ ਦੀ ਲੋੜ ਹੈ, ਜਿਸ ਅੱਗੇ ਸਾਰੇ ਹੀ ਝੁਕਦੇ ਹਨ ਪਰ ਇਹ ਹਰਿ ਸੱਜਣ ਦੇ ਜਦੋਂ ਲੜ ਲੱਗੀਦਾ ਹੈ, ਉਸ ਸਮੇਂ ਕੋਈ ਭੀ ਵਿਚਕਾਰ (ਦੇਈ ਬੰਨਿ) ਜੋੜਨ ਵਾਲਾ, ਗੰਢਣ ਵਾਲਾ ਨਹੀਂ ਹੁੰਦਾ। ਹਿਰਦੇ ਵ

ਸੁਰਿੰਦਰ ਸੋਹਲ: ਗੁਰੂ ਦੇ ਅੰਗ-ਸੰਗ

'ਸੰਦਰਭ ਕਾਵਿ-ਸੰਗ੍ਰਹਿ 'ਸਾਖੀਓਂ ਨੂਰ ਝਰੈ'

ਪ੍ਰੋ. ਨਿਰੰਜਨ ਸਿੰਘ ਦੇਸੀ

ਸੁਰਿੰਦਰ ਸੋਹਲ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸੰਗਲ ਸੋਹਲ ਦਾ ਨਾਯਾਬ ਤੋਹਫ਼ਾ ਹੈ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਚ ਮੇਰਾ ਵਿਦਿਆਰਥੀ ਹੋਣ ਕਰ ਕੇ ਚੜ੍ਹਦੀ ਉਮਰੇ ਮੇਰੇ ਅੰਗ-ਸੰਗ ਰਿਹਾ ਹੈ। ਬੀ. ਏ. ਵਿਚ ਪੜ੍ਹਦਿਆਂ ਤਕਰੀਬਨ ਹਰ ਹਫ਼ਤੇ ਇਕ ਨਜ਼ਮ ਲਿਖ ਲਿਆਉਂਦਾ। ਮੈਨੂੰ ਵੇਖਣ ਲਈ ਆਖਦਾ। ਮੈਂ ਉਸ ਦੀ ਰਚਨਾ ਨੂੰ ਆਪਣੇ ਤੱਕ ਸੀਮਤ ਰੱਖਣ ਦੀ ਥਾਂ ਸਾਰੀ ਜਮਾਤ ਨੂੰ ਸੁਣਾਉਣ ਲਈ ਆਖਦਾ। ਉਸ ਦੇ ਨਾਲ਼ ਦਵਿੰਦਰ ਮੰਡ ਹੁੰਦਾ ਸੀ। ਉਹ ਉਸ ਸਮੇਂ ਕਹਾਣੀ ਲਿਖਦਾ ਸੀ।

ਸੁਰਿੰਦਰ ਸਵਾਲ ਬੜੇ ਕਰਦਾ ਸੀ। ਜਮਾਤ ਵਿਚ ਉਸ ਦੀ ਤਸੱਲੀ ਨਾ ਹੁੰਦੀ ਤਾਂ ਉਹ ਪੀਰੀਅਡ ਮੁੱਕਣ ਪਿੱਛੋਂ ਮੇਰੇ ਨਾਲ਼ ਹੋ ਤੁਰਦਾ। ਸਾਰੇ ਰਸਤੇ ਸਵਾਲ 'ਤੇ ਸਵਾਲ। ਮੈਨੂੰ ਉਸ ਦੀ ਜਗਿਆਸਾ ਬੜੀ ਚੰਗੀ ਲੱਗਦੀ ਸੀ। ਗੁਰੂ ਨਾਨਕ ਦੀ ਬਾਣੀ ਵਿੱਚੋਂ ਕੋਰਸ ਵਿਚ ਸ਼ਾਮਿਲ ਕੁਝ ਸ਼ਬਦ ਪੜ੍ਹਦਿਆਂ ਉਹ ਉਨ੍ਹਾਂ ਨਾਲ਼ ਜੁੜੀਆਂ ਸਾਖੀਆਂ ਬਾਰੇ ਸਵਾਲ ਕਰਨ ਲੱਗਦਾ। ਬਚਪਨ ਵਿਚ ਮੈਨੂੰ ਵੀ ਇਹ ਸਾਖੀਆਂ ਸੱਚੀਆਂ ਤੇ ਚੰਗੀਆਂ ਲੱਗਦੀਆਂ ਤੇ ਗੁਰੂ ਨਾਨਕ ਇਕ ਅਡੰਬਰੀ, ਕਰਾਮਾਤੀ ਪੁਰਖ ਨਜ਼ਰ ਆਉਂਦਾ। ('ਸਾਖੀ ਸਾਹਿਤ' ਦੀ ਰਚਨਾ ਕਿਉਂ ਹੋਈ? ਇਸ ਬਾਰੇ ਚਰਚਾ ਕਿਸੇ ਹੋਰ ਮੌਕੇ)। ਅਸੀਂ ਮਿਲ਼ ਕੇ ਵਿਚਾਰ ਕਰਦੇ ਕਿ ਕੁਝ ਸਾਖੀਆਂ ਅਸਲ ਵਿਚ ਗੁਰੂ ਨਾਨਕ ਦੀ ਹਸਤੀ ਦੀ ਪਛਾਣ ਲਈ ਪ੍ਰਤੀਕ ਰੂਪ ਵਿਚ ਰਚੀਆਂ ਗਈਆਂ।

ਤਕਰੀਬਨ ਤਿੰਨ ਦਹਾਕਿਆਂ ਦੇ ਵਕਫ਼ੇ ਬਾਅਦ ਸੁਰਿੰਦਰ ਸੋਹਲ ਨੇ ਸਾਖੀਆਂ ਅੰਦਰ ਲੁਕੇ ਹੋਏ ਸੱਚ ਨੂੰ ਕਾਵਿ-ਰੂਪ ਵਿਚ ਪਛਾਣਿਆਂ ਹੈ। ਉਸ ਦੀ ਪੁਸਤਕ 'ਸਾਖੀਓਂ ਨੂਰ ਝਰੈ' ਪੜ੍ਹਦਿਆਂ ਮੈਂ ਉਸ ਦੇ ਚਿੰਤਨ ਦਾ ਰਿਸ਼ਤਾ ਗੁਰੂ ਨਾਨਕ ਦੇ ਚਿੰਤਨ ਨਾਲ਼ ਜੁੜਿਆ ਮਹਿਸੂਸ ਕਰਦਾ ਹਾਂ। 56 ਸਾਖੀਆਂ ਦੇ 'ਤੱਥ' ਦੀ ਥਾਂ ਉਸ ਨੇ 'ਤੱਤ' ਨੂੰ ਪਛਾਣਿਆ ਹੈ। ਸਾਖੀਆਂ ਦੇ ਲੇਖਕਾਂ ਨੇ ਗੁਰੂ ਨਾਨਕ ਦੀ ਹਸਤੀ ਦੇ ਅਸਲ ਰੂਪ 'ਤੇ ਆਪਣੀ ਕਲਪਨਾ ਦਾ ਰੰਗ ਮਲ਼ ਦਿੱਤਾ ਸੀ। ਸੋਹਲ ਨੇ ਮੁਲੰਮਾ ਉਤਾਰ ਕੇ ਗੁਰੂ ਨਾਨਕ ਦੀ ਹਸਤੀ ਦੇ ਖੁੱਲ੍ਹੇ ਦਰਸ਼ਨ ਕਰਵਾਏ ਹਨ। ਇਸ ਦੇ ਨਾਲ਼-ਨਾਲ਼ ਗੁਰੂ ਨਾਨਕ ਨਾਲ਼ ਜੁੜੀਆਂ ਹੋਈਆਂ ਰੂਹਾਂ, ਹੀਣੇ ਤੇ ਬੌਣੇ ਹੋਣ ਤੋਂ ਬਚਾਅ ਲਈਆਂ ਹਨ। ਸਾਖੀਆਂ ਦੇ ਅਸਲੇ ਨੂੰ ਪਕੜ ਵਿਚ ਲੈ ਕੇ ਰਚਨਾਤਮਕ ਪੱਧਰ 'ਤੇ ਪੁਨਰ-ਸਿਰਜਣਾ ਕਰਨੀ ਉਸ ਦਾ ਹਾਸਿਲ ਹੈ।

ਸੋਹਲ ਸਾਖੀ ਦੇ ਪ੍ਰਚਲਿਤ ਅਰਥਾਂ ਨੂੰ ਅਪਨਾਉਣ ਦੀ ਥਾਂ ਉਨ੍ਹਾਂ ਦੇ ਅੰਦਰ ਲੁਕੇ ਹੋਏ ਸੱਚ ਨੂੰ ਪਛਾਣਿਆਂ ਹੈ। ਉਸ ਨੇ 'ਸਾਖੀ ਸਾਹਿਤ' ਰਾਹੀਂ ਗੁਰੂ ਨਾਨਕ ਦੀ ਹਸਤੀ ਦੇ ਸੰਬੰਧ ਵਿਚ ਜੋ ਕਰਾਮਾਤੀ ਰੰਗ ਪੈਦਾ ਕਰ ਦਿੱਤਾ ਗਿਆ ਸੀ, ਉਸ ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਦਰਸ਼ਨ ਕਰਵਾਏ ਹਨ। ਰਚਨਾਤਮਕ ਪ੍ਰਕਿਰਿਆ ਵਿੱਚੋਂ ਗੁਜ਼ਰਦਿਆਂ ਉਹ ਗੁਰੂ ਨਾਨਕ ਦੇ ਰੂਹਾਨੀ ਤੇ ਕ੍ਰਾਂਤੀਕਾਰੀ ਸਰੂਪ ਦੇ ਅੰਗ-ਸੰਗ ਹੋ ਗਿਆ ਹੈ। ਉਸ ਨੇ ਸਾਖੀਆਂ ਦੇ ਓਹਲੇ ਵਿਚ ਅਸਲ ਨੂਰ ਨੂੰ ਝਰਦੇ ਵੇਖ ਲਿਆ ਹੈ। ਸਾਖੀਆਂ ਦੇ ਅਸਲ ਭਾਵ ਨੂੰ ਪਕੜ ਵਿਚ ਲੈਣਾ ਤੇ ਰਚਨਾਤਮਿਕ ਪੱਧਰ 'ਤੇ ਪੁਨਰ-ਸਿਰਜਣਾ ਕਰਨੀ ਕੋਈ ਸੌਖੀ ਗੱਲ ਨਹੀਂ ਸੀ। ਸਾਖੀ ਦੇ ਪਰੰਪਰਾਗਤ ਅਰਥਾਂ ਤੋਂ ਦੂਰ ਹਟ ਕੇ ਉਸ ਨੇ ਇਸ ਸ਼ਬਦ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਇਹੀ ਪਰਿਭਾਸ਼ਾ ਗੁਰੂ ਨਾਨਕ ਦੀ ਸ਼ਖ਼ਸੀਅਤ ਤੇ ਫ਼ਲਸਫ਼ੇ ਦੇ ਅਨੁਕੂਲ ਹੈ। ਗੁਰੂ ਨਾਨਕ ਦੀ ਹਸਤੀ ਦਾ ਸਰੂਪ ਬਦਲ ਕੇ ਵਿਕਰਤ ਕਰਨ ਲਈ ਜਿਹੜੀਆਂ ਸਾਖੀਆਂ ਕਥਾ-ਰਸ ਨੂੰ ਮੁੱਖ ਰੱਖ ਕੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਘੜੀਆਂ ਗਈਆਂ ਸਨ, ਉਨ੍ਹਾਂ ਦੇ ਸੰਬੰਧੀ ਸੋਹਲ ਨੇ ਕਾਵਿਕ-ਰੂਪਾਂਤਰਣ ਪੇਸ਼ ਕਰ ਕੇ ਚਿੰਤਨ-ਮੁਖੀ ਕਾਵਿਕ ਰਚਨਾ ਕੀਤੀ ਹੈ। ਅਜਿਹਾ ਕਰ ਕੇ ਉਸ ਨੇ 550 ਸਾਲਾਂ ਦੀ ਵਿੱਥ ਹੀ ਨਹੀਂ ਮਿਟਾਈ ਸਗੋਂ ਗੁਰੂ ਨਾਨਕ ਦੇ ਕਾਲ-ਮੁਕਤ ਤੇ ਦੇਸ਼-ਮੁਕਤ ਸਰੂਪ ਨੂੰ ਚਿਤਰਿਆ ਹੈ। ਹੱਕ, ਸੱਚ, ਸੇਵਾ, ਨਿਆਂ, ਨਿਮਰਤਾ, ਬਰਾਬਰੀ ਅਤੇ ਪ੍ਰੇਮ ਦੇ ਸਰਵ-ਕਾਲੀਨ ਨਾਨਕ-ਪੈਗ਼ਾਮ ਨੂੰ ਚਿਤਰਿਆ ਹੈ। ਗੁਰੂ ਨਾਨਕ ਦੇ ਜਨਮ ਵੇਲ਼ੇ ਦੀ ਘੜੀ ਨੂੰ ਸ਼ਬਦ-ਚਿੱਤਰ ਵਿਚ ਪੇਸ਼ ਕਰਦਿਆਂ ਉਸ ਨੇ ਭਾਵਨਾ ਵਿਚ ਭਿੱਜਦਿਆਂ ਲਿਖਿਆ ਹੈ:

ਪੰਛੀ ਚਹਿਕ-ਚਹਿਕ ਕੇ
ਗਾਵਣ ਲੱਗੇ ਨੇ
ਚਾਨਣ ਹੋਣ ਵਾਲ਼ਾ ਹੈ
ਧੁੰਦ ਮਿਟਣ ਵਾਲ਼ੀ ਹੈ
(ਪੰਨਾ 12)

'ਪੱਟੀ' ਵਾਲ਼ੀ ਸਾਖੀ ਦੀ ਰਚਨਾਤਮਿਕਤਾ ਵੇਖਿਆਂ ਹੀ ਬਣਦੀ ਹੈ:

ਤਨ-ਪਾਠਸ਼ਾਲਾ 'ਚ
ਮਨ-ਪਾਂਧਾ
ਦਿਲ-ਤਖ਼ਤੀ
ਸੋਚ-ਗਾਚਣੀ ਸੰਗ
ਪੋਚ ਕੇ
ਤ੍ਰਿਪਤਾ ਦੇ ਘਰ ਵੱਲੋਂ
ਆਉਂਦੇ
ਰਾਹ 'ਤੇ ਨਿਗਾਹ
ਵਿਛਾਈ ਬੈਠਾ
ਕਦ ਇਸ ਰਾਹੇ
ਬਾਲ ਇੰਵਾਣਾ
ਨਿੱਕਲ਼ੇ
ਦਿਲ-ਤਖ਼ਤੀ 'ਤੇ
ਪਾਏ ਪੂਰਨੇ ਨੂਰੀ
ਲਿਖੇ ਇਲਾਹੀ ਪੱਟੀ
ਪੱਟੀ ਦਾ ਹਰ ਅੱਖਰ
ਬਣੇ ਕਹਿਕਸ਼ਾਂ
ਮਸਤਕ ਅੰਦਰ
ਠੰਢਾ-ਠੰਢਾ ਚਾਨਣ ਬਿਖਰੇ
ਰੂਹ ਦਾ ਜਗਤ-ਜਲੰਦਾ ਠਾਰੇ..। (ਪੰਨਾ 14)

'ਜਨੇਊ' ਵਾਲ਼ੀ ਸਾਖੀ ਵਿਚ ਗੁਰੂ ਨਾਨਕ ਦੀ ਬਾਣੀ ਨੂੰ ਹੀ ਆਧਾਰ ਬਣਾਇਆ ਗਿਆ ਹੈ। ਹਕੀਕਤ ਇਹੀ ਹੈ ਕਿ ਕਈ ਸਾਖੀਆਂ ਬਾਣੀ ਨੂੰ ਕਥਾਰੂਪ ਵਿਚ ਬਦਲ ਕੇ ਰਚੀਆਂ ਹਨ। ਗੁਰੂ ਨਾਨਕ ਦੀ ਬਾਣੀ ਦੇ ਸਨਮੁਖ ਹੁੰਦਿਆਂ ਸੋਹਲ ਨੇ ਲਿਖਿਆ ਹੈ:

ਫੋਕਟ ਕਰਮਾਂ ਦੇ ਗਲ਼ ਪੈ ਕੇ
ਫੋਕਟ ਮੈਲ਼ਾ
ਜਰ-ਜਰ ਹੋਇਆ
ਜਨੇਊ ਤਰਸ ਰਿਹਾ ਹੈ
ਛੋਹ ਇਲਾਹੀ ਨੂੰ
ਲੈ ਆਵੇ ਜੋ

ਕਪਾਹ ਦਇਆ ਦੀ
ਸੰਤੋਖ ਦੇ ਸੂਤ ਨੂੰ
ਜਤ ਦੀਆਂ ਗੰਢ। ਮਾਰੇ
ਸਤ 'ਚ ਵੱਟ ਕੇ

ਸੁਰਿੰਦਰ ਸੋਹਲ
1-646-220-2586

ਟਾਈਟਲ ਨੂੰ ਕਲਾਤਮਕ ਛੋਹਾਂ ਮਾਂਟਰੀਅਲ (ਕੈਨੇਡਾ) ਵਸਦੇ ਪ੍ਰਸਿੱਧ ਕਵੀ ਤੇ ਚਿੱਤਰਕਾਰ ਮਨਜੀਤ ਸਿੰਘ ਚਾੜ੍ਹਿਕ ਵੱਲੋਂ ਦਿੱਤੀਆਂ ਗਈਆਂ ਹਨ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥

ਸ੍ਰੀ ਅਮਰੀਕ ਚੰਦ ਲਾਖਾ (ਸੀਪੀਏ) ਜੀ ਦੇ ਪਿਤਾ ਜੀ ਦੀ ਪਹਿਲੀ ਬਰਸੀ ਨੂੰ ਸਮਰਪਿਤ

ਪਿਤਾ ਸ੍ਰੀ ਪਿਆਰਾ ਰਾਮ ਲਾਖਾ ਜੀ ਦੀ ਪਹਿਲੀ ਬਰਸੀ 'ਤੇ ਯਾਦ ਕਰਦਿਆਂ ਪਿਛਲੇ ਸਾਲ ਦੀ ਇਕ ਰਿਪੋਰਟ

ਫਰੀਮਾਂਟ (ਡੀਡੀਬੀ)- ਭਾਰਤੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ ਸੀਪੀਏ ਜੀ ਦੇ ਪੂਜਨੀਕ ਪਿਤਾ ਸ੍ਰੀ ਪਿਆਰਾ ਰਾਮ ਲਾਖਾ ਜੀ ਦਾ 2019 ਦੇ ਮਈ ਮਹੀਨੇ ਦੀ 26 ਤਾਰੀਖ ਨੂੰ ਅਕਾਲ ਚਲਾਣਾ ਹੋ ਗਿਆ ਸੀ ਅਤੇ ਇਸ ਮਹੀਨੇ ਦੀ 3 ਤਾਰੀਖ ਨੂੰ ਚੈਪਲ ਆਫ ਚਾਈਮਜ਼ ਫਿਊਨਰਲ ਹੋਮ ਮਿਸ਼ਨ ਬੁਲੇਵਾਡ ਫਰੀਮਾਂਟ ਵਿਖੇ ਸਸਕਾਰ ਕਰ ਦਿੱਤਾ ਗਿਆ। ਸਵਰਗੀ ਸ੍ਰੀ ਪਿਆਰਾ ਰਾਮ ਜੀ ਦਾ ਜੱਦੀ ਪਿੰਡ ਪੱਦੀ ਜਗੀਰ ਜ਼ਿਲ੍ਹਾ ਜਲੰਧਰ (ਪੰਜਾਬ) ਭਾਰਤ ਸੀ ਜੋ ਕਾਫੀ ਲੰਮੇ ਸਮੇਂ ਤੋਂ ਫਰੀਮਾਂਟ (ਕੈਲੇਫੋਰਨੀਆ) 'ਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ ਜੋ ਅਕਾਲ ਪਰਖ ਦੀ ਰਜ਼ਾ 'ਚ ਰਹਿੰਦਿਆਂ ਲੱਗਭੱਗ 88 ਸਾਲ ਦੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਮੂਹ ਲਾਖਾ ਪਰਿਵਾਰ 'ਚ ਉਹ ਆਪਣੇ ਪਿੱਛੇ ਸੁਪੱਤਨੀ ਤੋਂ ਇਲਾਵਾ ਦੋ ਲੜਕੇ ਅਤੇ ਪੰਜ ਲੜਕੀਆਂ ਅਤੇ ਦੋਹਤੇ-ਦੋਹਤੀਆਂ, ਪੋਤੇ-ਪੋਤੀਆਂ, ਪ੍ਰਾਹੁਣਿਆਂ ਤੋਂ ਸਦਾ-ਸਦਾ ਲਈ ਰੁਖਸਤ ਹੋ ਗਏ।

ਸਵਰਗੀ ਸ੍ਰੀ ਪਿਆਰਾ ਰਾਮ ਲਾਖਾ ਜੀ ਇਕ ਬਹੁਤ ਹੀ ਨੇਕ ਦਿਲ ਇਨਸਾਨ ਸਨ। ਉਹਨਾਂ ਬੜੀ ਮਿਹਨਤ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਿਆਂ ਉਚੀ ਤਾਲੀਮ ਸਭ ਨੂੰ ਦਿਵਾਈ। ਉਹਨਾਂ ਦੇ ਸਾਰੇ ਪਰਿਵਾਰ ਨੇ ਵਿੱਦਿਆ ਤੇ ਸਮਾਜਿਕ ਖੇਤਰ 'ਚ ਖੂਬ ਨਾਮ ਬਣਾਇਆ ਹੈ। ਇਹੀ ਵਜ੍ਹਾ ਹੈ ਕਿ ਉਹਨਾਂ ਦੇ ਸਸਕਾਰ ਤੇ ਬਹੁਤ ਭਾਰੀ ਗਿਣਤੀ ਲੋਕ ਅੰਤਿਮ ਦਰਸ਼ਨਾਂ ਅਤੇ ਸ਼ਰਧਾਂਜਲੀ ਦੇਣ ਲਈ ਪਹੁੰਚੇ। ਜਿਹਨਾਂ ਵਿਚ ਸਰਵ ਸ੍ਰੀ ਜਨਾਬ ਆਜ਼ਾਦ ਜਲੰਧਰੀ, ਓ. ਪੀ. ਬਾਲੀ, ਰਣਧੀਰ ਸੁੰਮਨ, ਰਾਮ ਮੂਰਤੀ ਸਰੋਏ, ਮਲਕੀਤ ਲਾਖਾ, ਚਮਨ ਲਾਖਾ, ਵਿਨੋਦ ਕੁਮਾਰ ਚੁੰਬਰ, ਸੁਖਰਾਜ ਸਿੰਘ ਚੋਪੜਾ, ਪ੍ਰਮਜੀਤ ਭੁੱਟਾ ਆਦਿ ਦੇ ਨਾਂ ਵਰਣਨਯੋਗ ਹਨ ਅਤੇ ਇਹਨਾਂ ਤੋਂ ਇਲਾਵਾ ਸਵਰਗੀ ਪਿਆਰਾ ਰਾਮ ਲਾਖਾ ਜੀ ਦੇ ਦੋਹਤੇ, ਦੋਹਤੀਆਂ, ਪੋਤੇ-ਪੋਤੀਆਂ ਨੇ ਵੀ ਆਪਣੇ ਬੀਤੇ ਪਲਾਂ ਨੂੰ ਯਾਦ ਕਰਦਿਆਂ ਬੜੇ ਹੀ ਦੁਖੀ ਹਿਰਦਿਆਂ ਨਾਲ ਨਮ ਅੱਖੀਆਂ ਨਾਲ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਅਤੇ ਭਾਈ ਸਾਹਿਬ ਭਾਈ ਗੁਰਜੀਤ ਸਿੰਘ ਜੀ ਨੇ ਅਰਦਾਸ ਕੀਤੀ।

ਸਸਕਾਰ ਉਪਰੰਤ ਸਿੱਖ ਟੈਂਪਲ (ਗੁਰਦੁਆਰਾ ਸਾਹਿਬ) ਫਰੀਮਾਂਟ (ਕੈਲੇਫੋਰਨੀਆ) ਵਿਖੇ ਪਾਠ ਪੜ੍ਹੇ ਗਏ ਅਤੇ ਵੈਰਾਗਮਈ ਸ਼ਬਦ ਪੜ੍ਹਨ ਉਪਰੰਤ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਗੁਰਦੁਆਰਾ ਸਾਹਿਬ ਦੇ ਜਥਿਆਂ ਭਾਈ ਸਾਹਿਬਾਨ ਨੇ ਸ਼ਬਦ ਗਾਇਨ ਕੀਤਾ ਅਤੇ ਭਾਈ ਜਗਤਾਰ ਸਿੰਘ ਜੀ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣਾ ਤੇ ਮਗਰ ਸਮੂਹ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣਾ। ਅਖੀਰ ਪਰਿਵਾਰ ਵੱਲੋਂ ਸਮਾਜਿਕ ਰਸਮਾਂ ਵੀ ਕੀਤੀਆਂ ਗਈਆਂ ਅਤੇ ਇੰਜੀਨੀਅਰ ਸ੍ਰੀ ਰਣਧੀਰ ਸਿੰਘ ਸੁੰਮਨ ਨੇ ਸਮੂਹ ਲਾਖਾ ਪਰਿਵਾਰ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ, ਜਿਹਨਾਂ-ਜਿਹਨਾਂ ਨੇ ਇਸ ਦੁੱਖ ਦੀ ਘੜੀ ਵਿਚ ਲਾਖਾ ਪਰਿਵਾਰ ਨਾਲ ਆਪਣੀ ਹਮਦਰਦੀ ਦਿਖਾਈ ਅਤੇ ਹੌਸਲਾ ਦੇ ਕੇ ਦੁੱਖ ਨੂੰ ਵੰਡਾਇਆ। ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲਾਖਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।









ਜਾਣੀ-ਪਛਾਣੀ ਕਲਮ ਤੇ ਅਵਾਜ਼ : ਨਿਰਮਲਾ ਗਰਗ

ਪ੍ਰੀਤਮ ਲੁਧਿਆਣਵੀ
9876428641

ਸਾਹਿਤ ਦੀ ਚੇਟਕ ਮਨੁੱਖੀ ਰਿਸ਼ਤਿਆਂ ਵਿੱਚੋਂ ਆਸਾਨੀ ਨਾਲ ਲੱਗ ਜਾਂਦੀ ਹੈ। ਨਿਰਮਲਾ ਗਰਗ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। ਜਦੋਂ ਹਾਲੇ ਉਸ ਸੁਰਤ ਸੰਭਾਲੀ ਹੀ ਸੀ ਤਾਂ ਘਰ ਵਿੱਚ ਉਹ ਆਪਣੇ ਪਿਤਾ ਜੀ ਤੋਂ ਕਵੀਸ਼ਰੀ ਦੇ ਬੋਲ ਸੁਣਨ ਲੱਗ ਪਈ ਸੀ। ਉਸ ਕਿਹਾ, ''ਮੇਰੇ ਹਾਲੇ ਤੱਕ ਯਾਦ ਹੈ ਕਿ ਜਦੋਂ ਮੈਂ ਛੇ ਕੁ ਸਾਲਾਂ ਦੀ ਸੀ ਤਾਂ ਮੈਨੂੰ ''ਲੂਣਾ'' ਬਾਰੇ ਪਤਾ ਲੱਗ ਗਿਆ ਸੀ ਕਵੀਸ਼ਰੀ ਚੋਂ। ਮੇਰੇ ਅੰਦਰ ਸਾਹਿਤ ਦੇ ਬੀਜ ਤਾਂ ਬਚਪਨ ਤੋਂ ਹੀ ਸਨ, ਪਰ ਉਹਨਾਂ ਨੂੰ ਉਜਾਗਰ ਕਰਨ ਦਾ ਮੌਕਾ ਨਹੀਂ ਮਿਲਿਆ ਸੀ। ਜਦੋਂ ਮੇਰੇ ਪਿਤਾ ਜੀ ਦੀ ਅਚਾਨਕ ਮੌਤ ਹੋ ਗਈ ਤਾਂ ਮੈਂ ਧੁਰ ਅੰਦਰ ਤੱਕ ਝੰਜੋੜੀ ਗਈ। ਮੈਂ ਆਪਣਾ ਇਕੱਠਾ ਹੋਇਆ ਸਾਰਾ ਦਰਦ ਇੱਕ ਕਾਗਜ ਉਤੇ ਕਵਿਤਾ ਦੇ ਰੂਪ ਵਿੱਚ ਲਿਖਿਆ। ਕਵਿਤਾ ਅਖਵਾਰ 'ਚ ਵੀ ਛਪੀ ਅਤੇ ਸਭ ਨੇ ਪਸੰਦ ਕੀਤੀ। ਉਸ ਤੋਂ ਬਾਦ ਮੇਰੇ ਜੀਜਾ ਜੀ ਅਮਰ ਗਰਗ ਕਲਮਦਾਨ, ਜਿਨਾ ਨੂੰ ਮੈਂ ਆਪਣਾ ਮਾਰਗ-ਦਰਸ਼ਕ ਮੰਨਦੀ ਹਾਂ, ਜੀ ਨੇ ਮੈਨੂੰ ਹੋਰ ਲਿਖਣ ਲਈ ਪ੍ਰੇਰਿਆ। ਉਹਨਾਂ ਦੇ ਕਹਿਣ 'ਤੇ ਮੈਂ ਆਪਣੇ ਵਿਚਾਰ ਸਾਵਣ ਦੀਆਂ ਤੀਆਂ ਨੂੰ ਆਧਾਰ ਬਣਾ ਕੇ ਇੱਕ ਨਿਬੰਧ ਰਾਹੀਂ ਪ੍ਰਗਟ ਕੀਤੇ। ਪਹਿਲਾ ਹੀ ਨਿਬੰਧ ਪੰਜਾਬੀ ਟ੍ਰਿਬਿਊਨ ਵਿੱਚ ਛਪ ਗਿਆ, ਜਿਸ ਨੇ ਮੇਰਾ ਹੌਸਲਾ ਹੋਰ ਵਧਾਇਆ। ਫੇਰ ਤਾਂ ਬਸ ਲੇਖਾਂ ਦੀ ਝੜੀ ਹੀ ਲੱਗ ਗਈ।''

ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਵਾਲੀ ਨਿਰਮਲਾ ਗਰਗ ਦੱਸਦੀ ਹੈ ਕਿ ਪੰਜਾਬ ਵਿੱਚ ਵਧ ਰਹੀ ਨਸ਼ਿਆਂ ਦੀ ਭਰਮਾਰ, ਮਾਂਵਾਂ ਠੰਡੀਆਂ ਛਾਂਵਾਂ, ਭਰੂਣ-ਹੱਤਿਆ ਬਨਾਮ ਕੁੜੀ ਹੱਤਿਆ, ਧੀਆਂ ਬਿਨ ਨਾ ਰਹਿਣੀਆਂ ਤੀਆਂ, ਇੱਕ ਵੀਰ ਦੇਈਂ ਵੇ ਰੱਬਾ, ਫੋਕੇ ਵਹਿਮ ਆਦਿ ਬਹੁਤ ਸਾਰੇ ਨਿਬੰਧ ਵੱਖ-ਵੱਖ ਅਖਬਾਰਾਂ-ਮੈਗਜੀਨਾਂ ਵਿੱਚ ਛਪ ਚੁੱਕੇ ਹਨ, ਪਰ ਉਸ ਦੀ ਸੰਤੁਸ਼ਟੀ ਤਾਂ ਪਿਤਾ ਜੀ ਦੇ ਨਕਸ਼ੇ-ਕਦਮਾਂ ਤੇ ਚੱਲ ਕੇ ਹੀ ਹੋਣੀ ਸੀ, ਜਿਸ ਕਰਕੇ ਉਸ ਨੇ ਆਪਣੀ ਕਲਮ ਦਾ ਮੂੰਹ ਕਵਿਤਾਵਾਂ ਤੇ ਗੀਤਾਂ ਵੱਲ ਮੋੜ ਲਿਆ। ਫਿਰ ਉਸ ਨੇ ਸੌ ਦੇ ਕਰੀਬ ਕਵਿਤਾਵਾਂ ਤੇ ਗੀਤ ਲਿਖੇ। ਆਪਣੇ ਗੀਤਾਂ ਰਾਹੀਂ ਕੁੜੀਆਂ-ਚਿੜੀਆਂ ਤੇ ਭੈਣਾਂ ਦੀ ਗੱਲ ਕਰਦਿਆਂ ਉਸ ਦੇ ਮਨ ਨੂੰ ਇਕ ਅੱਡਰਾ ਜਿਹਾ ਸਕੂਨ ਤੇ ਖੁਸ਼ੀ ਮਿੱਲਦੀ ਹੈ। ਗੱਲਬਾਤ ਦੌਰਾਨ ਨਿਰਮਲਾ ਨੇ ਕਿਹਾ, ''ਮੈਂ ਕਈ ਸਾਹਿਤ ਸਭਾਵਾਂ ਵਿੱਚ ਜਾਣ ਲੱਗ ਪਈ। ਮਾਣ-ਸਤਿਕਾਰ ਮਿਲਣ ਲੱਗ ਪਿਆ, ਹੌਸਲਾ ਵਧਿਆ ਤੇ ਕਲਮ ਹੋਰ ਵੀ ਨਿਖਰ ਕੇ ਸਾਹਮਣੇ ਆਈ। ਸਾਹਿਤਕ ਸਫਰ ਤੇ ਚੱਲਦਿਆਂ ਪੰਜਾਬ ਤੋਂ ਬਾਹਰ ਵੀ ਕਲਕੱਤਾ, ਦਾਰਜ਼ੀਲਿੰਗ, ਸ਼ਿਲੌਂਗ... ਪੰਜਾਬ ਵਿਚ ਲੁਧਿਆਣਾ, ਰੋਪੜ ਅਤੇ ਬਰਨਾਲਾ ਆਦਿ ਸਾਹਿਤਕ ਪ੍ਰੋਗਰਾਮਾਂ ਵਿਚ ਜਾਣ ਦਾ ਮੌਕਾ ਮਿਲਿਆ। ਅਨੇਕਾਂ ਥਾਵਾਂ ਤੋਂ ਮਾਨ-ਸਨਮਾਨ ਮਿਲੇ। ਅਦਬੀ ਸਾਂਝ ਗਰੁੱਪ ਬਰਨਾਲਾ ਵੱਲੋਂ ਇੱਕ ਪ੍ਰੋਗਰਾਮ ਵਿੱਚ ਮੈਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ। ਉਥੇ ਕਈ ਲੇਖਕਾਂ ਦੀਆਂ ਕਿਤਾਬਾਂ ਵੀ ਰੀਲੀਜ ਕੀਤੀਆਂ। ਸਨਮਾਨ ਚਿੰਨ ਤੇ ਸ਼ਾਲ ਦੇਕੇ ਮੈਨੂੰ ਸਨਮਾਨਿਤ ਵੀ ਕੀਤਾ।'' ਇਕ ਸਵਾਲ ਦਾ ਜੁਵਾਬ ਦਿੰਦਿਆਂ ਗਰਗ ਨੇ ਕਿਹਾ,

''ਮੈਂ ਇੱਕ ਕਿਤਾਬ ਵੀ ਲਿਖੀ ਜੋ ਕਿ ਮੈਂ ਆਪਣੇ ਪਿਤਾ ਜੀ ਦੀ ਜੀਵਨੀ ਤੇ ਕਵੀਸ਼ਰੀ ਨੂੰ ਸਮਰਪਿਤ ਕੀਤੀ। ਕਿਤਾਬ ਦੀ ਘੁੰਡ ਚੁਕਾਈ ਵੀ ਧੂਰੀ ਪੰਜਾਬੀ ਸਾਹਿਤ ਸਭਾ ਵਿੱਚ ਬੜੇ ਹੀ ਅਦਬ ਤੇ ਸਤਿਕਾਰ ਨਾਲ ਕੀਤੀ ਗਈ। ਸਤਿਕਾਰਯੋਗ ਪਵਨ ਹਰਚੰਦਪੁਰੀ, ਗੁਲਜਾਰ ਸਿੰਘ ਸ਼ੌਕੀ ਜੀ ਅਤੇ ਹੋਰ ਵੀ ਬਹੁਤ ਸਾਰੇ ਸਾਹਿਤਕਾਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਪੰਜਾਬੀ ਸਾਹਿਤ ਸਭਾ ਪਟਿਆਲਾ ਵਿਖੇ ਵੀ ਮੇਰੀ ਕਿਤਾਬ ਨੂੰ ਬਹੁਤ ਮਾਣ-ਸਨਮਾਨ ਮਿਲਿਆ। ਅਕਾਸ਼ਵਾਣੀ ਪਟਿਆਲਾ ਤੇ ਵੀ ਮੈਂ ਤਿੰਨ ਵਾਰ ਜਾ ਚੁੱਕੀ ਹਾਂ ਤੇ ਆਪਣੇ ਗਰੁੱਪ ਨਾਲ ਪ੍ਰੋਗਰਾਮ ਦੇ ਚੁੱਕੀ ਹਾਂ।''

ਪਟਿਆਲਾ ਸ਼ਹਿਰ ਦੀਆਂ ਪੰਜਾਬੀ ਸਾਹਿਤ ਸਭਾ, ਗਿਆਨਦੀਪ ਸਾਧਨਾ ਮੰਚ, ਸਾਹਿਤਯ ਕਲਸ਼ ਪਟਿਆਲਾ, ਹਿੰਦੀ ਭਾਸ਼ਾ ਸੰਮੇਲਨ, ਮਹਿਲਾ ਕਾਵਿਆ ਮੰਚ ਅਤੇ ਅਗਰਵਾਲ ਸਭਾ ਪਟਿਆਲਾ ਆਦਿ ਸੰਸਥਾਵਾਂ ਵਿਚ ਵਿਚਰ ਰਹੀ ਨਿਰਮਲਾ ਗਰਗ ਤ੍ਰਿਵੇਣੀ ਸਾਹਿਤ ਪ੍ਰੀਸ਼ਦ ਦੀ ਸੀਨੀਅਰ ਮੀਤ ਪ੍ਰਧਾਨ ਹੈ। ਨਿਰਮਲਾ ਲਿਖਣ ਦੇ ਨਾਲ-ਨਾਲ ਗਾਉਂਣ ਦਾ ਵੀ ਸ਼ੌਕ ਰੱਖਦੀ ਹੈ। ਉਸ ਨੇ ਇੱਕ ਪੰਜਾਬੀ ਗੀਤ ਆਪ ਲਿਖ ਕੇ ਆਪਣੀ ਅਵਾਜ਼ ਵਿੱਚ ਰਿਕਾਰਡ ਕਰਵਾਇਆ ਹੈ। ਜਿਸਨੂੰ ਕਿ ਇਸੇ ਸਾਲ ਜਨਵਰੀ, 2020 ਵਿੱਚ ਨਾਮੀ ਕੰਪਨੀ ਨੇ ਰੀਲੀਜ਼ ਕੀਤਾ ਹੈ। ਇਕ ਹੋਰ ਸਵਾਲ ਦਾ ਉਤਰ ਦਿੰਦਿਆਂ ਨਿਰਮਲਾ ਗਰਗ ਨੇ ਕਿਹਾ, ''ਬਹੁਤ ਹੀ ਸਤਿਕਾਰਤ ਰੂਹਾਂ, ਜਿਨਾਂ ਦੀ ਬਦੌਲਤ ਮੈਂ ਆਪਣਾ ਸਾਹਿਤਕ ਸਫਰ ਸ਼ੁਰੂ ਕੀਤਾ, ਜਿਨਾ ਨੇ ਮੇਰਾ ਹੱਥ ਫੜ ਕੇ ਮੈਂਨੂੰ ਅੱਗੇ ਵਧਾਇਆ, ਉਨਾਂ ਵਿਚ ਮੇਰੇ ਜੀਜਾ ਜੀ ਅਮਰ ਗਰਗ ਕਲਮਦਾਨ, ਤ੍ਰੀਵੇਣੀ ਸਾਹਿਤ ਪ੍ਰੀਸ਼ਦ ਦੇ ਸਾਬਕਾ ਪ੍ਰਧਾਨ ਹਰੀ ਸਿੰਘ ਚਮਕ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਸ੍ਰ. ਦਰਸ਼ਨ ਸਿੰਘ ਆਸ਼ਟ ਜੀ ਵਿਸ਼ੇਸ਼ ਹਨ। ਮੈਂ ਹਮੇਸ਼ਾ ਇਹਨਾਂ ਦੀ ਰਿਣੀ ਰਹਾਂਗੀ। ਮੇਰੇ ਪਰਿਵਾਰ ਨੇ ਵੀ ਅੱਗੇ ਵਧਣ 'ਚ ਮੇਰੀ ਬਹੁਤ ਸਹਾਇਤਾ ਕੀਤੀ।''

ਆਪਣੇ ਪਿਤਾ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰ ਰਹੀ ਨਿਰਮਲਾ ਗਰਗ ਨੂੰ ਪ੍ਰਮਾਤਮਾਂ ਹੋਰ ਵੀ ਚੰਗੇ-ਤੋਂ-ਚੰਗਾ ਲਿਖਣ ਤੇ ਆਪਣੇ ਸੁਪਨੇ ਸਾਕਾਰ ਕਰਨ ਦਾ ਬਲ ਬਖਸ਼ੇ !

ਲਾਕਡਾਊਨ ਦੌਰਾਨ ਸਭ ਤੋਂ ਵੱਧ ਮਾਣੀ ਜਾਣ ਵਾਲੀ ਕਲਮ : ਗੁਰਜੰਟ ਸਿੰਘ ਪਟਿਆਲਾ

ਪੂਰੀ ਦੁਨੀਆਂ ਇੱਕ ਪਾਸੇ ਜਿੱਥੇ ਕਰੋਨਾ-ਵਾਇਰਸ ਦੇ ਨਾਲ ਜੂਝ ਰਹੀ ਹੈ ਉੱਥੇ ਕਾਫੀ ਕੁਝ ਬਦਲਵੇਂ ਰੂਪ ਵਿੱਚ ਵੀ ਵੇਖਣ ਨੂੰ ਮਿਲਿਆ ਹੈ। ਜੇਕਰ ਪੰਜਾਬੀ ਗੀਤ-ਸੰਗੀਤ ਦੀ ਗੱਲ ਕਰੀਏ ਤਾਂ ਇਸ ਵਿਚ ਕੋਈ ਸ਼ੱਕ ਨਹੀ ਕਿ ਤਾਲਾਬੰਦੀ ਨੇ ਅਨੇਕਾਂ ਨਵੀਆਂ ਕਲਮਾਂ ਅਤੇ ਅਵਾਜ਼ਾਂ ਨੂੰ ਵੀ ਪੈਦਾ ਕੀਤਾ ਹੈ। ਪਰ ਇਸੇ ਹੀ ਸਮੇਂ ਦੇ ਦੌਰਾਨ ਕੁਝ ਪ੍ਰੌਢ ਚੰਗੇ ਕਲਮੀਂ ਚਾਨਣ-ਮੁਨਾਰੇ ਵੀ ਲੋਕ-ਮਨਾਂ ਵਿੱਚ ਆਪਣੀ ਵੱਖਰੀ ਛਾਪ ਛੱਡਦੇ ਰਹੇ ਹਨ। ਜਿਨਾਂ ਵਿਚੋਂ ਸਥਾਪਤ ਗੀਤਕਾਰ ਗੁਰਜੰਟ ਸਿੰਘ ਪਟਿਆਲਾ ਉਭਰਕੇ ਸਾਹਮਣੇ ਆਇਆ ਇਕ ਨਾਮ ਹੈ। ਤਾਲਾ-ਬੰਦੀ ਦੌਰਾਨ ਜਿੱਥੇ ਆਮ ਲੋਕ ਘਰਾਂ ਵਿੱਚ ਨਜ਼ਰਬੰਦ ਹਨ, ਉੱਥੇ ਗੁਰਜੰਟ ਵਰਗਾ ਸਿਰਤੀ ਨੌਜਵਾਨ, ਸਖ਼ਤ ਸਰਕਾਰੀ ਡਿਊਟੀ ਦੌਰਾਨ ਵੀ ਸਹਿਤ ਦੀ ਪੜਚੋਲ ਕਰਦਾ ਨਜ਼ਰੀ ਆਇਆ। ਇਸ ਸਮੇਂ ਦੌਰਾਨ ਉਸ ਦੀਆਂ ਲਿਖੀਆਂ ਅਤੇ ਅੱਡ-ਅੱਡ ਅਵਾਜ਼ਾਂ ਦੁਆਰਾ ਗਾਇਨ ਕੀਤੀਆਂ ਰਚਨਾਵਾਂ ਨੂੰ ਪੰਜਾਬੀ ਸਰੋਤਿਆਂ ਨੇ ਸਭ ਤੋਂ ਵੱਧ ਸੁਣਿਆ ਅਤੇ ਮਾਣ ਦਿੱਤਾ। ਇਹ ਵੀ ਇਸ ਨੌਜਵਾਨ ਦਾ ਇਕ ਹਾਸਲ ਹੈ ਕਿ ਗੀਤ ਸੱਭਿਆਚਾਰਕ ਹੋਵੇ ਜਾਂ ਧਾਰਮਿਕ ਹੋਵੇ, ਵਿਅੰਗਾਤਮਕ ਹੋਵੇ ਜਾਂ ਰੁਮਾਂਟਿਕ ਹੋਵੇ, ਉਹ ਪਰਿਵਾਰ ਵਿਚ ਇਕੱਠਿਆਂ ਬੈਠ ਕੇ ਸੁਣੇ ਜਾਣ ਵਾਲਾ ਗੀਤ ਹੀ ਸਾਹਿਤ ਦੀ ਝੋਲ਼ੀ ਪਾਉਂਦਾ ਹੈ। ਤਾਲਾਬੰਦੀ ਦੌਰਾਨ ਉਸ ਦੇ ਲਿਖੇ ਢਾਡੀ-ਕਲਾ ਅਤੇ ਪੰਜਾਬੀ ਗਾਇਕੀ ਨਾਲ ਸਬੰਧਤ ਸਾਰੇ ਪੱਖਾਂ ਦੇ ਗੀਤ, ਕਵਿਤਾਵਾਂ, ਛੰਦ ਅਤੇ ਹੋਰ ਰਚਨਾਵਾਂ ਸੋਸ਼ਲ-ਮੀਡੀਆ 'ਤੇ ਸੁਰਖੀਆਂ ਬਣ ਕੇ ਛਾਏ ਰਹੇ। ਜਿਹਨਾਂ ਵਿਚ "ਕੁਛ ਗੁਨਾਹ ਤਾਂ ਸਾਥੋਂ ਹੋਏ ਨੇ'' (ਸੁਖਵਿੰਦਰ ਸੋਹੀ), "ਵੱਡੇ ਸਾਇੰਸਦਾਨੀਆਂ'', "ਸ਼ਰਮ ਜਿਹੀ ਤਾਂ ਆਉਂਦੀ ਹੈ'', "ਨਸ਼ਾ ਜਵਾਨੀ ਚੌਧਰ'', "ਦੋ ਪਰਸੈਂਟਾਂ ਵਾਲੇ'' (ਬਨਵੀਰ ਕੌਰ ਖਾਲਸਾ), "ਸਜਦਾ'', "ਰਾਗੀ ਨਹੀ ਬਚਾਇਆ ਗਿਆ '', "ਠੇਕਿਆਂ 'ਤੇ ਲੱਗੀ ਭੀੜ'', "ਆਟੇ ਦੀ ਚਿੜੀ '', "ਦਸਤਾਰ ਦੀ ਸਿਫ਼ਤ'', "ਸ਼ੁਕਰ ਐ ਕਿਸੇ ਨੇ ਸੱਚ ਬੋਲਿਆ ਤੇ ਸਹੀ ਐ'' (ਲੋਹੀਆਂ ਵਾਲੀਆਂ ਬੀਬੀਆਂ), "ਤੇਰਿਆਂ ਰੰਗਾਂ ਨੂੰ'' (ਗੁਰਜੀਤ ਕੌਰ ਖਾਲਸਾ), '''ਮੈਂ ਕੁਦਰਤ ਬੋਲ ਰਹੀ ਆਂ'' (ਬੀਰ ਰਘਵੀਰ), "ਆਪ ਹੀ ਸਹੇੜੀਆਂ ਨੇ ਮਹਾਂਮਾਰੀਆਂ'' (ਕਿਸਮਤ ਖਹਿਰਾ), "ਤੇਰੀਆਂ ਤੂੰ ਜਾਣੇਂ'' (ਸਮਾਣੇ ਵਾਲੀਆਂ ਬੀਬੀਆਂ), "ਮਾਂ ਦਾ ਪਿਆਰ '' (ਗੁਰਪ੍ਰੀਤ ਕੌਰ ਮੋਗਾ), "ਅਰਦਾਸ '' (ਨਵੀ ਨਾਭਾ), "ਧੀਆਂ ਤੇ ਮਾਪੇ '' (ਨਵੀ ਨਾਭਾ, ਅਨਮੋਲ ਜੱਸ, ਪ੍ਰੀਤ ਸੰਦੌੜ), "ਅਸਲੀ ਚਿੜੀਆਂ ਬੋਲਦੀਆਂ'' (ਢਾਡੀ ਜੱਥਾ ਬਾਬਾ ਬਿਧੀ ਚੰਦ ਜੀ), "ਕੱਚਿਆਂ ਰੰਗਾਂ ਨੇ ਉੱਡ ਜਾਵਣਾ'' (ਰਸ਼ਪਾਲ ਕੌਰ ਪਾਲ), "ਕਦੋਂ ਸੂਲੀ 'ਤੇ ਸਭ ਦੀ ਜਾਨ ਕਰ ਦਏਂ'' (ਬਲਵਿੰਦਰ ਕੌਰ ਖਾਲਸਾ), "ਕੁਦਰਤ ਦੇ ਰੰਗ '' (ਗੌਰਵ ਗਰਗ), ''ਸਾਡੇ ਪਾਪ ਮੁਆਫੀਆਂ ਵਾਲੇ ਨਹੀਂ'' (ਦੀਪ ਨਸੀਬਪੁਰਾ) ਆਦਿ ਗਾਇਕਾਂ ਅਤੇ ਰਾਗੀ-ਢਾਡੀ ਜੱਥਿਆਂ ਦੁਆਰਾ ਪੇਸ਼ ਕੀਤੀਆਂ ਇਸ ਕਲਮ ਦੀਆਂ ਰਚਨਾਵਾਂ ਵਿਸ਼ੇਸ਼ ਜ਼ਿਕਰ ਯੋਗ ਹਨ।

ਜਿਵੇਂ ਕਲਾ ਦੀਆਂ ਪਾਰਖੂ ਅਵਾਜ਼ਾਂ ਨੇ ਗੁਰਜੰਟ ਦੀ ਕਲਮੀ-ਕਲਾ ਨੂੰ ਪਛਾਣਿਆ, ਉਸੇ ਤਰਾਂ ਹੀ ਪਾਰਖੂ ਸਰੋਤਿਆਂ ਨੇ ਉਸ ਦੀ ਕਲਮ ਦੀ ਅਤੇ ਗਾਇਕ ਦੀ ਗਾਇਕੀ, ਦੋਵਾਂ ਕਲਾਵਾਂ ਦੀ ਪਰਖ-ਪਛਾਣ ਕਰਦਿਆਂ ਗੁਰਜੰਟ ਨੂੰ ਅਤੇ ਉਸ ਦੇ ਗਾਇਕਾਂ ਨੂੰ ਰੱਜਵਾਂ ਮਾਣ ਬਖਸ਼ਿਆ। ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ, ਜੇਕਰ ਗੁਰਜੰਟ ਸਿੰਘ ਪਟਿਆਲਾ ਨੂੰ ਸੋਸ਼ਲ-ਮੀਡੀਆ ਦਾ ਇਸ ਵਰੇ ਦਾ ਹੀਰੋ ਵੀ ਆਖ ਲਈਏ: ਕਿਉਂਕਿ ਉਸ ਦੇ ਲਿਖੇ ਹਰ ਇੱਕ ਸ਼ਬਦ ਨੂੰ ਸੋਸ਼ਲ ਮੀਡੀਆ ਦੇ ਵੱਖ-ਵੱਖ ਸਾਧਨਾਂ ਨੇ ਪ੍ਰਚਾਰਕੇ ਨਵਾਂ ਕੀਰਤੀਮਾਨ ਸਥਾਪਤ ਕਰ ਦਿੱਤਾ ਹੈ। ਜਿਵੇਂ ਇਸ ਨੌਜਵਾਨ ਨੇ ਪੰਜਾਬੀ ਸਾਹਿਤ ਦੇ ਹਰ ਹਿੱਸੇ ਦੀ ਗੱਲ ਕਰਕੇ ਲੋਕ ਮਨਾਂ ਅੰਦਰ ਜਗਾ ਬਣਾਈ ਹੈ, ਇਹੋ ਜਿਹੀਆਂ ਖ਼ੂਬੀਆਂ ਅਤੇ ਇਹੋ ਜਿਹੀਆਂ ਖੁਸ਼ੀਆਂ ਪੰਜਾਬੀ ਸਾਹਿਤ ਅੰਦਰ ਬਹੁਤ ਘੱਟ ਕਲਮਾਂ ਅਤੇ ਅਵਾਜ਼ਾਂ ਦੇ ਹਿੱਸੇ ਆਉਂਦੀਆਂ ਹਨ।

ਇਕ ਹੱਥ ਵਿਚ ਰਾਈਫ਼ਲ ਫੜਕੇ ਦੇਸ਼ ਦੀ ਰਾਖੀ ਕਰ ਰਹੇ ਅਤੇ ਦੂਜੇ ਹੱਥ ਵਿਚ ਮਿਆਰੀ, ਨਿੱਗਰ ਤੇ ਉਸਾਰੂ ਕਲਮ ਫੜ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਇਸ ਮਾਣ-ਮੱਤੇ ਸੁਹਣੇ-ਸੁਨੱਖੇ ਗੱਭਰੂ ਗੁਰਜੰਟ ਸਿੰਘ ਪਟਿਆਲਾ ਲਈ ਆਓ ਸਾਰੇ ਰਲ਼ਕੇ ਓਸ ਮਾਲਕ ਨੂੰ ਸੱਚੇ ਹਿਰਦੇ 'ਚੋਂ ਦੁਆਵਾਂ, ਜੋਦੜੀਆਂ ਤੇ ਅਰਦਾਸਾਂ ਕਰੀਏ ਕਿ ਉਸ ਦੀ ਕਲਮ ਦਾ ਪਰਵਾਹ ਇਸੇ ਤਰਾਂ ਨਿਰਵਿਘਨ ਵਗਦਾ ਰਵੇ ! ਉਸ ਦਾ ਗਲ਼ਾ ਫੁੱਲਾਂ ਦੇ ਹਾਰਾਂ ਨਾਲ਼ ਅਤੇ ਉਸ ਦੀ ਝੋਲ਼ੀ ਮਾਨਾਂ-ਸਨਮਾਨਾਂ ਨਾਲ਼ ਨੱਕੋ-ਨੱਕ ਭਰ ਜਾਵੇ ! ਉਹ ਹਨੇਰੇ ਵਿਚ ਵੀ ਹੱਥ ਪਾਵੇ, ਉਸ ਦਾ ਹੱਥ ਖਾਲੀ ਨਾ ਮੁੜੇ, ਭਰਿਆ ਹੀ ਆਵੇ!

ਤਿਰੇ ਬੋਲਾਂ ਦੀ ਕੇਹੀ ਸੁਰ਼ਖ ਲੋਅ

ਡਾ. ਹਰਦੀਪ ਕੌਰ ਸੰਧੂ
(ਆਸਟ੍ਰੇਲੀਆ)

ਨਿੱਖਰੀ ਜਿਹੀ ਸੁਆਦਲੀ ਰੁੱਤ ਸੀ। ਮੇਘੇ ਨੂੰ ਸ਼ਾਇਦ ਅਗਾਉਂ ਹੀ ਫ਼ੁਰਮਾਨ ਹੋ ਗਿਆ ਸੀ ਬਰਸਣ ਦਾ। ਅੰਬਰ 'ਤੇ ਛਾਏ ਸੁਰਮਈ ਬੱਦਲਾਂ 'ਚੋਂ ਹੁਣ ਹੰਸੂ - ਹੰਸੂ ਕਰਦੀਆਂ ਕਣੀਆਂ ਡਿੱਗਣ ਲੱਗੀਆਂ। ਹਵਾ ਦੇ ਬੁੱਲੇ ਸੰਗ ਆ ਰਹੀ ਸੀ ਨਿੰਮੀ-ਨਿੰਮੀ ਫ਼ੁਹਾਰ। ਓਸ ਫ਼ੁਹਾਰ 'ਚ ਹੁਣ ਹੌਲ਼ੇ -ਹੌਲ਼ੇ ਘੁਲ਼ ਰਿਹਾ ਸੀ ''ਮਹਿੰਦੀ ਰੰਗਾ'' ਗੀਤ ਜਿਸ ਨੂੰ ਸੁਣਦਿਆਂ ਬੜਾ ਹੀ ਅਨੰਦ ਆ ਰਿਹਾ ਸੀ।ਵਿਸਮਾਦੀ ਜਿਹਾ ਸਮਾਂ ਆਪਣਾ ਹੀ ਰੰਗ ਬੰਨ ਰਿਹਾ ਸੀ। ਇਹ ਗੀਤ ਸੇਵਕ ਸਿੰਘ ਦੀ ਕਲਮ 'ਚੋਂ ਉਪਜ ਗੁਰਲਗਨ ਦੀ ਆਵਾਜ਼ ਨਾਲ਼ ਰਲ਼ ਕੇ ਅੱਜ ਹਰ ਇੱਕ ਦੇ ਦਿਲ ਨੂੰ ਟੁੰਬ ਰਿਹਾ ਸੀ।

ਮਹਿੰਦੀ ਦੇ ਸੂਹੇ ਤੇ ਸਾਵੇ ਰੰਗ ਨੇ ਚੁਫ਼ੇਰੇ ਦਾ ਰੌਅ ਬਦਲ ਦਿੱਤਾ ਸੀ। ਗੀਤ ਦੇ ਬਿਰਕਦੇ ਬੋਲਾਂ ਨੂੰ ਸਿੱਜਦਾ ਕਰਦਾ ਮਨ ਪੈਲਾਂ ਪਾਉਣ ਲਈ ਬੇਕਾਬੂ ਹੁੰਦਾ ਜਾਪ ਰਿਹਾ ਸੀ। ਉਸ ਦੀ ਰਸੀਲੀ ਆਵਾਜ਼ ਦਾ ਜਾਦੂ ਰੂਹ ਨੂੰ ਸਰਸ਼ਾਰ ਕਰ ਰਿਹਾ ਸੀ। ਇਉਂ ਲੱਗ ਰਿਹਾ ਸੀ ਕਿ ਜਿਵੇਂ ਕਣੀਆਂ ਦੀ ਥਾਪ ਸੰਗ ਘੁਲ਼ਦੇ ਉਸ ਦੇ ਵੰਝਲੀ ਵਰਗੇ ਬੋਲ ਕੰਨਾਂ 'ਚ ਮਿਸ਼ਰੀ ਘੋਲ਼ ਰਹੇ ਹੋਣ।

ਕਹਿੰਦੇ ਨੇ ਕਿ ਜਿਵੇਂ ਅੰਬਰ ਤੇ ਤਾਰਿਆਂ ਸੰਗ ਨਿੱਤ ਕਰੀਏ ਅਸਾਂ ਮੁਲਾਕਾਤ, ਨਾ ਵੇਖੀਏ ਦਿਨ ਤੇ ਨਾ ਰਾਤ। ਸਾਡੇ ਮਿਲਾਪ ਦਾ ਸਬੱਬ ਸ਼ਾਇਦ ਇੰਝ ਹੀ ਬਣਿਆ ਸੀ। ਕਿਸੇ ਨੂੰ ਜਾਨਣ ਲਈ ਕਈ ਵਾਰ ਰਸਮੀ ਮੁਲਾਕਾਤ ਜ਼ਰੂਰੀ ਵੀ ਨਹੀਂ ਹੁੰਦੀ।ਗੁਰਲਗਨ ਨੂੰ ਮੈਂ ਪੰਜਾਬੀ ਲੋਕਧਾਰਾ ਰਾਹੀਂ ਕਈ ਵਰ੍ਹਿਆਂ ਤੋਂ ਜਾਣਦੀ ਸਾਂ। ਉਹ ਇੱਕ ਆਦਰਸ਼ ਅਧਿਆਪਕਾ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਖਿੜੇ ਮੱਥੇ ਜੀ ਆਇਆਂ ਕਹਿੰਦੀ ਹੈ। ਆਪਣੀ ਉਭਰਦੀ ਗਾਇਨ ਕਲਾ ਨਾਲ਼ ਉਸ ਨੇ ਸਰੋਤਿਆਂ 'ਚ ਪਹਿਲਾਂ ਹੀ ਥਾਂ ਬਣਾ ਲਈ ਸੀ ਜਦੋਂ ਕਦੇ ਉਹ ਸੁਰਿੰਦਰ ਕੌਰ ਦਾ ਗੀਤ 'ਮਹਿਰਮ ਦਿਲਾਂ ਦੇ ਮਾਹੀ ਮੋੜੇਗਾ ਕਦ ਮੁਹਾਰਾਂ' ਤੇ ਕਦੇ ਫ਼ਰਾਹ ਅਨਵਰ ਦਾ ਕੋਈ ਪਾਕਿਸਤਾਨੀ ਗੀਤ 'ਹੁਣ ਮੇਰੇ ਕੋਲੋਂ ਨਹੀਓਂ ਦੁੱਖ ਹੁੰਦੇ ਸਹਿਣ ਵੇ' ਆਪਣੇ ਹੀ ਅੰਦਾਜ਼ ਪੇਸ਼ ਕਰਦੀ ਹੈ। ਉਹ ਸਦਾ ਹੰਸੂ -ਹੰਸੂ ਕਰਦੀ ਰਹਿੰਦੀ ਹੈ

ਸੰਕੇਤ-ਲਿਪੀ ਦਾ ਸੰਖੇਪ ਇਤਿਹਾਸ

ਇੰਸ.ਗੁਰਪ੍ਰੀਤ ਸਿੰਘ ਚੰਬਲ
91-.98881-40052

ਮਨੁੱਖੀ ਸੱਭਿਅਤਾ ਵਾਂਗ ਮਨੁੱਖੀ ਭਾਸ਼ਾਵਾਂ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਮਨੁੱਖੀ ਦਿਮਾਗ ਦੇ ਵਿਕਾਸ ਦੇ ਨਾਲ-ਨਾਲ ਭਾਸ਼ਾਵਾਂ ਦਾ ਵਿਕਾਸ ਵੀ ਪੜਾਅ-ਦਰ- ਪੜਾਅ ਹੁੰਦਾ ਆਇਆ ਹੈ। ਭਾਸ਼ਾਵਾਂ ਨੂੰ ਸੰਕੇਤਕ ਰੂਪ ਵਿੱਚ ਲਿਖਣ ਲਈ ਸੰਕੇਤ-ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਹਰ ਇੱਕ ਭਾਸ਼ਾ ਦੀ ਆਪਣੀ ਇੱਕ ਸੰਕੇਤ-ਲਿਪੀ ਹੁੰਦੀ ਹੈ। ਸੰਕੇਤ-ਲਿਪੀ ਦੇ ਅੰਤਰਗਤ ਕਿਸੇ ਵੀ ਭਾਸ਼ਾ ਨੂੰ ਤੇਜ਼ ਗਤੀ ਨਾਲ ਲਿਖਣ ਲਈ ਨਿਸ਼ਚਿਤ ਕੀਤੇ ਸੰਕੇਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਨੁੱਖੀ ਵਿਚਾਰਧਾਰਾ ਦੇ ਵਿਕਾਸ ਵਿੱਚ ਸੰਕੇਤ ਲਿਪੀ ਨੇ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਨਿਊਯਾਰਕ ਦੇ ਸਕੂਲ ਆਫ ਐਜੂਕੇਸ਼ਨ ਦੇ ਪ੍ਰੋਫੈਸਰ 'ਹੈਲਨ ਰੈਨਲਡਜ਼' ਅਨੁਸਾਰ ਈਸਾ ਤੋਂ ਪਹਿਲਾਂ ਵੀ ਸੰਕੇਤ-ਲਿਪੀ ਦੀ ਵਰਤੋਂ ਕੀਤੀ ਜਾਂਦੀ ਸੀ। ਹੈਲਨ ਅਨੁਸਾਰ ਯੂਨਾਨ ਵਿੱਚ ਭਾਸ਼ਨਾਂ ਅਤੇ ਕਵਿਤਾਵਾਂ ਨੂੰ ਸੰਕੇਤ ਲਿਪੀ ਵਿੱਚ ਨੋਟ ਕੀਤਾ ਜਾਂਦਾ ਸੀ। ਇਤਿਹਾਸਕ ਸਰੋਤਾਂ ਅਨੁਸਾਰ ਦੁਨੀਆ ਦਾ ਪਹਿਲਾ ਸਟੈਨੋਗ੍ਰਾਫਰ 'ਮਾਰਕਸ ਟੂਲੀਅਸ ਟੀਰੋ' ਹੋਇਆ ਹੈ ਜਿਸ ਨੇ 63 ਪੂਰਵ ਈਸਾ ਵਿੱਚ ਸਿਸਰੋ ਅਤੇ ਯੰਗਰ ਕੈਟੋ ਦੇ ਭਾਸ਼ਨਾਂ ਨੂੰ ਸੰਕੇਤ ਲਿਪੀ ਵਿੱਚ ਲਿਪੀਬੱਧ ਕੀਤਾ ਸੀ। ਕਿਹਾ ਜਾਂਦਾ ਹੈ ਕਿ ਮਾਰਕਸ ਦੇ ਇਹ ਨੋਟ ਹੀ ਅੱਗੇ ਜਾ ਕੇ ਸੰਕੇਤ ਲਿਪੀਆਂ ਲਈ ਆਧਾਰਭੂਤ ਸਮੱਗਰੀ ਬਣੇ। ਮਾਰਕਸ ਦਾ ਸੰਕੇਤ ਪੀ ਦਾ ਸਿਧਾਂਤ ਵਰਣ-ਵਿਨਿਆਸ ਸਿਧਾਂਤ ਉੱਤੇ ਆਧਾਰਿਤ ਸੀ।

ਰੋਮਨ ਸਕਾਲਰਾਂ ਨੇ ਵੀ ਸੰਕੇਤ-ਲਿਪੀ ਦੀ ਪ੍ਰਣਾਲੀ ਨੂੰ ਅਪਣਾਇਆ ਅਤੇ ਉਨ੍ਹਾਂ ਨੇ ਇਹ ਵਿਧੀ ਭਾਸ਼ਨਾਂ ਜਾਂ ਕਾਰਵਾਈਆਂ ਨੂੰ ਨੋਟ ਕਰਨ ਲਈ ਵਰਤੀ। ਬ੍ਰਿਟਿਸ਼ ਅਜਾਇਬ-ਘਰ ਵਿੱਚ ਖਰੜਾ ਨੰਬਰ 18231 ਮਿਲਦਾ ਹੈ ਜੋ ਕਿ 972 ਈਸਵੀ ਦਾ ਹੈ ਇਸ ਖਰੜੇ ਵਿੱਚ ਵੀ ਸੰਕੇਤ-ਲਿਪੀ ਦੇ ਨੋਟ ਮਿਲਦੇ ਹਨ ਡਾ. ਟਿਮੋਥੀ ਬ੍ਰਾਈਟ ਨੂੰ ਨਵੀਨ ਸੰਕੇਤ-ਲਿਪੀ ਦਾ ਮੋਢੀ ਕਿਹਾ ਜਾਂਦਾ ਹੈ ਉਸ ਨੇ 1588 ਈਸਵੀ ਵਿੱਚ 'ਐਨ ਆਰਟ ਆਫ ਸ਼ਾਰਟ ਸਵਿਫਟ ਐਂਡ ਸੀਕ੍ਰੇਟ ਰਾਈਟਿੰਗ ਕਰੈਕਟਰ' ਨਾਮ ਦੀ ਕਿਤਾਬ ਰਚ ਕੇ ਸੰਕੇਤ-ਲਿਪੀ ਦੀਆਂ ਨਵੀਆਂ ਲੀਹਾਂ ਦੀ ਬੁਨਿਆਦ ਕਾਇਮ ਕੀਤੀ ਇਸ ਪੁਸਤਕ ਵਿਚਲੀ ਸੰਕੇਤ-ਲਿਪੀ ਪ੍ਰਣਾਲੀ ਨੂੰ ਬ੍ਰਾਈਟ ਪ੍ਰਣਾਲੀ ਕਿਹਾ ਜਾਂਦਾ ਹੈ। ਬ੍ਰਾਈਟ ਨੇ ਆਪਣੀ ਇਹ ਪੁਸਤਕ ਇੰਗਲੈਂਡ ਦੀ ਤਤਕਾਲੀ ਮਲਿਕਾ ਮਹਾਰਾਣੀ 'ਅਲਿਜਾਬੈਥ' ਨੂੰ ਸਮਰਪਿਤ ਕੀਤੀ। ਜਾਨ ਵਿਲੀਅਸ ਨੇ 'ਆਰਟ ਆਫ ਸਟੈਨੋਗ੍ਰਾਫੀ' ਨਾਮ ਦੀ ਪੁਸਤਕ ਦੀ ਰਚਨਾ ਕੀਤੀ ਜੋ ਕਿ ਵਰਣ-ਵਿਨਿਆਸ ਸਿਧਾਂਤ ਤੇ ਆਧਾਰਿਤ ਸੀ ਅਤੇ ਇਸ ਵਿੱਚ ਅੱਖਰ ਪ੍ਰਧਾਨ ਸਨ ਅਤੇ ਸਵਰਾਂ ਨੂੰ ਬਹੁਤੀ ਵਿਸ਼ੇਸ਼ ਥਾਂ ਹਾਸਿਲ ਨਹੀਂ ਸੀ। ਸਮੇਂ ਦੇ ਨਾਲ-ਨਾਲ ਸੰਕੇਤ-ਲਿਪੀ ਦੇ ਖੇਤਰ ਵਿੱਚ ਵੀ ਬਹੁਤ ਸਾਰੇ ਵਿਦਵਾਨਾਂ ਅਤੇ ਭਾਸ਼ਾ ਵਿਗਿਆਨੀਆਂ ਨੇ ਖੋਜ ਅਤੇ ਮਹੱਤਵਪੂਰਨ ਪ੍ਰਣਾਲੀਆਂ ਦਾ ਅਧਿਐਨ ਕੀਤਾ ਹੈ। ਵਿਸ਼ਵ ਵਿੱਚ ਅਜੋਕੇ ਸਮੇਂ ਵੀ ਸੰਕੇਤ-ਲਿਪੀ ਨਾਲ ਸਬੰਧਤ ਅਨੇਕਾਂ ਪ੍ਰਣਾਲੀਆਂ ਪ੍ਰਚਲਿਤ ਹਨ ਜੇਕਰ ਗੱਲ ਜਾਨ ਬ੍ਰਾਈਮ ਦੀ ਪੁਸਤਕ 'ਯੂਨੀਵਰਸਲ ਇੰਗਲਿਸ਼ ਸ਼ਾਰਟਹੈਂਡ' ਦੀ ਗੱਲ ਕਰੀਏ ਤਾਂ ਇਹ ਬਹੁਤ ਹੀ ਪ੍ਰਚੱਲਿਤ ਸੰਕੇਤ-ਲਿਪੀ ਪ੍ਰਣਾਲੀ ਵਾਲੀ ਪੁਸਤਕ ਬਣੀ ਜਾਨ ਬ੍ਰਾਈਮ ਨੇ ਇਸ ਦੀ ਰਚਨਾ 1767 ਈਸਵੀ ਵਿੱਚ ਕੀਤੀ। ਉਸ ਨੇ ਆਪਣੀ ਇਸ ਪੁਸਤਕ ਵਿੱਚ ਰੇਖਾਵਾਂ ਨੂੰ ਲਿਖਣ ਵੇਲੇ ਉਨ੍ਹਾਂ ਦੀ ਮੁੱਢਲੀ ਸਥਿਤੀ ਅਤੇ ਉਨ੍ਹਾਂ ਦੇ ਸਥਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਵਿਅੰਜਨ ਰੇਖਾਵਾਂ ਨਾਲ ਸਵਰ ਲਾਉਣ ਲਈ ਪੰਜ ਸਥਾਨ ਨਿਯੁਕਤ ਕੀਤੇ।1786 ਈਸਵੀ ਵਿੱਚ 'ਸੈਮੂਅਲ ਟੇਲਰ' ਨਾਂ ਦੇ ਵਿਅਕਤੀ ਨੇ ਆਪਣੀ ਇੱਕ ਕਿਤਾਬ ਸੰਕੇਤ ਲਿਪੀ ਦੇ ਨਿਯਮਾਂ ਨੂੰ ਦਰਸਾਉਂਦੀ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਉਸ ਨੇ ਹਰ ਇੱਕ ਅੱਖਰ ਲਈ ਇੱਕ ਵਿਸ਼ੇਸ਼ ਖਾ ਨੂੰ ਨਿਸ਼ਚਿਤ ਕੀਤਾ ਅਤੇ ਟੇਲਰ ਦੀ ਇਹ ਵਿਧੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਮਕਬੂਲ ਹੋਈ।

ਧੁਨੀ ਪ੍ਰਣਾਲੀ ਦੇ ਖੇਤਰ ਉੱਤੇ ਜੇ ਗਹੁ ਨਾਲ ਵਿਚਾਰ ਕੀਤੀ ਜਾਵੇ ਤਾਂ ਇਹ ਵੇਖਣ ਵਿੱਚ ਆਉਂਦਾ ਹੈ ਕਿ ਧੁਨੀ ਪ੍ਰਣਾਲੀ ਦਾ ਮੁੱਢ 1750 ਈਸਵੀ ਵਿੱਚ ਇੰਗਲੈਂਡ ਵਿੱਚ ਬੱਝਾ। ਧੁਨੀਆਤਮਕ ਪ੍ਰਣਾਲੀ ਦਾ ਸੰਸਾਰ ਵਿੱਚ ਪਹਿਲਾ ਕਰਤਾ-ਧਰਤਾ ਵਿਲੀਅਮ ਟਿਫਿਨ ਹੋਇਆ ਹੈ ਅਤੇ ਇਸ ਤੋਂ ਬਾਅਦ ਵੱਖ-ਵੱਖ ਮੁਲਕਾਂ ਦੇ ਅਨੇਕਾਂ ਭਾਸ਼ਾ ਵਿਗਿਆਨੀਆਂ ਅਤੇ ਵਿਦਵਾਨਾਂ ਨੇ ਧੁਨੀ ਪ੍ਰਣਾਲੀ ਦੇ ਵਿੱਚ ਅਨੇਕਾਂ ਖੋਜਾਂ ਕੀਤੀਆਂ ਪਰ ਸੰਕੇਤ ਲਿਪੀ ਦੇ ਖੇਤਰ ਵਿੱਚ ਸ਼ੁਰੂਆਤ ਤੋਂ ਲੈ ਕੇ ਜੇ ਹੁਣ ਤੱਕ ਦੇ ਸਮੇਂ ਨੂੰ ਦੇਖਿਆ ਜਾਵੇ ਤਾਂ 'ਸਟੈਨੋਗ੍ਰਾਫਿਕ ਸਾਊਂਡਹੈਂਡ' ਪੁਸਤਕ ਦੇ ਕਰਤਾ "ਸਰ ਆਈਜ਼ੈਕ ਪਿਟਮੈਨ" ਨੂੰ ਸੰਕੇਤ-ਲਿਪੀ ਦਾ ਵਿਸ਼ਵ-ਵਿਆਪਕ ਪਿਤਾਮਾ ਮੰਨਿਆ ਜਾਂਦਾ ਹੈ। ਪਿਟਮੈਨ ਨੇ ਜਿਸ ਪ੍ਰਣਾਲੀ ਨੂੰ ਸੰਕੇਤ-ਲਿਪੀ ਵਿੱਚ ਅਪਣਾਇਆ ਸੰਕੇਤ-ਲਿਪੀ ਦੇ ਖੇਤਰ ਵਿੱਚ ਨਵੀਨ ਯੁੱਗ ਵਿੱਚ ਵੀ ਉਹੀ ਪ੍ਰਣਾਲੀ ਸਰਬ- ਵਿਆਪਕ ਹੋਈ ਹੈ।

ਪਿਟਮੈਨ ਆਧਾਰਿਤ ਸੰਕੇਤ-ਲਿਪੀ ਵਿੱਚ ਹਰ ਅੱਖਰ ਦੀ ਧੁਨੀ ਦੇ ਆਧਾਰ ਤੇ ਇੱਕ ਨਿਸ਼ਚਿਤ ਰੇਖਾ ਨਿਰਧਾਰਿਤ ਕੀਤੀ ਗਈ ਹੈ ਅਤੇ ਰੇਖਾਵਾਂ ਗਣਿਤ ਦੇ ਰੂਪਾਂ ਦੇ ਆਧਾਰ ਤੇ ਬਣਾਈਆਂ ਗਈਆਂ ਹਨ। ਪਿਟਮੈਨ ਪ੍ਰਣਾਲੀ ਇਸ ਤੋਂ ਪਹਿਲਾਂ ਈਜਾਦ ਹੋਈਆਂ ਪ੍ਰਣਾਲੀਆਂ ਤੋਂ ਜ਼ਿਆਦਾ ਮਕਬੂਲ ਪ੍ਰਣਾਲੀ ਮੰਨੀ ਜਾਂਦੀ ਹੈ।

ਸੰਕੇਤ ਲਿਪੀ ਦਾ ਜ਼ਿਕਰ ਕਰਦੇ ਹੋਏ ਇਸ ਗੱਲ ਵੱਲ ਵੀ ਗੌਰ ਕਰਨ ਦੀ ਜ਼ਰੂਰਤ ਹੈ ਕਿ ਦੁਨੀਆ ਵਿੱਚ ਪਹਿਲੀ ਵਾਰ ਸੰਕੇਤ-ਲਿਪੀ ਦਾ ਪ੍ਰਯੋਗ ਅਦਾਲਤਾਂ ਦੇ ਖੇਤਰ ਵਿੱਚ 1649 ਈਸਵੀ ਵਿੱਚ ਜਾਨ ਲਿਲਬਰਨ ਨੇ ਅਦਾਲਤੀ ਮੁਕੱਦਮੇ ਨੂੰ ਨੋਟ ਕਰਨ ਲਈ ਕੀਤਾ ਪ੍ਰੰਤੂ ਦੂਜੇ ਪਾਸੇ ਸਰਕਾਰੀ ਦਸਤਾਵੇਜ਼ਾਂ ਨੂੰ ਘੋਖਣ ਉਪਰੰਤ ਇਹ ਸਾਹਮਣੇ ਆਉਂਦਾ ਹੈ ਕਿ ਥਾਮਸ ਗੁਰਨੀ ਨੂੰ 1738 ਈਸਵੀ ਵਿੱਚ ਬਤੌਰ ਸਰਕਾਰੀ ਸਟੈਨੋਗ੍ਰਾਫਰ ਓਲਡ ਬੇਲੀ ਦੀ ਕ੍ਰਿਮੀਨਲ ਅਦਾਲਤ ਵਿੱਚ ਨਿਯੁਕਤ ਕੀਤਾ ਗਿਆ ਅਤੇ ਕਿਹਾ ਜਾਂਦਾ ਹੈ ਕਿ ਥਾਮਸ ਗੁਰਨੀ ਉਹ ਪਹਿਲਾ ਇਨਸਾਨ ਸੀ ਜਿਸ ਨੂੰ ਸੰਕੇਤ-ਲਿਪੀ ਦਾ ਦਫਤਰੀ ਪ੍ਰਯੋਗ ਕਰਨ ਲਈ ਸਰਕਾਰੀ ਤੌਰ ਤੇ ਮਾਨਤਾ ਮਿਲੀ ਸੀ। ਸਾਡੇ ਮਹਾਨ ਦੇਸ਼ ਭਾਰਤ ਵਿੱਚ ਵੀ ਹਰੇਕ ਪ੍ਰਾਂਤ ਦੇ ਸਰਕਾਰੀ-ਤੰਤਰ ਵਿੱਚ ਪਿਟਮੈਨ ਸ਼ਾਰਟਹੈਂਡ ਪ੍ਰਣਾਲੀ ਆਧਾਰਿਤ ਸੰਕੇਤ-ਲਿਪੀ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੇ ਗੱਲ ਪੰਜਾਬੀ ਭਾਸ਼ਾ ਆਧਾਰਿਤ ਸੰਕੇਤ-ਲਿਪੀ ਦੀ ਕਰੀਏ ਤਾਂ ਇਸ ਵਿੱਚ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਪਿਟਮੈਨ ਪ੍ਰਣਾਲੀ ਵਾਲੇ ਸਿਧਾਂਤ ਹੀ ਅਪਣਾਏ ਗਏ ਹਨ ਪ੍ਰੰਤੂ ਸੰਕੇਤ-ਲਿਪੀ ਦੇ ਵਿਦਵਾਨਾਂ ਅਨੁਸਾਰ ਭਾਸ਼ਾ ਦੀਆਂ ਬਰੀਕੀਆਂ ਅਤੇ ਲੋੜੀਂਦੇ ਸ਼ਬਦ-ਜੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੋੜ ਅਨੁਸਾਰ ਸ਼ਬਦ ਚਿੰਨ੍ਹਾਂ,ਸੰਖਿਪਤ ਸ਼ਬਦਾਂ,ਕਾਟਵੀਆਂ ਰੇਖਾਵਾਂ ਅਤੇ ਵਾਕੰਸ਼ਾਂ ਦੀ ਵਰਤੋਂ ਦੇ ਸਿਧਾਂਤ ਵੀ ਪੰਜਾਬੀ ਸੰਕੇਤ-ਲਿਪੀ ਵਿੱਚ ਈਜਾਦ ਕੀਤੇ ਗਏ ਹਨ।

ਪੰਜਾਬੀ ਸੰਕੇਤ-ਲਿਪੀ ਦੇ ਇਤਿਹਾਸ ਵਿੱਚ ਸਭ ਤੋਂ ਪਹਿਲਾ ਨਾਮ 'ਕੰਵਰ ਰਾਬਿੰਦਰ ਸਿੰਘ' ਦਾ ਆਉਂਦਾ ਹੈ ਜਿਨ੍ਹਾਂ ਨੇ 15 ਫਰਵਰੀ 1948 ਵਿੱਚ ਪਿਟਮੈਨ ਪ੍ਰਣਾਲੀ ਵਿੱਚ ਨਿਰਧਾਰਿਤ ਰੇਖਾਵਾਂ ਦੀ ਦਿਸ਼ਾ ਤੋਂ ਉਲਟ ਦਿਸ਼ਾ ਦਰਸਾਉਂਦੀ ਰਾਬਿੰਦਰਾ ਗੁਰਮੁੱਖੀ ਸ਼ਾਰਟਹੈਂਡ ਨਾਂ ਦੀ ਪੁਸਤਕ ਦੀ ਰਚਨਾ ਕੀਤੀ। ਕੰਵਰ ਰਾਬਿੰਦਰ ਸਿੰਘ ਭਾਸ਼ਾ ਵਿਭਾਗ ਪੰਜਾਬ ਵਿੱਚ ਇੰਸਟ੍ਰਕਟਰ,ਸੁਪਰਵਾਈਜ਼ਰ ਅਤੇ ਖੋਜ ਅਫਸਰ(ਸਟੈਨੋਗ੍ਰਾਫੀ) ਆਦਿ ਅਹੁਦਿਆਂ ਤੇ ਸੇਵਾ ਨਿਭਾਉਂਦੇ ਰਹੇ ਹਨ ਜਿਸ ਕਾਰਨ ਉਨ੍ਹਾਂ ਨੇ ਸੰਕੇਤ ਲਿਪੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤੋਂ ਇਲਾਵਾ ਪੰਜਾਬੀ ਸੰਕੇਤ-ਲਿਪੀ ਵਿੱਚ ਸਰਦੂਲ ਸੰਖੇਪ ਲਿਪੀ (1948) ਰਚੇਤਾ ਪ੍ਰੋਫੈਸਰ ਜੋਗਿੰਦਰ ਸਿੰਘKਸਰਦੂਲ ਸਿੰਘ, ਆਦਰਸ਼ ਪੰਜਾਬੀ ਸ਼ਾਰਟਹੈਂਡ (1963) ਰਚੇਤਾ ਸਰਦਾਰ ਮੰਗਲ ਸਿੰਘ ਗਿਆਨੀ, ਪਾਲ ਸੰਕੇਤ ਲਿਪੀ (1969) ਰਚੇਤਾ ਭੂਸ਼ਨ ਕੁਮਾਰ, ਨਵੀਨ ਪੰਜਾਬੀ ਸੰਕੇਤਕਰਨ (1971) ਰਚੇਤਾ ਕਰਤਾਰ ਸਿੰਘ ਐੱਮ.ਏ, ਸਰਨ ਸਤਿੰਦਰ ਪੰਜਾਬੀ ਸ਼ਾਰਟਹੈਂਡ (1976) ਰਚੇਤਾ ਸਰਦਾਰ ਰਾਜਿੰਦਰ ਸਿੰਘ ਬੀ. ਏ, ਸਿਸਟੇਮੈਟਿਕ ਪੰਜਾਬੀ ਸਟੈਨੋ ਅਧਿਆਪਕ (1988) ਰਚੇਤਾ ਸਰਦਾਰ ਅਮਰੀਕ ਸਿੰਘ ਐੱਮ.ਏ. ਆਦਿ ਵੱਖ-ਵੱਖ ਸਿਧਾਂਤਾਂ ਨੂੰ ਪ੍ਰਣਾਈਆਂ ਪੁਸਤਕਾਂ ਹੋਂਦ ਵਿੱਚ ਆਈਆਂ।

ਅਜੋਕੇ ਸਮੇਂ ਵਿੱਚ ਸਭ ਤੋਂ ਮਕਬੂਲ ਪੁਸਤਕ 'ਪ੍ਰਮਾਣਿਕ ਸੰਕੇਤ-ਲਿਪੀ' (1991) ਹੋਈ ਹੈ ਇਸ ਪੁਸਤਕ ਦੀ ਰਚਨਾ ਭਾਸ਼ਾ ਵਿਭਾਗ ਪੰਜਾਬ ਵਿੱਚ ਸਥਾਪਤ ਸਟੈਨੋਗ੍ਰਾਫੀ ਖੋਜ ਵਿੰਗ ਵੱਲੋਂ ਕੀਤੀ ਗਈ। ਪ੍ਰਮਾਣਿਕ ਸੰਕੇਤ-ਲਿਪੀ ਪੁਸਤਕ ਵਿੱਚ ਥ ਅਤੇ ਸ ਵਿਅੰਜਨ ਰੇਖਾ ਤੋਂ ਬਿਨਾਂ ਬਾਕੀ ਦੀਆਂ ਵਿਅੰਜਨ ਰੇਖਾਵਾਂ ਪਿਟਮੈਨ ਸ਼ਾਰਟਹੈਂਡ ਪ੍ਰਣਾਲੀ ਵਾਲੀਆਂ ਹੀ ਹਨ ਅਤੇ ਇਸ ਤੋਂ ਇਲਾਵਾ ਤ,ਥ,ਦ ਅਤੇ ਧ ਵਿਅੰਜਨ ਰੇਖਾਵਾਂ ਦੇ ਵਿਕਲਪੀ ਰੂਪ ਖੱਬਾ ਅਤੇ ਸੱਜਾ ਰੂਪ ਵਿੱਚ ਦਰਸਾਏ ਗਏ ਹਨ।

ਸੰਕੇਤ-ਲਿਪੀ ਦੇ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹੋਏ ਇੱਕ ਇਹ ਪਹਿਲੂ ਵੀ ਆਪ ਜੀ ਦੇ ਧਿਆਨ ਵਿੱਚ ਲਿਆ ਦਈਏ ਕਿ ਭਾਸ਼ਾ ਵਿਭਾਗ ਪੰਜਾਬ ਵਿੱਚ ਡਾਕਟਰ ਬ੍ਰਿਹਦਬਲ ਸ਼ਰਮਾ ਜੋ ਕਿ ਖੋਜ-ਅਫਸਰ ਸਟੈਨੋਗ੍ਰਾਫੀ ਦੀ ਆਸਾਮੀ ਤੇ ਕਾਰਜਸ਼ੀਲ ਰਹੇ ਹਨ ਉਨ੍ਹਾਂ ਦੁਆਰਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਸੰਕੇਤ-ਲਿਪੀ ਦਾ ਵਿਗਿਆਨਕ ਅਧਿਐਨ ਦੇ ਵਿਸ਼ਾ-ਵਿਸ਼ੇਸ਼ ਪ੍ਰਸੰਗ ਵਿੱਚ ਪੀ.ਐੱਚ.ਡੀ ਦੀ ਪਹਿਲੀ ਡਿਗਰੀ ਹਾਸਿਲ ਕਰਕੇ ਸੰਕੇਤ-ਲਿਪੀ ਦੇ ਖੇਤਰ ਵਿੱਚ ਇੱਕ ਮੀਲ-ਪੱਥਰ ਸਥਾਪਿਤ ਕੀਤਾ ਗਿਆ।

ਉਨ੍ਹਾਂ ਨੇ ਆਪਣੇ ਖੋਜ-ਕਾਰਜ ਵਿੱਚ ਸੰਕੇਤ-ਲਿਪੀ ਸਬੰਧੀ ਸਿੱਟੇ ਕੱਢਣ ਤੋਂ ਇਲਾਵਾ ਪੰਜਾਬੀ ਦੀਆਂ ਵਿਅੰਜਨ ਰੇਖਾਵਾਂ ਅਤੇ ਸਵਰ ਧੁਨੀਆਂ ਦੀ ਫਰੀਕੁਐਂਸੀ ਕੱਢਣ ਦਾ ਮਾਅਰਕਾ ਵੀ ਮਾਰਿਆ ਹੈ ਜਿਸ ਖੇਤਰ ਵਿੱਚ ਅੱਜ ਤੱਕ ਕਿਸੇ ਦਾ ਧਿਆਨ ਨਹੀਂ ਸੀ ਗਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਕਟਰ ਬ੍ਰਿਹਦਬਲ ਸ਼ਰਮਾ ਨੂੰ ਸੰਕੇਤ-ਲਿਪੀ ਵਿੱਚ ਪੀ.ਐੱਚ.ਡੀ ਕਰਨ ਦੇ ਇਵਜ਼ ਵਜੋਂ 1 ਨਵੰਬਰ 1992 ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਕਲਾਕਾਰ ਰੂਪੀ ਮਣਕਿਆਂ ਨੂੰ ਸੰਗਠਨ ਰੂਪੀ ਮਾਲਾ 'ਚ ਹਾਕਮ ਬਖਤੜੀਵਾਲਾ ਨੇ ਪ੍ਰੋਇਆ - ਅਮਰਿੰਦਰ ਬੌਬੀ

ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਪੱਤਰ ਪ੍ਰੇਰਕ ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਲੋਕ ਗਾਇਕ ਅਤੇ ਉੱਘੇ ਸ਼ਾਇਰ ਜਨਾਬ ਹਾਕਮ ਬਖਤੜੀਵਾਲਾ ਨੇ ਗਾਇਕੀ ਨਾਲ ਜੁੜੇ ਮਣਕਿਆਂ ਰੂਪੀ ਕਲਾਕਾਰਾਂ ਨੂੰ ਇੱਕ ਸੰਗਠਨ ਰੂਪੀ ਮਾਲਾ ਵਿੱਚ ਪ੍ਰੋਅ ਕੇ ਮੀਲ ਪੱਥਰ ਕਾਇਮ ਕੀਤਾ ਹੈ।

ਉਹਨਾਂ ਦੀ ਸੁਚੱਜੀ ਅਤੇ ਯੋਗ ਅਗਵਾਈ ਕੋਰੋਨਾ ਮਹਾਂਮਾਰੀ ਦੌਰਾਨ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ, ਵੀਡੀਓ ਕਲਾਕਾਰਾਂ, ਸ਼ਾਜ਼ੀਆ,ਡੀਜੇ ਕਲਾਕਾਰਾਂ,ਕੰਪਨੀਆਂ ਆਦਿ ਨਾਲ ਸਬੰਧਤ ਨੂੰ ਦਰਪੇਸ਼ ਸਥਿਤੀ, ਮਸਲਿਆਂ ਅਤੇ ਸਮੱਸਿਆਵਾਂ ਦੇ ਪੰਜਾਬ ਸਰਕਾਰ ਤੋਂ ਯੋਗ ਹੱਲ ਅਤੇ ਆਪਸ ਵਿੱਚ ਮਿਲਕੇ ਇੱਕ ਦੂਜੇ ਦੀ ਸਹਾਇਤਾ ਲਈ ਇਕੱਠੇ ਹੋ ਕੰਮ ਕਰਨ ਦੀ ਮੁਹਿੰਮ ਨੂੰ ਪੰਜਾਬ ਹੀ ਨਹੀਂ , ਦੁਨੀਆਂ ਭਰ ਚ ਸਹਿਯੋਗ ਮਿਲ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੰਚ ਦੀ ਪਟਿਆਲਾ ਇਕਾਈ ਦੇ ਪ੍ਰਧਾਨ ਅਮਰਿੰਦਰ ਬੌਬੀ(ਗਾਇਕ) ਅਤੇ ਗੀਤਕਾਰ ਸਤਨਾਮ ਸਿੰਘ ਮੱਟੂ ਪ੍ਰੈਸ ਸਕੱਤਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕੀਤਾ।

ਪ੍ਰਧਾਨ ਬਖਤੜੀਵਾਲਾ ਨੇ ਪੰਜਾਬ ਵਿੱਚ ਜ਼ਿਲ੍ਹਾ ਪੱਧਰ ਤੇ ਯੂਨਿਟ ਕਾਇਮ ਕੀਤੇ ਜਾ ਰਹੇ ਹਨ।ਸ਼ਾਹੀ ਸ਼ਹਿਰ ਪਟਿਆਲਾ ਦੀ ਇਕਾਈ ਲਈ ਗਾਇਕ ਅਮਰਿੰਦਰ ਬੌਬੀ ਨੂੰ ਇੰਟਰਨੈਸ਼ਨਲ ਲੋਕ ਗਾਇਕ ਕਲਾ ਮੰਚ ਪੰਜਾਬ ਦਾ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਹੈ। ਇਸਤੋਂ ਇਲਾਵਾ ਸਾਂਈ ਰਜਿੰਦਰ ਜੀ ਨੂੰ ਸਰਪ੍ਰਸਤ, ਭਗਵਾਨ ਦਾਸ ਗੁਪਤਾ ਨੂੰ ਚੇਅਰਮੈਨ, ਸੰਗੀਤਕਾਰ ਤੋਚੀ ਬਾਈ, ਸੋਨੂੰ ਅਤੇ ਜਤਿੰਦਰ ਰਾਜੀ ਨੂੰ ਸੀਨੀਅਰ ਮੀਤ ਪ੍ਰਧਾਨ, ਵਿਜੇ ਸ਼ਾਹ, ਪ੍ਰਵੀਨ ਬਜਾਜ ਅਤੇ ਹੈਰੀ ਡੀ ਜੇ ਨੂੰ ਮੀਤ ਪ੍ਰਧਾਨ, ਗੁਰਮੀਤ ਗੀਟਾ, ਬੌਬੀ ਪਟਿਆਲਵੀ ਅਤੇ ਅੰਗਰੇਜ਼ ਵਿਰਕ ਨੂੰ ਸਕੱਤਰ,ਨਵਲ ਕਿਸ਼ੋਰ ਅਤੇ ਸੌਕਤ ਅਲੀ ਨੂੰ ਜਨਰਲ ਸਕੱਤਰ, ਗੁਰਪ੍ਰੀਤ ਸਿੱਧੂ ਨੂੰ ਕੈਸ਼ੀਅਰ ਅਤੇ ਵਿਜੇ ਕੁਮਾਰ ਨੂੰ ਸਹਾਇਕ ਕੈਸ਼ੀਅਰ, ਅਵਤਾਰ ਸੋਹੀ, ਲਾਲ ਚੰਦ ਵਾਲਾ ਅਤੇ ਸੰਦੀਪ ਵਰਮਾ ਨੂੰ ਮੀਡੀਆ ਸਲਾਹਕਾਰ, ਇੰਜੀ.ਸਤਨਾਮ ਸਿੰਘ ਮੱਟੂ, ਅਸ਼ਵ

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404

Indian Restaurant
For Sale In Stockton
All Equipment & Fixtures Included
Listing Price: $149,900

Smoke Shop for Sale in Sacramento
Monthly Gross Sales: $50K
Listing Price: $89,000

Gas Station, Liquor Store,
Deli, & Laundromat!
In Contra Costa County, CA
Listing Price: $1,200,000

Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA

Liquor Store for Sale in Santa Clara
Monthly Gross Sale: $90K
Listing Price: $649,000 plus Inventory

Subway
for Sale in Sacramento
Listing Price: $224,900

Indian Restaurant
for Sale in Sacramento
Listing Price: $149,000

Coffee Shop for Sale
Monthly Gross Sales: $25,000
Listing Price: $150,000

7Eleven
7 Eleven Store For Sale in Antioch, CA
Listing Price: $550,000



3 Bedroom 1 Bath Home on
10 Acre Lot
Listing Price: $1,500,000

BERKSHIRE HATHAWAY BH HS HOMESERVICES

Elite Real Estate
Home Services

BERKSHIRE HATHAWAY

Have you been thinking of buying Rental Properties?

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

OFFICE: 7412 ELSIE AVE., SACRAMENTO, CA 95828

ਨੇਤਾ ਅਤੇ ਦਲਿਤ

ਵੋਟਾਂ ਲੈਣ ਲਈ ਉਨ੍ਹਾਂ ਦੀਆਂ,
ਨੇਤਾ ਦਲਿਤਾਂ ਦੇ ਘਰ ਜਾਣ ਬੇਲੀ।
ਰੋਟੀ ਖਾ ਕੇ, ਚਾਹ ਪੀ ਕੇ,
ਉਨ੍ਹਾਂ ਨਾਲ ਪਿਆਰ ਜਤਾਣ ਬੇਲੀ।
ਉਤੁਹਾਡੇ ਘਰਾਂ ਦੀ ਸੁਧਾਰਾਂਗੇ ਹਾਲਤ,"
ਹੋਰ ਕਈ ਲਾਰੇ ਲਾਣ ਬੇਲੀ।
ਦੋ ਹਜ਼ਾਰ ਦਾ ਨੋਟ ਦੇਣ ਚੁੱਪ ਕਰਕੇ,
ਜਦੋਂ ਉਨ੍ਹਾਂ ਦੇ ਘਰੋਂ ਜਾਣ ਬੇਲੀ।
ਵੋਟਾਂ ਉਨ੍ਹਾਂ ਦੀਆਂ ਪੁਆਣ ਲਈ,
ਘਰੋਂ ਉਨ੍ਹਾਂ ਨੂੰ ਖਿੱਚ ਲਿਆਣ ਬੇਲੀ।
ਵੋਟਾਂ ਪੈਣ ਪਿੱਛੋਂ ਜਾ ਮੰਦਰ,
ਜਿੱਤ ਲਈ ਅਰਦਾਸ ਕਰਾਣ ਬੇਲੀ।
ਵੋਟਾਂ ਦੀ ਗਿਣਤੀ ਪਿੱਛੋਂ ਜਿੱਤ ਕੇ,
ਖੁਸ਼ੀ ਵਿੱਚ ਢੋਲ ਵਜਾਣ ਬੇਲੀ।
ਦਾਣੇ ਤੇ ਦਾਲਾਂ ਮੁਫਤ ਦੇ ਕੇ,
ਉਨ੍ਹਾਂ ਨੂੰ ਵਿਹਲੜ ਬਣਾਣ ਬੇਲੀ।
ਨੇਤਾਵਾਂ ਦੀ ਇਸ ਪਾਲਿਸੀ ਨਾਲ,
ਦਲਿਤ ਬੇਰੁਜ਼ਗਾਰ ਰਹਿ ਜਾਣ ਬੇਲੀ।
ਆਪਣੀ ਪਾਲਿਸੀ ਨੂੰ ਸਫਲ ਹੁੰਦਾ ਦੇਖ,
ਕੱਠੇ ਹੋ ਕੇ ਨੇਤਾ ਮੁਸਕਾਣ ਬੇਲੀ।
ਆਪ ਹੀ ਦਲਿਤਾਂ ਨੂੰ ਜਾਗਣਾ ਪੈਣਾਂ,
ਕਿਸੇ ਆਣਾ ਨਾ ਉਨ੍ਹਾਂ ਨੂੰ ਜਗਾਣ ਬੇਲੀ।

ਮਹਿੰਦਰ ਸਿੰਘ ਮਾਨ
91-99158-03554

ਸਰਾਭਾ

ਇੱਕ ਸਿਦਕੀ ਸਰਦਾਰ ਸਰਾਭਾ।
ਯੋਧਾ ਸੀ ਕਰਤਾਰ ਸਰਾਭਾ।

ਸਾਹਿਬ ਕੁਰ ਦੇ ਘਰ ਸੀ ਜੰਮਿਆ
ਹਰ ਪੱਖੋਂ ਹੁਸ਼ਿਆਰ ਸਰਾਭਾ।

ਪਿੰਡ ਸਰਾਭੇ ਵਿੱਚ ਸੀ ਪਲਿਆ
ਆਜ਼ਾਦੀ ਅਵਤਾਰ ਸਰਾਭਾ।

ਉਮਰ ਨਿਆਣੀ ਤਾਂ ਕੀ ਹੋਇਆ
ਘਾਤਕ ਸੀ ਹਥਿਆਰ ਸਰਾਭਾ।

ਜਿਸਨੂੰ ਸੁਣਕੇ ਵੈਰੀ ਕੰਬੇ
ਐਸੀ ਸੀ ਲਲਕਾਰ ਸਰਾਭਾ।

ਵੈਰੀ ਦਾ ਤਦ ਬਚਣਾ ਮੁਸ਼ਕਿਲ
ਕਰਦਾ ਸੀ ਜਦ ਵਾਰ ਸਰਾਭਾ।

ਖੁਦ ਦਾ ਚਿੱਤ ਸੀ ਰਾਜ਼ੀ ਕਰਦਾ
ਦੁਸ਼ਮਣ ਦੀ ਲੈ ਸਾਰ ਸਰਾਭਾ।

ਦੇਸ਼ ਲਈ ਜੋ ਆਹੂ ਲਾਹਵੇ
ਐਸੀ ਸੀ ਤਲਵਾਰ ਸਰਾਭਾ।

ਤੂਫ਼ਾਨਾਂ ਦਾ ਡਰ ਨਾ ਜਿਸਨੂੰ
ਐਸਾ ਸ਼ਾਹ ਅਸਵਾਰ ਸਰਾਭਾ।

- ਹਰਦੀਪ ਬਿਰਦੀ
91-90416-00900

ਅਣਜੰਮੀ ਧੀ ਦੀ ਪੁਕਾਰ

ਸੁਣ ਰਹੀ ਹੈਂ ਨਾ ਮੇਰੀ ਮਾਂ
ਮੈਂ ਤਰਲੇ ਲੈ ਰਹੀ ਹਾਂ
ਮੈਨੂੰ ਕੁੱਖ ਵਿੱਚ ਨਾ ਮਾਰੀਂ ਮਾਂ
ਮੇਰਾ ਵੀ ਜੀਅ ਕਰਦਾ ਹੈ
ਮੈਂ ਵੀ ਦੁਨੀਆਂ ਦੇਖਾਂ
ਕਿੰਨੀ ਹੁਸੀਨ ਹੋਏਗੀ
ਇਹ ਦੁਨੀਆਂ
ਮਾਂ ਮੈਨੂੰ ਨਾ ਮਾਰੀ
ਤੂੰ ਵੀ ਤੇ ਕਿਸੇ ਦੀ ਧੀ ਸੀ
ਫਿਰ ਕਿਉਂ ਮੈਨੂੰ ਮਾਰਨਾ ਚਾਹੁੰਦੇ ਹੋ
ਕੀ ਕਸੂਰ ਹੈ ਮਾਂ ਮੇਰਾ
ਮਾਂ ਮੈਨੂੰ ਆਉਣ ਦੇ
ਦੁਨੀਆਂ ਤੇ
ਮੈਂ ਕਦੀ ਤੈਨੂੰ ਤੰਗ ਨਹੀਂ ਕਰਾਂਗੀ
ਨਵੇਂ ਕੱਪੜੇ ਖਿਡੌਣੇ ਨਹੀਂ ਮੰਗਾਂਗੀ
ਬਹੁਤ ਪੜ੍ਹਾਈ ਕਰਾਂਗੀ
ਨੌਕਰੀ ਕਰਾਂਗੀ
ਮੁੰਡਿਆਂ ਤੋਂ ਵੱਧ ਕੇ
ਸੱਭ ਦੀ ਸੇਵਾ ਕਰਾਂਗੀ
ਮੈਂ ਸੱਭ ਦਾ ਪਿਆਰ ਪਾਉਣਾ ਚਾਹੁੰਦੀ ਹਾਂ
ਕਦੀ ਕਿਸੇ ਗੱਲ ਦੀ ਜ਼ਿਦ ਨਹੀਂ ਕਰਾਂਗੀ
ਮਾਂ ਤੂੰ ਕਿਉਂ ਇਹ ਪਾਪ
ਕਮਾਉਣਾ ਚਾਹੁੰਦੀ ਹੈਂ
ਬੱਚੇ ਤੇ ਰੱਬੀ ਦਾਤ ਹੁੰਦੇ ਨੇ
ਮਾਂ ਤੂੰ ਇਹ ਪਾਪ ਨਾਂ ਕਰੀਂ
ਮਾਂ ਮੈਂ ਤਰਲੇ ਲੈ ਰਹੀ ਹਾਂ
ਤੇਰੀ ਅਣਜੰਮੀ
ਧੀ ਦੀ ਪੁਕਾਰ ਹੈ ਇਹ
ਮੈਨੂੰ ਕੁੱਖ ਵਿੱਚ ਨਾਂ ਮਾਰੀਂ
ਇਹ ਦੁਨੀਆਂ ਦੇਖਣ ਦੇਈਂ

- ਰਮਿੰਦਰ ਰਮੀ

ਹਾਲਾਤ

ਦਿਨ ਪੁਰ ਦਿਨ ਹਾਲਾਤ, ਬਿਗੜਦੇ ਜਾਂਦੇ ਨੇ
ਸੋਚਾਂ ਵਿਚ ਦਿਨ ਰਾਤ, ਬਿਗੜਦੇ ਜਾਂਦੇ ਨੇ

ਹਸਪਤਾਲੀਂ ਚੀਕ ਚਿਹਾੜੇ
ਜ਼ਿੰਦਗੀ ਮੌਤ ਦੇ ਕੱਢਦੀ ਹਾੜੇ
ਕਾਬੂ ਨਹੀਂ ਜ਼ਜ਼ਬਾਤ, ਬਿਗੜਦੇ ਜਾਂਦੇ ਨੇ

ਗੋਡੇ ਟੇਕੇ ਧਾਕੜ ਦੇਸ਼ਾਂ
ਹਾਹਾਕਾਰ ਹੈ ਵਿਚ ਪਰਦੇਸਾਂ
ਮਿਲਦੀ ਨਹੀਂ ਨਿਜ਼ਾਤ, ਬਿਗੜਦੇ ਜਾਂਦੇ ਨੇ

ਮੌਤ ਦਾ ਤਾਂਡਵ ਸਿਰ ਤੇ ਨੱਚੇ
ਸਾਇੰਸ ਖੜ੍ਹੀ ਇਕ ਪਾਸੇ ਤੱਕੇ
ਨਾਸਾ ਨੂੰ ਪਈ ਮਾਤ , ਬਿਗੜਦੇ ਜਾਂਦੇ ਨੇ

ਕੁਦਰਤ ਦੇ ਸੰਗ ਖੇਡੀਆਂ ਖੇਡਾਂ
ਬੰਦੇ ਦੀ ਬਲੀ ਬੱਕਰੀ ਭੇਡਾਂ
ਫਿਕਰਾਂ ਵਿਚ ਕਾਇਨਾਤ, ਬਿਗੜਦੇ ਜਾਂਦੇ ਨੇ

ਚਾਰ ਚੁਫੇਰਿਓ ਬੁਰੀਆਂ ਖ਼ਬਰਾਂ
ਜੱਗ ਜਿਉਂਦੇ ਜੀਅ ਬਣਿਆਂ ਕਬਰਾਂ
ਕਰੀਏ ਕੀ ਗੱਲਬਾਤ, ਬਿਗੜਦੇ ਜਾਂਦੇ ਨੇ

ਜ਼ਿੰਦਗੀ ਡਰਕੇ ਅੰਦਰ ਵੜ ਗਈ
ਲੱਗਦਾ ਸੂਈ ਸਮੇਂ ਦੀ ਖੜ੍ਹ ਗਈ
ਮੌਤ ਨੇ ਲਾਈ ਘਾਤ, , ਬਿਗੜਦੇ ਜਾਂਦੇ ਨੇ

ਕੀ ਹੋਇਆ ਕੀ ਹੋਣਾ ਅੱਗੇ
'ਚੁੰਬਰਾ' ਕੋਈ ਵੀ ਭੇਦ ਨਾ ਲੱਗੇ
ਹੁੰਦਾ ਨਹੀਂ ਬਿਖਿਆਤ, ਬਿਗੜਦੇ ਜਾਂਦੇ ਨੇ

ਮੁਸ਼ਕਿਲ ਦੀਆਂ ਘੜੀਆਂ

ਹਾਹਾਕਾਰ ਚੁਫ਼ੇਰੇ ਮੱਚ ਗਈ, ਖੰਭ ਲਾ ਰੌਣਕ ਕਿਧਰੇ ਨੱਸ ਗਈ
ਜਿਧਰ ਦੇਖਾਂ ਦਿਸਦੀਆਂ ਰੱਬਾ, ਦੁੱਖ ਗਮਾਂ ਦੀ ਝੜੀਆਂ
ਮਾਲਕਾ ਮੇਹਰ ਕਰੀਂ, ਇਹ ਮੁਸ਼ਕਿਲ ਦੀਆਂ ਘੜ੍ਹੀਆਂ

ਮਹਾਂਮਾਰੀ ਦਾ ਰੂਪ ਧਾਰ ਗਿਆ ਵਾਇਰਸ ਇਹੋ ਕਰੋਨਾ
ਕੁੱਲ ਦੁਨੀਆਂ ਵਿਚ ਫੈਲਕੇ ਇਸ ਨੇ ਮੱਲਿਆ ਕੋਨਾ ਕੋਨਾ
ਕਹਿੰਦੀਆਂ ਅਤੇ ਕਹਾਉਂਦੀਆਂ ਕਿਤਾਂ, ਇਸਦੇ ਹੜ੍ਹ ਵਿਚ ਹੜ੍ਹੀਆਂ
ਮਾਲਕਾ ਮੇਹਰ ਕਰੀਂ . . . . . .

ਤੂੰ ਏ ਜੱਗ ਦਾ ਪਾਲਣਹਾਰਾ ਬਖਸ਼ ਗੁਨਾਹ ਦੇ ਸਾਰੇ
ਕੁੱਲ ਦੀਆਂ ਦੇ ਸਾਇੰਸਦਾਨ ਵੀ ਇਸਦੇ ਮੁਹਰੇ ਹਾਰੇ
ਕੁੱਲ ਆਲਮ ਦੀਆਂ ਇਹ ਚੰਦਰਾ, ਕਰਵਾ ਗਿਆ ਬਾਹਾਂ ਖੜ੍ਹੀਆਂ
ਮਾਲਕਾ ਮੇਹਰ ਕਰੀਂ . . . . . .

ਚੁੱਪ ਪਸਰ ਗਈ ਚਾਰ ਚੁਫੇਰੇ ਨਾ ਕੋਈ ਆਉਂਦਾ ਲਾਂਦਾ
ਹਰ ਬੰਦਾ ਇਸ ਦੁੱਖ ਦੀ ਘੜੀ 'ਚ ਰੱਬ ਦਾ ਨਾਮ ਧਿਆਂਦਾ
ਵਾਹ ਪੇਸ਼ ਨਾ ਚੱਲਦੀ ਕੋਈ, ਲੱਗ ਗਈਆਂ ਹੱਥ ਕੜ੍ਹੀਆਂ
ਮਾਲਕਾ ਮੇਹਰ ਕਰੀਂ . . . . . .

ਰਹਿਮ ਲਈ ਅਰਦਾਸ ਕਰੇ ਦਰ 'ਚੁੰਬਰ' ਤੇਰੇ ਸਾਈਆਂ
ਬਖਸ਼ੋ ਜੀ ਤੁਸੀ ਬਖ਼ਸ਼ੋ ਦਾਤਾ ਹੋਈਆਂ ਬਹੁਤ ਤਬਾਹੀਆਂ
ਬੁਰੇ ਵਕਤ ਦੀਆਂ ਕਿਸੇ ਕੋਲੋਂ ਨਹੀਂ, ਜਾਂਦੀਆਂ ਨਬਜਾਂ ਫੜ੍ਹੀਆਂ
ਮਾਲਕਾ ਮੇਹਰ ਕਰੀਂ . .

- ਕੁਲਦੀਪ ਚੁੰਬਰ
ਸ਼ਾਮਚੁਰਾਸੀ
91- 98151-37254

ਕਿਤੇ ਨਹੀਂ ਗਈ ਬਿਮਾਰੀ

ਕਿਤੇ ਨਹੀਂ ਗਈ ਬਿਮਾਰੀ, ਆਈ ਹੈ ਟੱਪ ਕੇ ਨਦੀਆਂ ਨਾਲ਼ੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ।

ਚੱਕਰ ਹੈ ਸਾਰਾ ਖਜ਼ਾਨੇ ਦਾ, ਸਭ ਕੁਝ ਹੀ ਖੋਲ੍ਹੀ ਜਾਂਦੇ
ਬਚਣਾ ਤਾਂ ਘਰ ਹੀ ਬੈਠੋ, ਇਹ ਵੀ ਹਾਕਮ ਬੋਲੀ ਜਾਂਦੇ
ਕਈ ਕੁਝ ਹੀ ਸਮਝਾਉਣਗੇ, ਇਹ ਦਿਨ ਜੋ ਆਏ ਕਾਲ਼ੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਕੋਈ ਕਿਸੇ ਦਾ ਸਕਾ ਨਹੀਂ, ਨਾ ਕੋਈ ਅੰਦਰੋਂ ਹੈ ਦਰਦੀ
ਕੁਰਸੀ ਦਾ ਲਾਲਚ ਹੀ ਕਰਦੇ, ਦੁਨੀਆਂ ਦਿਨੋ ਦਿਨ ਮਰਦੀ
ਡਾਕਟਰ ਵੀ ਕਈ ਬਚੇ ਨਹੀਂ, ਕਈ ਘਰਾਂ ਵਿਚ ਲੱਗੇ ਜਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਕਿੱਥੋਂ ਕਿੱਥੇ ਹੈ ਪਹੁੰਚੀ ਕੋਰੋਨਾ, ਕੋਈ ਨਹੀਂ ਛੱਡਿਆ ਇਲਾਕਾ
ਖਤਰਾ ਅਜੇ ਵੀ ਪੂਰਾ ਹੈ, ਲਾ ਕੇ ਰੱਖੀਏ ਜੀ ਨਾਕਾ
ਬਹੁਤਾ ਭਿਆਨਕ ਸਮਾਂ ਹੈ, ਮੁਰਦੇ ਨਾ ਜਾਣ ਸੰਭਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਘਰਾਂ ਵਿਚੋਂ ਨਿਕਲ ਤੁਰੇ ਲੋਕੀ, ਇਕੱਠੇ ਖੜ੍ਹਨੇ ਠੀਕ ਨਹੀਂ
ਬਚਾਓ ਦੇ ਵਿਚ ਬਚਾਓ ਹੈ, ਮੁਜ਼ਾਹਰੇ ਵੀ ਕਰਨੇ ਠੀਕ ਨਹੀਂ
ਕਿੱਦਾਂ ਮਿਲਣਗੀਆਂ ਵੋਟਾਂ, ਜੇ ਗੱਲਾਂ ਨਾਲ ਮਸਲੇ ਟਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

ਮੌਤਾਂ ਦੀ ਗਿਣਤੀ ਘਟਦੀ ਨਹੀਂ, ਖ਼ਬਰਾਂ ਦੱਸਦੀਆਂ ਸ਼ਾਮ ਸਵੇਰੇ
ਆਪਣਾ ਆਪ ਹੀ ਸੰਭਾਲੀਏ, ਹੁਣ ਵੱਸ ਹੈ ਤੇਰੇ ਮੇਰੇ
ਅਜੀਤ ਸਿੰਘ ਸਮਝ ਲਈਏ, ਖੋਲ੍ਹ ਕੇ ਅਕਲ ਦੇ ਤਾਲੇ
ਅਜੇ ਬਾਹਰ ਹੀ ਬੈਠਾ ਕੋਰੋਨਾ, ਕੋਰੋਨਾ ਹੈ ਆਲੇ ਦੁਆਲੇ...

- ਅਜੀਤ ਸਿੰਘ ਬਾਹੀਆ
510-314-2859

ਵਕਤ

ਅਜੇ ਵਕਤ ਹੈ ਆਉਣਾ ਸਾਡਾ,ਭਾਵੇਂ ਗਲੇ ਜੰਜੀਰਾਂ ਨੇ।
ਸਮਝਣ ਜਿਸਨੂੰ ਵਿੱਚ ਫਰੇਮਾਂ,ਬੋਲ ਪੈਣਾਂ ਤਸਵੀਰਾਂ ਨੇ।
ਬੁੱਬਿਆਂ ਦੇ ਨਾਲ ਪਾਟੇ ਹੋਏ ਪੈਰ ਅਸਾਂ ਦੇ ਦੱਸਦੇ ਨੇ,
ਮਿਹਨਤ ਦੀ ਭੱਠੀ ਵਿੱਚ ਤਪਕੇ ਬਦਲ ਜਾਣਾ ਤਕਦੀਰਾਂ ਨੇ।
ਤੀਬਰ ਤਾਂਘ ਦਿਲਾਂ ਵਿੱਚ ਰੱਖਕੇ ਤੁਰ ਪਏ ਹਾਂ ਅਸੀਂ ਮੰਜ਼ਿਲ ਦੀ,
ਟੀਸੀ ਉੱਤੇ ਪਹੁੰਚਣ ਦੀਆਂ ਸੋਚ ਲਈਆਂ ਤਦਬੀਰਾਂ ਨੇ।
ਲਾਟਾਂ ਬਣਕੇ ਮੱਚਣਾ ਇੱਕ ਦਿਨ ਭੁੱਬਲ ਚੋਂ ਅਗਿਆਰਾਂ ਨੇ,
ਮੁਸ਼ੱਕਤ ਦੇ ਨਾਲ ਸਿੱਧੀਆ ਹੋਣਾ ਮੱਥੇ ਦੀਆਂ ਲਕੀਰਾਂ ਨੇ।
ਡੋਲੇ ਟੱਡੇ ਰਹਿ ਜਾਣੇ ਨੇ ਟਿੱਚਰਾਂ ਵਾਲੇ ਲੋਕਾਂ ਦੇ,
ਉੱਬਲ ਉੱਬਲ ਕੇ ਬਾਹਰ ਨੂੰ ਆਉਣਾ ਕਾਜ਼ੂ ਵਾਲੀਆਂ ਖੀਰਾਂ ਨੇ।
ਅੱਖਾਂ ਖੋਲ ਕੇ ਵੇਖੀ ਜਾਈਏ ਰੰਗ ਤਮਾਸ਼ੇ ਦੁਨੀਆਂ ਦੇ,
ਆਖਰ ਇੱਕ ਦਿਨ ਚੱਲ ਹੀ ਜਾਣਾ ਖੁੰਢੀਆਂ ਜੋ ਸਮਸ਼ੀਰਾਂ ਨੇ।
ਉੱਗਣ ਵਾਲੇ ਨਿੱਖਰ ਆਉਂਦੇ ਖੇਹਾਂ ਦੀਆਂ ਪਰਤਾਂ ਚੋਂ,
ਇੱਕ ਦਿਨ ਚੁਲਬੁਲ ਚੁਲਬੁਲ ਕਰਨਾਂ ਚਸ਼ਮੇਂ ਦੀਆਂ ਧਤੀਰਾਂ ਨੇ।
ਮਾਰੇ ਜਾਂਦੇ ਠੁੱਡ ਅਜੇ ਐ ਸਮਝ ਕੇ ਜਿਹੜੀ ਰੱਦੀ ਨੂੰ,
ਸੰਧੂ ਮਹਿੰਗੇ ਭਾਅ ਹੋ ਜਾਣਾ ਖੁੱਸੜ ਹੋਈਆਂ ਲੀਰਾਂ ਨੇ।

- ਸ਼ਿਨਾਗ ਸਿੰਘ ਸੰਧੂ
91-97816-93300

ਸੁੰਨਾ ਪੰਜਾਬ, ਸਾਂਤ ਸਰੋਤੇ-ਚੁੱਪ ਦਰਸ਼ਕ ਤੇ ਪ੍ਰੇਸ਼ਾਨ ਮਨੋਰੰਜਨ ਦੀਆਂ ਗਲੀਆਂ-ਮੁਹਲੇ -

ਅੰਮ੍ਰਿਤ ਪਵਾਰ



ਤਕਰੀਬਨ ਦੋ ਮਹੀਨੇ ਦਾ ਸਖ਼ਤ ਕਰਫਿਊ ਪੰਜਾਜ ਚੋਂ ਮੁੱਕ ਚੁੱਕਾ ਹੈ ਤੇ ਇਹ ਦੋ ਮਹੀਨੇ ਗਰਮੀ 'ਚ ਵੀ ਸੁੰਗੜ ਗਈ ਮਨੋਰੰਜਨ ਇੰਡਸਟਰੀ ਤੇ ਹੁਣ ਜਦ ਸਿਰਫ਼ ਰਾਤ ਦਾ ਕਰਫਿਊ ਹੈ ਤੇ ਦਿਨ ਦਾ ਲਾਕਡਾਊਨ ਹੈ ਤਾਂ ਵੀ ਪੰਜਾਬ ਦੀਆਂ ਸੁੰਨ ਪਈਆਂ ਸੜਕਾਂ ਦੇਖ ਪੰਜਾਬੀ ਫਿਲਮ ਵਿਤਰਕ ਮੁਨੀਸ਼ ਸਾਹਨੀ ਆਖਦੇ ਹਨ 2020 'ਚ ਫਿਲਮਾਂ ਲੱਗਣੀਆਂ ਭੁੱਲ ਹੀ ਜਾਉ ਜੇ ਲੱਗ ਗਈਆਂ ਤਾਂ ਹਾਲ-ਫ਼ਕੀਰਾਂਵਾਲਾ ਹੋਊ ।

ਦੁਕਾਨਾਂ ਖੁੱਲੀਆਂ ਨੇ ਪਰ ਗ੍ਰਾਹਕ ਨਹੀਂ ਤਾਂ ਫਿਰ ਕੌਣ ਸੁਣੇਗਾ ਇਸ ਡਰਾਉਣੇ ਮਹੌਲ 'ਚ ਗਾਇਕਾਂ ਦੇ ਬੀਟ ਗਾਣੇ ਸੁਖਵਿੰਦਰ ਸੁੱਖੀ ਗਾਇਕ ਦਾ ਵਿਚਾਰ ਹੈ । ਜਿੱਥੇ ਬੱਸ ਨੂੰ ਮੁਸ਼ਕਿਲ ਨਾਲ 25 ਸਵਾਰੀਆਂ ਨਹੀਂ ਮਿਲ ਰਹੀਆਂ ਉਥੇ ਜਗਰਾਤੇ ਹੋਣੇ ਨਹੀਂ ਤੇ ਬਹੁਤੇ ਕਲਾਕਾਰ ਜੋ ਜਗਰਾਤਿਆਂ ਤੇ ਨਿਰਭਰ ਸਨ ਪ੍ਰੇਸ਼ਾਨ ਨੇ ਰਜਨੀ ਜੈਨ ਆਰੀਆ ਗਾਇਕਾ ਕਹਿ ਰਹੀ ਹੈ।

ਮਾਸਕ, ਸੈਨੇਟਾਈਜਰ 'ਚ ਉਲਝਿਆ ਮਨੁੱਖ ਡਰਦਾ ਗੁਰੂ ਘਰ-ਮੰਦਿਰ ਨਹੀਂ ਜਾ ਰਹਿਆ ਤਾਂ ਮੈਰਿਜ ਪੈਲੇਸ ਤਾਲੇ ਲੱਗੇ ਨੇ ਫਿਰ ਡੀ.ਜੇ. ਕਿੱਥੋਂ ਲੱਗੇਗਾ ਪੰਜਾਬੀ ਸੂਰਮੇ ਗਰੁੱਪ ਦਾ ਪ੍ਰਬੰਧਕ ਸੋਨੂੰ-ਗੁਰਵਿੰਦਰ ਮੱਲ੍ਹੀ ਆਖ ਰਹੇ ਹਨ । ਜਦ ਮਰਨ ਤੇ 20 ਬੰਦੇ ਵਿਆਹ ਤੇ 50 ਤਦ ਗਾਣੇ ਸੁਣਨ ਵੱਲ ਕੀਹਦਾ ਧਿਆਨ ਹੋਊ, ਪੰਜਾਬ ਦੇ ਸੈਂਕੜੇ ਹਰ ਸਾਲ ਵਾਲੇ ਪੀਰਾਂ ਦੀ ਯਾਦ 'ਚ ਸੱਭਿਆਚਾਰਕ ਡੀ.ਜੇ. ਭੰਗੜਾ ਗਿੱਧਾ-ਗਾਇਕੀ ਸਭ ਕਰੋਨਾ ਖਾ ਗਿਆ ।

ਮਾਝੇ ਦਾ ਅਮਰੀਕ ਚਮਕੀਲਾ-ਮਨਜੀਤ ਸੋਨੀਆ, ਵਿਰਸੇ ਦੇ ਵਾਰਿਸ ਮਨਮੋਹਨ ਵਾਰਿਸ-ਕਮਲ ਹੀਰ, ਫਿਲਮਾਂ ਦੇ ਕਰਮਜੀਤ ਅਨਮੋਲ, ਉਪਾਸਨਾ ਸਿੰਘ ਸਭ ਪੰਜਾਬੀਆਂ ਦੇ ਚਿਹਰੇ, ਪੰਜਾਬ ਦੀ ਡਰੀ ਪਈ ਧਰਤੀ ਦੇਖ ਹਉਂਕਾ ਭਰ ਇਹੀ ਕਹਿ ਰਹੇ ਹਨ ਕਿ ਕਰੋਨਾ ਦਾ ਖੌਫ ਜਦ ਤੱਕ ਨਹੀਂ ਜਾਂਦਾ ਤਦ ਤੱਕ ਮਨੋਰੰਜਨ ਦੀ ਦੁਨੀਆਂ ਐਨੀ ਘਾਟੇ 'ਚ ਚਲੀ ਜਾਏਗੀ ਕਿ ਕੋਮਾ 'ਚ ਗਈ ਇਸ ਦੁਨੀਆਂ ਨੂੰ ਸਾਹ ਆਏਗਾ ਜਾਂ ਭਸਮ ਹੋ ਜਾਏਗੀ । ਸੁਣ ਕੇ ਹੀ ਮਨ ਕੰਬ ਉੱਠ ਰਿਹਾ ਹੈ।

ਕਹਿਣ ਸਿਤਾਰੇ-ਕਰੋਨੇ ਨੇ ਬੁਰੀ ਤਰਾਂ ਮਾਰੇ ਅਵੇਰਨੈਸ ਆਫ਼ ਕਰੋਨਾ - ਪੰਮਾ ਮੰਲ੍ਹੀ

ਕਰੋਨਾ ਤੇ ਸਭ ਤੋਂ ਪਹਿਲਾਂ ਗੀਤ ਗਾ ਕਿ ਪੰਮਾ ਮੱਲ੍ਹੀ ਨੇ ਕੈਪਟਨ ਅਮਰਿੰਦਰ ਸਿੰਘ ਸੀ.ਐਮ. ਪੰਜਾਬ ਤੋਂ ਸਾਬਾਸ਼ ਲਈ ਤੇ ਕੈਪਟਨ ਹੋਰਾਂ ਆਪ ਪੰਜਾਬ ਪੁਲਿਸ ਦੇ ਗਵੱਈਆ ਮੁਲਾਇਜ਼ ਦਾ ਇਹ ਗੀਤ ਆਪਣੇ ਅਕਾਉਂਟ ਤੋਂ ਸ਼ੇਅਰ ਕੀਤਾ।

ਪੰਮਾ ਮੱਲ੍ਹੀ ਨੇ ਗੀਤਕਾਰ ਪ੍ਰਤਾਪ ਪਾਰਸ, ਸੰਗੀਤਕਾਰ ਬੀ ਬੋਈ ਤੇ ਕਪੂਰਥਲਾ ਦੇ ਐਸ.ਐਸ.ਪੀ. ਸਤਿੰਦਰ ਸਿੰਘ ਦੇ ਸਹਿਯੋਗ ਦੀ ਖਾਸ ਗੱਲ ਕੀਤੀ ਤੇ ਕਿਹਾ ਕਿ ਪੰਜਾਬ ਪੁਲਿਸ 'ਕਰੋਨਾ' ਤੋਂ ਬਚਾਅ ਲਈ ਪੰਜਾਬੀਆਂ ਵਾਸਤੇ 24 ਘੰਟੇ ਜਾਨ ਖਤਰੇ 'ਚ ਪਾ ਤਿਆਰ ਹੈ।

ਰੱਬ ਤੋਂ ਡਰ ਸੱਜਣਾ - ਜੀਤ ਵਿਰਕ

ਸਬ ਟੀ.ਵੀ. ਦੇ ਸੀਰੀਅਲ 'ਚਿੜੀਆ ਘਰ' ਵਾਲੀ ਜੀਤ ਵਿਰਕ ਪਹਿਲਾਂ ਦੂਰਦਰਸ਼ਨ ਜਲੰਧਰ ਦੀ ਮਸ਼ਹੂਰ ਕਲਾਕਾਰ ਸੀ । ਹੁਣ ਮੁੰਬਈ ਰਹਿ ਰਹੀ ਜੀਤ ਵਿਰਕ ਨੇ ਕਿਹਾ ਕਿ 'ਕਰੋਨਾ' ਰੱਬ ਦਾ ਮਨੁੱਖ ਨੂੰ ਇਹ ਸੰਕੇਤ ਹੈ ਕਿ ਅੰਨੇਵਾਹ ਦਰੱਖਤ ਕਟਾਈ, ਨਾੜ-ਪਰਾਲੀ-ਫੈਕਟਰੀਆਂ ਦੇ ਧੂੰਏ ਨਾਲ ਫਿਜ਼ਾਂ 'ਚ ਜ਼ਹਿਰ ਨੇ ਜਾਨਵਰ ਬੇਜ਼ੁਬਾਨੇ ਮਾਰੇ ਹਨ । ਹੁਣ ਹੀ ਮਨੁੱਖ ਸਬਕ ਲਏ ।

ਪਾਲੀਵੁੱਡ ਮਿੱਟੀ ਕਰ ਦਿੱਤੀ - ਸੰਦੀਪ ਸਿੰਘ

ਇਸ ਅਦਿੱਖ ਬਿਮਾਰੀ ਨੇ ਪੰਜਾਬੀ ਫਿਲਮਾਂ ਦਾ ਲੱਕ ਤੋੜ ਦਿੱਤਾ ਹੈ । ਕਦ ਸਿਨੇਮੇ ਚਲਣਗੇ । ਕਦ ਸਮਾਜਿਕ ਦੂਰੀ ਹਟੇਗੀ ਤੇ ਥੋੜ੍ਹੇ ਯੂਨਿਟ ਨਾਲ ਫਿਲਮ ਜਿਹਾ ਵਿਸ਼ਾਲ ਕੰਮ ਹੋਣ ਨਾ-ਮੁਮਕਿਨ ਹੈ । ਚਾਰ ਫਿਲਮਾਂ ਸੈਟ ਤੇ ਜਾਣ ਹੀ ਵਾਲੀਆਂ ਸਨ ਕਿ ਕੁਦਰਤ ਨੇ ਕਰੋਨਾ ਦੀ ਹਨੇਰੀ ਲਿਆ ਕਿ ਸਭ ਮਿੱਟੀ ਕਰ ਦਿੱਤੀ । ਹੁਣ ਉਹ ਹੱਲ ਕੱਢੇਗਾ ।

ਤਰਸ ਗਏ ਪਕਵਾਨਾਂ ਨੂੰ - ਕਵਿਤਾ ਕੌਸ਼ਿਕ

'ਵੇਖ ਬਰਾਤਾਂ ਚਲੀਆਂ' 'ਮਿੰਦੋ ਤਹਿਸੀਲਦਾਰਨੀ' ਵਾਲੀ ਹੀਰੋਇਨ ਕਵਿਤ ਕੌਸਿਕ ਅਨੁਸਾਰ ਕਰੋਨਾ ਨੇ ਦੋ ਮਹੀਨੇ ਪਾਣੀ ਪੂਰੀ-ਚਾਟ-ਗੋਲ ਗ

ਸ਼ਹੀਦਾਂ ਦੇ ਸਿਰਤਾਜ, ਪੰਜਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ

ਮੱਖਣ ਸਿੰਘ ਬੈਂਸ

ਗਿਆਨੀ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com